ਨਿਰੀਖਿਅਕ NARIKHIAK

ਸਿੱਖ ਪ੍ਰੰਪਰਾ ਅੰਕ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਨ ਨਗਰ-ਕੀਰਤਨ ਨੂੰ ਅਸ਼ੀਰਵਾਦ ਦੇਂਦੇ ਸਮੇਂ

Sri Satguru Jagjit Singh Ji Elibrary NamdhariElibrary@gmail.com

With best compliments from :

Phone : 51510

Harbhajan Sarbjeet & Associates

Engineers and Contractors :

H. O. : 551 GHA/5, Rama Street, Alam Bagh,
L U C K N O W-226 005

Gram : NAMDHARI *Phone* : 3587

Administrative Office :
306—N—I—SECTOR—C
CIDCO, New Aurangabad—431 003.

Major WorKs Completed :

1) Construction of Earth work, bridges, Deep rock cutting and Tunnels of third ghat line in between Kasara-Igatpuri and Karjat-Lonavla sections of Central Railway-Bombay.
Costing Rs. 2.84 Crores

2) Construction of Earth work in Deep rock cutting for foundations of Thermal Power Station of Rajasthan State Electricity Board, Kota. (Rajasthan) Costing Rs. 1.76 Crores

3) Construction of Paithan Right Bank Canal and C.D. works of Jayakwadi Project Aurangabad. (Maharashtra)
Costing Rs. 4.10 Crores

Major Works in Hand :

1) Construction of barrage across Godavari river and R.C.C. Pump House at Vishnupuri Project, Nanded (Maharashtra)
Costing Rs. 12.65 Crores

2) Construction of 2 5 km long Waranga Tunnel and Isapur Right Bank Canal of Upper Penganga Project. Nanded (Maharashtra)
Cosing Rs. 3.47 Crores

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਨਿਰੀਖਿਅਕ

ਮਾਰਚ, 1983 ਅੰਕ : ਪਹਿਲਾ ਜਿਲਦ : 6

ਸੰਪਾਦਕ :
ਦਲੀਪ ਸਿੰਘ ਨਾਮਧਾਰੀ

ਸਹਾਇਕ :
ਅਜੀਤ ਸਿੰਘ
ਸੁਖਵਿੰਦਰ ਸਿੰਘ

ਪ੍ਰਕਾਸ਼ਕ :
ਨਾਮਧਾਰੀ ਵਿਦਿਅਕ ਜੱਥਾ
ਲੁਧਿਆਣਾ

ਪਤਾ :
ਈ-25, ਫੋਕਲ ਪੁਆਇੰਟ
ਲੁਧਿਆਣਾ-141010
E-25, Focal point
Ludhiana-141010

ਕੀਮਤ ਫੀ ਕਾਪੀ
ਪੰਜ ਰੁਪੈ

1. ਸਿੱਖ ਪ੍ਰੰਪਰਾ ਅਨੁਸਾਰ ਅਨੁਸਾਰ ਹਵਨ- ਮਰਿਯਾਦਾ — ਮਾ: ਨਿਹਾਲ ਸਿੰਘ ਜੀ 1
2. ਦੇਹਧਾਰੀ ਸਤਿਗੁਰੂ ਦੀ ਹੋਂਦ ਸਬੰਧੀ ਕੁਝ ਸਿਧਾਂਤਕ ਅਤੇ ਵਿਵਹਾਰਕ ਤੱਥ — ਮਾ: ਅਜੀਤ ਸਿੰਘ ਜੀ 5
3. ਸਿਖੀ ਆਚਰਣ — ਸ੍ਰ: ਸਾਧੂ ਸਿੰਘ ਜੀ ਕਿਸਾਨ 11
4. ਸਿਖ ਪ੍ਰੰਪਰਾ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ — ਡਾ. ਕਾਲਾ ਸਿੰਘ ਬੇਦੀ (M. A. Phd.) 13
5. ਸਿੱਖ ਸਤਿਗੁਰੂਆਂ ਦੀ ਸਦਭਾਵਨਾ — ਸ੍ਰੀ ਮਹਾਰਾਜ ਬੀਰ ਸਿੰਘ ਜੀ 17
6. ਰੁਬਾਈ — ਸ੍ਰ: ਸੁਖਵਿੰਦਰ ਸਿੰਘ ਜੀ 25
7. ਸਿਖ ਪ੍ਰੰਪਰਾ ਅਨੁਸਾਰ ਸਾਡਾ ਪਹਿਰਾਵਾ — ਸ੍ਰ: ਦਲੀਪ ਸਿੰਘ ਜੀ ਨਾਮਧਾਰੀ 26
8. ਸਿੱਖ ਪ੍ਰੰਪਰਾ ਵਿਚ ਗਊ ਦੀ ਮਹਾਨਤਾ — ਸ੍ਰ: ਆਤਮਾ ਸਿੰਘ ਜੀ ਸਨਖਤਵੀ 31
9. ਮਹਾਨ ਨਗਰ ਕੀਰਤਨ — ਸ੍ਰ: ਦਲੀਪ ਸਿੰਘ ਜੀ ਨਾਮਧਾਰੀ 38
10. ਸੰਗਤ ਸੰਦੇਸ਼ — ਸ੍ਰ: ਨਿਰੰਜਨ ਸਿੰਘ ਜਗੋਤੀ 41
11. ਜਿਤੁ ਖਾਧੈ ਤਨਿ ਪੀੜੀਐ — ਸ੍ਰ: ਜੇ. ਪੀ. ਸੰਗਤ ਸਿੰਘ 43
12. ਰਮਜ਼ ਅਗੰਮੀ, ਤੇਰੀ ਭੇਟ — ਸ੍ਰ: ਬਲਵੰਤ ਸਿੰਘ 'ਨੂਰ' 50
13. ਗੁਰਬਾਣੀ — ਗਿਆਨੀ ਮਿਹਰ ਸਿੰਘ ਜੀ 51
14. गुरु राम सिंह और क्रांतिकारी आन्दोलन — ਸ੍ਰ: ਹਰਵਿੰਦਰ ਸਿੰਘ ਜੀ ਹੰਸਪਾਲ (M. P.) 55
15. ਸਿੱਖ ਪ੍ਰੰਪਰਾ ਤੇ ਅਸੀਂ — ਮਾ: ਅਜੀਤ ਸਿੰਘ ਚੀਮਾ 59
16 The Vigorous Prohibitionists — ਸ੍ਰ: ਸਵਰਨ ਸਿੰਘ ਸਨੇਹੀ 63
17. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੱਕਰੇ ਝਟਕਾਏ ਕਿ ਸਿੱਖ — ਸ੍ਰ: ਜੋਗਿੰਦਰ ਸਿੰਘ ਕੰਗ 68
18. ਸਤਿਗੁਰੂ ਰਾਮ ਸਿੰਘ — ਸ੍ਰ: ਨਿਰੰਜਨ ਸਿੰਘ ਜਗੋਤੀ 72
19. ਸਿਮਰਨ ਤੇ ਇਸਦਾ ਸਮਾਂ — ਸ੍ਰ: ਸਵਰਨ ਸਿੰਘ ਸਨੇਹੀ 73
20. ਇਕ ਅਪੀਲ ਨਾਮਧਾਰੀ ਨੌਜਵਾਨਾਂ ਪ੍ਰਤੀ — ਸ੍ਰ: ਅਜੀਤ ਸਿੰਘ 79

ਨੋਟ—ਸੰਪਾਦਕ ਦਾ ਲੇਖਕ ਦੇ ਹਰ ਵਿਚਾਰ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

Sri Satguru Jagjit Singh Ji Elibrary NamdhariElibrary@gmail.com

Statement about the ownership and other particulars about newspaper (NARIKHIAK) to be Published in the first issue every year after last day of March.

Form IV

SEE RULE 8

1.	Place of Publication	— E-25 Focal Point Ludhiana
2.	Periodicity of Publication	— Half Yearly
3.	Printer's Name	— Dalip Singh
	Nationality	— Indian
	Address	— E-25 Focal point Ludhiana
4.	Publisher's Name	— Dalip Singh
	Nationality	— Indian
	Address	— As Above.
5.	Editor's Name	— Dalip Singh
	Nationality	— Indian
	Address	— E-25 Focal Point Ludhiana
6.	Names and Addresses of individuals who own the newspaper and partners or shareholders holding more than one per cent of the total capital.	— Dalip Singh, E-25 Focal Point Ludhiana

I, Dalip Singh hereby declare that the particulars given above are true to the best of my knowledge and belief.

Signature of Publisher

Sd/- Dalip Singh

Sri Satguru Jagjit Singh Ji Elibrary NamdhariElibrary@gmail.com

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।



RAJPAL

The Leading Name in Construction Machineries



Phones Fact 501973 Off 529033 Resi 505454

BALWANT SINGH & SONS

Factory :
A-2/3 Maya Puri Phase-2,
Opp C-70, NEW DELHI-110064

Office
4E-11, Jhandewalan Ext.
NEW DELHI-110055

Sri Satguru Jagjit Singh Ji Elibrary NamdhariElibrary@gmail.com

੧ੳ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

RAJPAL

The Leading Name in Construction Machineries

Manufacturers of :

- Concrete Mixers of all sizes
- Vibrators of all types
- Tower Hoists

Lime Mortar Mills

- Steel Scrap Bailing Hydraulic Presses
- Spare Parts of all make Concrete Mixers



CONCRETE MIXER 10/7 CFT



LIME MORTER MILLS



HAND MIXER



7/5 CFT

Phones : Fact. 501973 Off : 529033 Resi : 505454

BALWANT SINGH & SONS

Factory :
A-2/3 Maya Puri Phase-2,
Opp. C-70, NEW DELHI-110064

Office :
4E-11, Jhandewalan Ext
NEW DELHI-110055

Sri Satguru Jagjit Singh Ji Elibrary NamdhariElibrary@gmail.com

ਸਿੱਖ ਪ੍ਰੰਪਰਾ ਅਨੁਸਾਰ

ਹਵਨ – ਮਰਿਯਾਦਾ

ਮਾ: ਨਿਹਾਲ ਸਿੰਘ ਜੀ
ਦਿੱਲੀ ।

ਵੂਠੈ ਘਾਹ ਚਰਹਿ ਨਿਤ ਸੁਰਹੀ
ਸਾਧਨ ਦਹੀ ਬਿਲੋਵੈ
ਤਿਤ ਘਿਅ ਹੋਮ ਜਗ ਸਦ ਪੂਜਾ
ਪਇਐ ਕਾਰਜ ਸੋਹੈ ।

(ਸ੍ਰੀ ਗੁਰੂ ਨਾਨਕ ਦੇਵ ਜੀ)

ਸਿਖ ਧਰਮ ਦਾ ਮੁਢ ਮੂਲ ਵੇਖਿਆ ਜਾਵੇ ਤਾਂ ਆਦਿ ਕਾਲ ਤੋਂ ਸਮਝਣਾ ਚਾਹੀਦਾ ਹੈ । ਭਾਰਤ ਵਰਸ਼ ਦੇ ਰਿਸ਼ੀ ਮੁਨੀਆਂ ਦੀ ਰਹੁ ਰੀਤੀ ਇਨਾਂ ਨਾਲ ਮੇਲ ਖਾਂਦੀ ਹੈ । ਉਹੋ ਪ੍ਰੰਪਰਾ, ਉਹੋ ਰਹਿਣੀ ਸਹਿਣੀ, ਉਹੋ ਰਹੁਰੀਤੀ ਪ੍ਰਧਾਨ ਹੈ । ਮਹਾਂ ਭਾਰਤ ਦੇ ਯੁੱਧ ਤੇ ਬਾਹਰਲੇ ਹਲਿਆਂ ਨੇ ਭਾਰਤੀਆਂ ਨੂੰ ਅਸਲੀਅਤ ਤੋਂ ਬਹੁਤ ਦੂਰ ਕਰ ਦਿਤਾ ਸੀ । ਕੇਵਲ ਰਸਮਾਂ ਤੀਕ ਰਹਿ ਗਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੇਂ ਅਨੁਸਾਰ ਉਸ ਨੂੰ ਨਵੇਂ ਸਾਂਚੇ ਵਿੱਚ ਢਾਲਣ ਦਾ ਪ੍ਰਉਪਕਾਰ ਕਰਕੇ ਦੇਸ਼ ਨੂੰ ਸਿੱਧੇ ਰਾਹ ਪਾਇਆ । ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਸ ਗਲ ਨੂੰ ਸਪਸ਼ਟ ਕਰ ਦਿਤਾ ਹੈ । ਸ੍ਰੀ ਗੁਰੂ ਜੀ ਦੇ ਅਵਤਾਰ ਦਾ ਕਾਰਨ ਦਸਦਿਆਂ ਆਪ ਲਿਖਦੇ ਹਨ:

ਪਾਲਨ ਹੇਤ ਸਨਾਤਨ ਨੇਤੇ
ਵੈਦਿਕ ਧਰਮ ਰਖਣ ਕੇ ਹੇਤੇ,
ਆਪ ਪ੍ਰਭੂ ਗੁਰੂ ਨਾਨਕ ਰੂਪੰ
ਪ੍ਰਗਟ ਭਏ ਜਗ ਮੇਂ ਸੁਖ ਭੂਪੰ ।

ਸਾਹਿਬ ਗੁਰੂ ਗੋਬਿੰਦ ਸਿੰਘ ਜਾਂ ਸਤਿਗੁਰੂ ਰਾਮ ਸਿੰਘ ਜੀ ਕੁਝ ਸੁਸ਼ੋਧਨ ਕਰਦਿਆਂ, ਉਨਾਂ ਲੀਹਾਂ ਨੂੰ ਕਾਇਮ ਰਖਿਆ ।

ਇਸ ਗਲ ਤੋਂ ਕੌਣ ਇਨਕਾਰ ਕਰ ਸਕਦਾ ਹੈ, ਕਿ ਸਿਖੀ ਵਿੱਚ ਜਟਾ ਜੂਟ ਰਹਿਣਾ, ਗੁਰੂ ਧਾਰਨ ਕਾਰਨ, ਈਸ਼ਵਰ ਭਗਤੀ, ਪਵਿਤਰਤਾ, ਸਾਦਗੀ, ਸੁਚੱਜਤਾ, ਸਚਾਈ, ਜੀਅ ਦਇਆ ਪ੍ਰਧਾਨ ਹਨ । ਸਾਧੂ ਮਹਾਤਮਾਂ ਦਾ ਆਦਰ, ਵਡਿਆਂ ਦਾ ਸਤਿਕਾਰ, ਚਰਨਾਂ ਤੇ ਨਮਸਕਾਰ, ਅੰਮ੍ਰਿਤ ਵੇਲੇ ਦਾ ਜਾਗਣਾ ਹਵਨ ਆਦਿ । ਗੁਰਬਾਣੀ ਬਿਲਕੁਲ ਸਪਸ਼ਟ ਕਰਦੀ ਹੈ :

ੳ) ਕਰਿ ਇਸਨਾਨ ਸਿਮਰ ਪ੍ਰਭੂ ਅਪਨਾ
ਮਨ ਤਨੁ ਭਏ ਅਰੋਗਾ ।

ਤਥਾ

ਅ) ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ।
ਪੂਛਹੁ ਬ੍ਰਹਮੇ ਨਾਰਦੇ ਬੇਦ ਬਿਆਸੈ ਕੋਇ ।

ੲ) ਉਪਦੇਸ ਗੁਰੂ ਹਰਿ ਹਰਿ ਜਪ ਜਾਪੈ
ਸਭ ਕਿਲਵਿਖ ਪਾਪ ਦੋਖ ਲਹਿ ਜਾਵੈ
ਫਿਰ ਚੜੈ ਦਿਵਸ ਗੁਰਬਾਣੀ ਗਾਵੈ

ਸ) ਨਾਨਕ ਧੂੜਿ ਮੰਗੈ ਤਿਸ ਗੁਰਿ ਸਿਖ ਕੀ
ਜੁ ਆਪ ਜਪੈ ਅਵਰਾ ਨਾਮ ਜਪਾਵੈ ।

ਪਰ ਮੇਰਾ ਮਜ਼ਮੂਨ ਹਵਨ ਯਗ ਹੈ, ਜਿਸ ਬਾਰੇ ਸੰਖੇਪ ਤੌਰ ਤੇ ਇਉਂ ਕਹਿਆ ਜਾ ਸਕਦਾ ਹੈ ਕਿ ਭਾਵੇਂ ਕੋਈ ਮੰਨੇ ਭਾਵੇਂ ਨ ਮੰਨੇ, ਇਹ ਰਹੁ ਰੀਤੀ ਹਰ ਦੇਸ਼ ਤੇ ਹਰ ਕਾਲ ਵਿੱਚ ਕਾਇਮ ਰਹੀ ਹੈ ਤੇ ਰਹੇਗੀ । ਖੁਸ਼ਬੋਈ ਨੂੰ ਕਿਹੜਾ ਪ੍ਰਾਣੀ ਏ ਜਿਹੜਾ ਪਸੰਦ ਨਹੀਂ ਕਰਦਾ । ਅਗਰਬੱਤੀਆਂ ਜਾਂ ਧੂਪ ਧੁਖਾਣ ਨੂੰ ਕੌਣ ਪਸੰਦ ਨਹੀਂ ਕਰਦਾ । ਪ੍ਰੰਤੂ ਹਵਨ ਦੀ ਆਪਣੀ ਥਾਂ

Sri Satguru Jagjit Singh Ji Elibrary NamdhariElibrary@gmail.com

ਹੈ। ਇਹ ਇੱਕ ਐਸੀ ਮਰਯਾਦਾ ਹੈ ਜਿਸ ਨਾਲ ਮਨੁਖਾਂ ਤੇ ਦੇਵਤਿਆਂ ਦਾ ਸਨਬੰਧ ਕਾਇਮ ਰਹਿੰਦਾ ਹੈ। ਇਸੇ ਵਾਸਤੇ ਕੋਈ ਕਾਰਜ ਕਰਨਾ ਹੋਵੇ, ਸਭ ਤੋਂ ਪਹਿਲਾ ਹਵਨ ਕੀਤਾ ਜਾਂਦਾ ਰਹਿਆ ਹੈ।

ਸਤਿਜੁਗ ਵਿੱਚ ਰਾਜੇ ਬਲੀ ਨੇ ਇਕ ਮਹਾਨ ਹਵਨ ਯਗ ਕੀਤਾ ; ਤ੍ਰੇਤੇ ਵਿੱਚ ਮਰੀਚ ਆਦਿ ਰਾਕਸ਼ਾਂ ਨੂੰ ਨਾਸ਼ ਕਰਨ ਵਾਸਤੇ ਸ੍ਰੀ ਵਸਿਸ਼ਟ ਤੇ ਵਿਸ਼ਵਾ ਮਿੱਤਰ ਨੇ ਯਗ ਕੀਤੇ ਜਿਨਾਂ ਦੀ ਨਿਰਵਿਘਨਤਾ ਵਾਸਤੇ ਸ੍ਰੀਰਾਮ ਚੰਦਰ ਜੀ ਮਹਾਰਾਜ ਆਪ ਧਨੁਸ਼ਬਾਣ ਹੱਥਾਂ ਵਿਚ ਲੈ ਨਿਗ੍ਹਾਨੀ ਕੀਤੀ। ਦੁਆਪਰ ਵਿਚ ਭਗਵਾਨ ਕ੍ਰਿਸ਼ਨ ਨੇ ਪਾਂਡਵਾਂ ਪਾਸੋਂ ਅਨੇਕ ਹਵਨ ਯਗ ਕਰਾਏ। ਕਲਿਯੁਗ ਵਿੱਚ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ, ਮੁਗਲ ਜਰਵਾਣਿਆਂ ਤੋਂ ਛੁਟਕਾਰਾ ਕਰਾਉਣ, ਮੁਰਦਿਆਂ ਵਿੱਚ ਜਾਨ ਪਾਣ ਲਈ ਤੇ ਚਿੜੀਆਂ ਤੋਂ ਬਾਜ਼ਾਂ ਨੂੰ ਮਰਵਾਉਣ ਖਾਤਰ, ਨੈਣਾਂ ਦੇਵੀ ਤੇ ਉਸ ਸਮੇਂ ਕੋਈ ਸਵਾ ਲੱਖ ਰੁਪਏ ਦੀ ਸਮੱਗਰੀ ਨਾਲ ਹਵਨ ਯਗ ਕੀਤਾ। ਜਿਸਦਾ ਫਲ ਇਹ ਹੋਇਆ ਕਿ ਜਰਵਾਣਿਆਂ ਦੇ ਹੜਾਂ ਦੇ ਮੂੰਹ ਮੁੜ ਗਏ। ਉਨਾ ਨੂੰ ਨਾਨੀ ਚੇਤੇ ਕਰਾ ਦਿਤੀ। ਉਸ ਯਗ ਵਿੱਚ ਹਿੱਸਾ ਪਾਉਣ ਵਾਲੇ ਪੰਡਿਤ ਨੂੰ ਖੁਸ਼ੀਆਂ ਬਖਸ਼ੀਆਂ। ਹਵਨ ਸਬੰਧੀ ਗੁਰੂ ਜੀ ਦੇ ਖਿਆਲਾਂ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਉਂ ਉਲੀਕਿਆ ਹੈ :

ਯਹ ਤੋ ਧਰਮ ਹਮਾਰਾ ਸਾਰ।
ਕਰਤ ਰਹੇ ਨ੍ਰਿਪ ਮੁਨਿ ਅਵਤਾਰ।
ਸੋ ਤੋ ਹਮ ਭੀ ਕਰਨਾ ਚੇ ਹੈ।
ਜਾ ਤੇ ਸਭ ਸ੍ਰਿਸ਼ਟੀ ਸੁਖ ਪੈ ਹੈ।
ਇੱਕ ਤੋ ਹੈ ਦੁਰ ਭਿਖ ਅਤਿ ਭਾਰੀ।
ਹੈ ਪੜ ਰਹਿਉ ਨ ਬਰਸਤ ਬਾਰੀ।
ਦੂਸਰ ਭਾਰਤ ਵਰਸ਼ ਮਝਾਰੇ।
ਮਹਾਂ ਮਰੀ ਪੜ ਰਹੀ ਅਪਾਰੇ।
ਤ੍ਰਿਤੀਏ ਜੋ ਨਰ ਨਾਰੀ ਆਰਯ।
ਹੋਇ ਰਹੇ ਨਿਜ ਧਰਮੋਂ ਖਾਰਜ।
ਪਾਪ ਕੁਕਰਮਨ ਮੈਂ ਅਤਿ ਲਾਗੇ।
ਇਸੀ ਹੇਤ ਬਨ ਰਹੇ ਅਭਾਗੇ।
ਜਗ ਹੋਮ ਲੋ ਸੁਕ੍ਰਿਤ ਜੋ ਹੈ।
ਹਾਕਮ ਤੁਰਕ ਕਰਨ ਨਹੀਂ ਦੇਂ ਹੈ।

ਪਰ

ਹਮ ਜਬ ਹਵਨ ਜਗ ਕਰਵੈ ਹੈਂ।
ਖੁਸ਼ ਹੋ ਘਨ ਜਲ ਬਹੁ ਬਰਸੈ ਹੈਂ।
ਦੁਰਭਿਖ ਨਸੇ ਅੰਨ ਬਹੁ ਥੇਹੇ।
ਸੁਕ੍ਰਿਤ ਸਭ ਕਰਨੇ ਲਗ ਜੈ ਹੈ।
ਨਸੇ ਅਵਿਦਿਆ ਵਿਦਿਆ ਐ ਹੈ।
ਸੂਰ ਬੀਰਤਾ ਦ੍ਰਿੜ ਪ੍ਰਗਟੈ ਹੈਂ।
ਵਰਨ ਆਸ਼ਰਮੀ ਜਨ ਹੈ ਜੇਤੇ
ਕਾਇਰਤਾ ਕਰ ਪੂਰਨ ਤੇਤੇ
ਉਨੈ ਹਵਨ ਕੀ ਪਵਨ ਲਗੈ ਜਬ,
ਸ਼ੇਰ ਬਘਿਆੜਨ ਸੇ ਹਵੈ ਹੈ ਸਭ
ਸੂਰਬੀਰਤਾ ਉਨ ਮੈਂ ਜਗ ਹੈਂ
ਧਰਮ ਪੁਰਾਤਨ ਕਰਨੇ ਲਗ ਹੈਂ
ਬਾਲਕ ਭਾਗਵਾਨ ਪ੍ਰਗਟੈ ਹੈ
ਰੋਗ ਸੀਤਲਤਾ ਆ ਦਿਨਸੈ ਹੈ
ਉਤਮ ਗੁਣ ਸਤਿ ਆਦਕ ਜੋ ਹੈ
ਬਾਵਨ ਕਹੇ ਵੇਦ ਰਿਗ ਮੇ ਹੈ
ਸੋ ਅਵਸ਼ ਜਗ ਮੈ ਪ੍ਰਗਟੈ ਹੈ।
ਹੋਮ ਯਗ ਬਿਧਵਤ ਜਬ ਥੈ ਹੈਂ

ਮੈਂ ਤਾਂ ਇਹ ਕਹਿਣੋਂ ਵੀ ਸਕੋਚ ਨਹੀਂ ਕਰਾਂਗਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਇਨਾਂ ਆਪਣੀਆਂ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰਖਣ ਵਾਸਤੇ ਹੀ ਬਲੀਦਾਨ ਦਿਤੇ।

ਪੁਰਾਣੇ ਸਿੰਘ ਜੰਗਲਾਂ ਵਿੱਚ ਰਹਿੰਦੇ ; ਨੰਗ ਧੜੰਗ ਜੀਵਨ ਬਤੀਤ ਕਰਦੇ ਹਵਨ ਕੀਤਾ ਕਰਦੇ ਸਨ। ਗਿਆਨੀ ਗਿਆਨ ਸਿੰਘ ਜੀ ਬੜੇ ਪ੍ਰੇਮ ਨਾਲ

Sri Satguru Jagjit Singh Ji Elibrary NamdhariElibrary@gmail.com

ਵਰਨਣ ਕਰਦੇ ਹਨ।

ਕੀਰਤਨ, ਕਥਾ, ਪਾਠ, ਗੁਰੂ ਗਰੰਥ ਜੀ ਕੇ ਥਾਟ
ਜੋੜ ਮੇਲ ਠਾਟ, ਰਾਠ, ਕਾਠ ਮੇਲ ਠਾਨੀ ਥੇ
ਹੋਮ ਯਗ ਕਰਵਾਤੇ ਪ੍ਰਸਾਦ ਬਟਵਾਤੇ
ਰੋਣਕ ਰਖਾਤੇ, ਗਾਤੇ ਸ਼ਬਦ ਜ਼ਬਾਨੀ ਥੇ।

ਇਤਿਹਾਸ ਗਵਾਹ ਹੈ, ਕਿ ਸਮੂੰਹ ਗੁਰੂ ਸਾਹਿਬਾਨ ਦੇ ਸਵਾਏ (ਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਤੇ ਸਤਿਗੁਰੂ ਜਗਜੀਤ ਸਿੰਘ ਜੀ) ਜਿਨ੍ਹਾਂ ਦੇ ਅਨੰਦ ਸਤਿਗੁਰੂ ਰਾਮ ਸਿੰਘ ਜੀ ਦੀ ਅਨੰਦ ਮਰਯਾਦਾ ਅਨੁਸਾਰ ਹੋਏ, ਬਾਕੀ ਗੁਰੂ ਸਾਹਿਬਾਨ ਦੇ ਵਿਵਾਹ ਬ੍ਰਾਹਮਣ ਰੀਤੀ ਅਨੁਸਾਰ ਹਵਨ ਅਨੁਸਾਰ ਹੋਏ।

ਨਾਮਧਾਰੀ ਭਾਰਤ ਦੀ ਸਨਾਤਨਤਾਂ ਦੀ ਪ੍ਰੰਪਰਾ ਦੇ ਪ੍ਰਤੀਕ ਹਨ। ਹਵਨ ਨੂੰ ਬੜੀ ਮਹਾਨਤਾ ਦੇਂਦੇ ਹਨ ਤੇ ਹਰ ਕਾਰਜ ਸਿਧੀ ਦਾ ਬੀਜ-ਮੰਤਰ ਸਮਝਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਸੰਨ ੧੯੩੭ ਵਿਚ ਸ੍ਰੀ ਭੈਣੀ ਸਾਹਿਬ ਦੀ ਪਵਿਤਰ ਧਰਤੀ ਸਵਾ ਲੱਖ ਚੰਡੀ ਦੀ ਵਾਰ ਦੇ ਪਾਠਾਂ ਸਹਿਤ ਹਵਨ ਯਗ ਕੀਤਾ ਜਿਸਦਾ ਫਲ ਇਹ ਹੋਇਆ ਕਿ ਉਸ ਸਮੇਂ ਲਾਹੌਰ ਵਿੱਚ, ਇੱਕ ਮਾਡਰਨ ਮਸ਼ੀਨਾਂ ਨਾਲ ਬੁਚੜਖਾਨਾ ਕਾਇਮ ਹੋ ਰਹਿਆ ਸੀ, ਭਾਰਤ ਵਰਸ਼ ਦੇ ਹਿੰਦੂ ਨੇਤਾ ਬਹੁਤ ਦੁਖੀ ਸਨ। ਪਰ ਪ੍ਰਸੰਨਤਾ ਨਾਲ ਕਹਿਣਾ ਪੈਂਦਾ ਹੈ, ਕਿ ਅਜੇ ਹਵਨ ਚਲ ਰਹਿਆ ਸੀ, ਕਿ ਬੁਚੜਖਾਨੇ ਦੀ ਸਕੀਮ ਖਤਮ ਹੋ ਗਈ। ਤੇ ਹਿੰਦੂ ਜਗਤ ਵਿਚ ਘਿਉ ਦੇ ਦੀਵੇ ਜਗੇ।

ਸਤਿਗੁਰੂ ਜਗਜੀਤ ਸਿੰਘ ਜੀ ਅੰਨ ਸੰਕਟ, ਹੜ ਸੰਕਟ ਤੇ ਵਿਸ਼ਵ ਅਮਨ ਖਾਤਰ ਸਾਵਨ ੨੦੨੧ ਵਿਚ ਹਵਨ ਯਗ ਕੀਤਾ। ਸ੍ਰੀ ਜੀਵਨ ਨਗਰ ਤੇ ਮਸਤਾਨ ਗੜ ਵਡੇ ਹਵਨ ਕਰਾਏ ਸਨ। ਕਲ ਦੀ ਗਲ ਹੈ, ਜਦੋਂ ਯੂ.ਕੇ, ਇੰਗਲੈਂਡ ਵਿਚ ਜਲ ਦਾ ਕਾਲ ਪੈ ਗਿਆ ਪਾਣੀ ਰਾਸ਼ਨ ਤੇ ਮਿਲਣ ਲਗਾ। ਸਤਿਗੁਰੂ ਜੀ ਉਸ ਧਰਤੀ ਤੇ ਚਰਨ ਪਾਏ। ਓਥੋਂ ਦੇ ਵਸਨੀਕਾਂ ਦੀ ਬੇਨਤੀ ਪ੍ਰਵਾਨ ਕਰ ਸੱਚੇ ਪਾਤਸ਼ਾਹ ਹਵਨ ਦਾ ਹੁਕਮ ਕੀਤਾ। ਹਵਨ ਕੀਤਾ ਗਿਆ, ਬਸ ਵਰਸ਼ਾ ਸ਼ੁਰੂ ਹੋ ਗਈ। ਲੋਕਾਂ ਵਿਚ ਜਾਨ ਪੈ ਗਈ। ਅਖਬਾਰਾਂ ਨੇ ਧੰਨਵਾਦ ਕੀਤਾ। ਕਲ ਦੀ ਗਲ ਹੈ ਕਿ ਸੰਸਾਰ ਦੀ ਵਿਗੜਦੀ ਹਾਲਤ ਨੂੰ ਠੀਕ ਰਖਣ ਤੇ ਮਾਰੂ ਹਥਿਆਰਾਂ ਦੇ ਅਸਰ ਤੋਂ ਬਚਾਉਣ ਖਾਤਰ ਸੱਚੇ ਪਾਤਸ਼ਾਹ ਸ੍ਰੀ ਭੈਣੀ ਸਾਹਿਬ ਅੰਦਰ ਅਸੂ ੨੦੩੯ ਵਿਚ ਚੰਡੀ ਦੀ ਵਾਰ ਦੇ ਪਾਠਾਂ ਨਾਲ ਮਹਾਨ ਹਵਨ ਯੱਗ ਕਰਕੇ ਅਮਨ ਤਾਕਤਾਂ ਨੂੰ ਸ਼ਕਤੀ ਬਖਸ਼ੀ। ਇਹ ਪ੍ਰੰਪਰਾ ਆਤਮਿਕ ਬਲ ਅਤੇ ਸਰੀਰਕ ਬਲ ਦੋਹਾਂ ਵਾਸਤੇ ਜ਼ਰੂਰੀ ਹੈ।

ਧਰਮ ਗਰੰਥ ਤੇ ਮਹਾਂ ਪੁਰਸ਼ ਦਸਦੇ ਹਨ, ਕਿ ਜੋ ਵਿਸ਼ਵ ਵਿੱਚ ਮਨੁਖ ਵਸਦੇ ਹਨ, ਤਾਂ ਆਕਾਸ਼ ਵਿੱਚ ਅਦਿਖ ਸ਼ਕਤੀਆਂ ਵਸਦੀਆਂ ਹਨ, ਜਿਵੇਂ ਸ਼ਹੀਦ ਦੇਵ ਗਣ ਆਦਿ। ਹਵਨ ਕਰਨ ਨਾਲ ਜੋ ਸੰਸਾਰੀ ਜੀਵ ਜੰਤਾਂ ਨੂੰ ਲਾਭ ਪੁਜਦਾ ਹੈ, ਤਾਂ ਦੇਵ ਗਣ ਵੀ ਪ੍ਰਸੰਨ ਹੁੰਦੇ ਹਨ। ਜਿਸ ਸਥਾਨ ਤੇ ਪਵਿਤਰ ਮਰਯਾਦਾ ਨਾਲ ਹਵਨ ਹੁੰਦਾ ਹੈ, ਉਥੇ ਅਰਸ਼ੀ ਸ਼ਕਤੀਆਂ ਵੀ ਉਸ ਸਮਾਗਮ ਵਿੱਚ ਸ਼ਾਮਲ ਹੋ, ਖੁਸ਼ੀਆਂ ਪ੍ਰਦਾਨ ਕਰਦੀਆਂ ਹਨ।

ਭੁਲੜ ਲੋਗ ਹਵਨ ਸਮਗਰੀ ਜਾਂ ਹਵਨ ਵਿੱਚ ਵਰਤਿਆ ਘਿਉ, ਚੰਦਨ, ਖੰਡ ਆਦਿ ਵਸਤਾਂ ਨੂੰ ਸਾੜ ਫੂਕ ਦਸਦੇ ਤੇ ਮਖੌਲ ਕਰਦੇ ਹਨ। ਪਰ ਹਵਨ ਵਿਚ ਵਰਤੀ ਸਮਗਰੀ ਦੀ ਇੱਕ ਇਕ ਵਸਤੂ ਹਜ਼ਾਰਾਂ ਪ੍ਰਾਣੀਆਂ ਵਾਸਤੇ ਲਾਭਕਾਰੀ ਹੁੰਦੀ ਹੈ। ਉਸਦਾ ਲਾਭ ਕੇਵਲ ਮਨੁਖਾਂ ਨੂੰ ਹੀ ਨਹੀਂ ਪੁਜਦਾ, ਸਗੋਂ ਪਸ਼ੂ, ਪੰਖੀਆਂ ਤੇ ਬਨਸਪਤੀ ਨੂੰ ਵੀ ਪੁਜਦਾ ਹੈ। ਤੁਸੀਂ ਵੇਖੋ ਇਕ ਪਾਈਆ ਘਿਉਂ ਸੰਗ ਸਰਫੇ ਨਾਲ ਸਤ ਅੱਠ ਜਾਂ ਦਸ ਪੁਰਸ਼ਾਂ ਨੂੰ ਲਾਭ ਪੁਜਦਾ ਹੈ, ਪ੍ਰੰਤੂ ਹਵਨ ਵਿਚ ਵਰਤਿਆਂ ਘਿਉਂ ਸੈਂਕੜਿਆਂ ਵਾਸਤੇ ਗੁਣਕਾਰੀ ਹੁੰਦਾ ਹੈ। ਇੱਕ ਲਾਲ ਮਿਰਚ ਅੱਠ ਦਸ ਆਦਮੀਆਂ ਦਾ ਭੋਜਨ ਸਵਾਦੀ ਬਣਾਂਦੀ ਹੈ, ਪਰ ਜੇਕਰ ਉਹੋ ਮਿਰਚ ਕੋਲਿਆਂ ਵਿੱਚ ਰੱਖੀ ਜਾਵੇ ਤਾਂ ਸਾਰੇ ਵਾਯੂ ਮੰਡਲ ਨੂੰ ਕੌੜਾ ਕਰ ਦੇਂਦੀ ਹੈ ਤੇ ਆਲੇ ਦੁਆਲੇ

Sri Satguru Jagjit Singh Ji Elibrary NamdhariElibrary@gmail.com

ਦੇ ਮਨੁਖ ਤੇ ਪਸ਼ੂ ਉਸਦਾ ਅਸਰ ਪ੍ਰਤੀਤ ਕਰਦੇ ਹਨ।

ਸਤਿਗੁਰ ਰਾਮ ਸਿੰਘ ਜੀ ਹਵਨ ਸਮੱਗਰੀ ਵਿਚ ਬਾਈ ਚੀਜ਼ਾਂ ਪਾਣਦਾ ਹੁਕਮ ਕੀਤਾ ਹੈ। ਸੰਦਲ ਸੁਰਖ, ਸੰਦਲ ਸਫੇਦ, ਛੜ ਮੁਥਰਾ, ਇੰਦਰ ਜੌਂ, ਭੋਜ ਪੱਤਰ, ਸੁਪਾਰੀ, ਦਾਖ, ਛੁਹਾਰੇ, ਖੋਪਾ, ਬਾਦਾਮ, ਗੁਗਲ, ਕੇਸਰ, ਮੁਸ਼ਕ ਕਾਫੂਰ, ਲੌਂਗ, ਤਿਲ, ਜੌਂ, ਕਸਤੂਰੀ ਸੰਧੂਰ, ਛੋਟੀ ਇਲਾਇਚੀ, ਖੰਡ ਤੇ ਘਿਉ। ਜਿਸ ਸਥਾਨ ਤੇ ਇਨ੍ਹਾਂ ਵਸਤਾਂ ਦਾ ਹਵਨ ਕੀਤਾ ਜਾਵੇਗਾ, ਓਥੇ ਕਿਉਂ ਨ ਭਾਗ ਲਗਣਗੇ। ਜੇ ਇਕ ਮਿਰਚ ਇਤਨਾ ਅਸਰ ਕਰ ਸਕਦੀ ਹੈ, ਤਾਂ ਇਹ ਕੀਮਤੀ ਵਸਤਾਂ ਦਾ ਕਿੰਨਾਂ ਲਾਭ ਹੋਵੇਗਾ, ਪਾਠਕ ਜਨ ਆਪ ਅੰਦਾਜ਼ਾ ਲਾਉਣਾ ਤੇ ਦੇਵਤਿਆਂ ਦੀਆਂ ਖੁਸ਼ੀਆਂ ਵਖਰੀਆਂ।

ਰੋਜ਼ਾਨਾ ਪ੍ਰਤਾਪ ਉਰਦੂ ਮਿਤੀ ੭ ਫਰਵਰੀ ੧੯੯੩ ਵਿੱਚ ਹਵਨ ਦੀ ਮਕਬਲੀਅਤ, ਪੱਛਮੀ ਦੇਸ਼, ਜਿਹੜੇ ਵਿਗਿਆਨ ਰਾਹੀਂ ਹਰ ਵਸਤੂ ਦੀ ਪੜਚੋਲ ਕਰਦੇ ਹਨ, ਦੀ ਦਰਸਾਈ ਹੈ। ਉਸ ਵਿਚੋਂ ਕੇਵਲ ਕਾਂਟ ਛਾਂਟ ਕਰਕੇ ਉਸਦਾ ਸਾਰ ਪੇਸ਼ ਕੀਤਾ ਹੈ। ਪੱਛਮ ਦੇ ਲੋਕ ਹਵਨ ਨਾਲ ਬੀਮਾਰੀਆਂ ਦੂਰ ਕਰਨ ਲਗ ਪਏ ਹਨ। ਇਸ ਨੂੰ ਉਨਾਂ "ਹੋਮਾ ਥਰੇਪੀ" ਕਹਿ ਕੇ ਪ੍ਰਚਾਰਿਆ ਹੈ। ਉਨਾਂ ਦੇ ਵਿਚਾਰਾਂ ਅਨੁਸਾਰ ਹਵਨ ਕਰਨ ਨਾਲ ਦਿਮਾਗ ਦਾ ਤਨਾਉ ਘਟਦਾ ਹੈ ਤੇ ਹਵਾ ਦੀ ਗੰਦਗੀ ਵੀ ਦੂਰ ਹੁੰਦੀ ਹੈ।

(ੳ) 1. ਅਮਰੀਕਾ ਦੇ ਡਾਕਟਰ ਬੈਰੀ ਏਥਜ਼ ਦੇ ਕਥਨਾ ਅਨੁਸਾਰ ਹਵਨ ਨਾਲ ਬਚਿਆਂ ਦੀ ਮਿਰਗੀ ਠੀਕ ਹੋ ਜਾਂਦੀ ਹੈ।

2. ਬਚਿਆਂ ਦੇ ਦਿਮਾਗ ਵਧਦੇ ਫੂਲਦੇ ਹਨ।

3. ਬਚਿਆਂ ਦੀ ਬਦਹਜ਼ਮੀ ਵੀ ਠੀਕ ਹੋ ਜਾਂਦੀ ਹੈ।

4. ਕਈ ਪੁਰਸ਼ਾਂ ਨੇ ਇਸ ਦੇ ਅਸਰ ਹੇਠਾਂ ਆਕੇ ਸਿਗਰਟ ਪੀਣਾ ਵੀ ਛੜ ਦਿਤਾ ਹੈ।

ਇਹ ਗੁਣ ਡਾਕਟਰ ਸਾਹਿਬ ਨੇ ਕੇਵਲ ਦੇਸੀ ਘਿਉ, ਚੌਲ, ਗਾਂ ਦੇ ਗੋਹੇ ਦੀਆਂ ਪਾਥੀਆਂ ਬਾਲ ਕੇ ਤੇ ਮੰਤਰਾਂ ਦਾ ਜਾਪ ਕਰਕੇ ਪ੍ਰਾਪਤ ਕੀਤੇ ਹਨ ਜੇ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਸਮੱਗਰੀ ਵਰਤੀ ਜਾਵੇ ਤਾਂ ਖਿਆਲ ਹੈ, ਕਿ ਡਾਕਟਰਾਂ ਦੇ ਪੇਸ਼ੇ ਦਾ ਭੋਗ ਹੀ ਪੈ ਜਾਵੇ। ਪਰ ਹੋਵੇ ਵਿਧੀ ਪੂਰਵਕ ਤੇ ਮਰਯਾਦਾ ਅਨੁਸਾਰ ਐਵੇਂ ਰਸਮ ਨ ਪੂਰੀ ਕੀਤੀ ਜਾਵੇ।

(ਅ) ਡਾਕਟਰ ਐਰੂੰਡ ਮੂੰਡਕਾਰ ਨੇ ਹਵਨ ਅੰਗੂਰਾਂ ਦੇ ਵਿੱਚ ਕੀਤਾ। ਉਹ ਇਸ ਸਿਟੇ ਤੇ ਪੁਜਾ ਹੈ ਕਿ

(1) ਜਿਹੜੇ ਬੀਜ ਚਾਰ ਮਹੀਨਿਆਂ ਵਿੱਚ ਉਗਦਾ ਸੀ ਜਾ ਜੜ ਫੜਨੀ ਸੀ। ਉਸ ਦਾ ੨੧ ਦਿਨਾਂ ਉਪ੍ਰੰਤ ਹੀ ਅੰਗੂਰ ਫੁਟ ਪਇਆ।

(੨) ਹਵਨ ਦੀ ਭਸਮ ਸਰੋਂ ਦੀਆਂ ਪੈਲੀਆਂ ਵਿਚ ਪਾਈ ਗਈ ਤਾਂ ਸਰੋਂ ਦੇ ਖੇਤ ਕਈ ਬੀਮਾਰੀਆਂ ਤੋਂ ਬਚੇ।

(ੲ) ਪੱਛਮੀ ਜਰਮਨੀ ਦੀ ਇੱਕ ਫਰਮ, ਹਵਨ ਰਾਹੀਂ ਦਵਾਈਆਂ ਤਿਆਰ ਕਰਦੀ ਹੈ। ਉਹ ਦਵਾਈਆਂ ਅਖਾਂ ਵਾਸਤੇ ਲਾਭ ਕਾਰੀ ਸਾਬਤ ਹੋਈਆਂ ਹਨ।

(2) ਹਵਨ ਨਾਲ ਪੈਦਾ ਹੋਏ ਵਾਸ਼ਪਕਣਾਂ ਰਾਹੀਂ ਬੁਖਾਰ, ਜ਼ੁਕਾਮ, ਚਮੜੀ ਦੇ ਰੋਗ, ਨ ਭਰੇ ਜਾਣ ਵਾਲੇ ਜ਼ਖਮ ਦਾਦ, ਦਸਤ, ਗਲੇ ਦੀਆਂ ਗਿਲਟੀਆਂ, ਪੱਠਿਆਂ ਦੇ ਦਰਦ ਸਭ ਠੀਕ ਹੋ ਜਾਂਦੇ ਹਨ।

(ਸ) ਹਵਨ ਅਮਰੀਕਾ ਵਿਚ ਪ੍ਰਫੁਲਤ ਹੋ ਰਹਿਆ ਹੈ। (ਬਾਲਟੀ ਮੋਰ) ਨਾਮੀ ਸ਼ਹਿਰ ਜਿਹੜਾ ਮੇਰੀਲੈਂਡ ਵਿਚ ਸਥਿਤ ਹੈ, ਉਥੇ ਇੱਕ ਫਾਰਮ ਵਿੱਚ ਦਿਨ ਰਾਤ ਹਵਨ ਹੁੰਦਾ ਰਹਿੰਦਾ ਹੈ।

ਇਹ ਖਬਰਾਂ ਬਾਹਰਲੀ ਦੁਨੀਆਂ ਦੀਆਂ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਇਸੇ ਸਦੀ ਦੇ ਦੂਸਰੇ ਦਹਾਕੇ ਤੋਂ ਸ੍ਰੀ ਭੈਣੀ ਸਾਹਿਬ ਭਜਨ ਦੀ

(ਵੇਖੋ ਬਾਕੀ ਪੇਜ 10 ਉੱਤੇ)

Sri Satguru Jagjit Singh Ji Elibrary NamdhariElibrary@gmail.com

ਦੇਹਧਾਰੀ ਸਤਿਗੁਰੂ ਦੀ ਹੋਂਦ ਸਬੰਧੀ ਕੁਝ ਸਿਧਾਂਤਕ ਅਤੇ ਵਿਵਹਾਰਕ ਤੱਥ

ਮਾਸਟਰ ਅਜੀਤ ਸਿੰਘ ਜੀ
ਪਿੰਡ ਰੋਲੀਆ
ਅਹੀਆਪੁਰ ।

ਸਿਖ ਜਗਤ ਵਿਚ ਸਤਿਗੁਰੂ ਦੀ ਹੋਂਦ ਸਬੰਧੀ ਵਿਵਾਦ ਜਦੋਂ ਕਦੀ ਕਟੂ ਰੂਪ ਕਰ ਲੈਂਦਾ ਹੈ ਤਾਂ ਇਸ ਵਿਵਾਦ-ਗ੍ਰਸਤ ਵਿਸ਼ੇ ਸਬੰਧੀ ਕੁਝ ਸੋਚਨ ਵਿਚਾਰਨ ਲਈ ਪ੍ਰੇਰਣਾ ਦਾਇਕ ਆਭਾਸ ਹੁੰਦਾ ਹੈ। ਏਡਾ ਸਾਰਥਕ ਤੱਥ, ਜਿਹੜਾ ਧਾਰਮਿਕ ਅਤੇ ਅਧਿਆਤਮਕ ਪੱਖ ਤੋਂ ਸਦੀਵੀ ਸੱਚ ਹੈ, ਸਬੰਧੀ ਨਿਰਾਰਥਕ ਵਿਵਾਦ ਭਾਵੇਂ ਇਸਦੀ ਵਡਿਆਈ ਤੇ ਉਚਤਾ ਵਿਚ ਵਿਸ਼ੇਸ਼ ਫਰਕ ਤਾਂ ਨਹੀਂ ਪਾਉਂਦਾ ਪਰ ਦੁਨਿਆਵੀ ਤੇ ਸਦਾਚਾਰਕ ਸ਼ਕਤੀਆਂ ਨੂੰ ਸੱਟ ਮਾਰਦਾ ਹੈ, ਆਪਸੀ ਘਿਰਣਾ ਦਾ ਸਰੋਤ ਬਣਦਾ ਹੈ ਤੇ ਅਧਾਰਮਕ ਜ਼ਹਿਨੀਅਤ ਪੈਦਾ ਕਰਦਾ ਹੈ ਤਾਂ ਸ਼ੁਭ ਸ਼ਿਸਟਾਚਾਰ ਵਜੋਂ ਇਸਤੇ ਵਿਚਾਰ ਕਰਨਾ ਇਕ ਪਵਿਤਰ ਅਤੇ ਉਤਮ ਕਰਮ ਹੈ। ਕਿਉਂਕਿ ਇਸ ਨਾਲ ਭਰਮ ਭੁਲੇਖੇ ਦੂਰ ਹੁੰਦੇ ਹਨ ਤੇ ਆਪਸੀ ਪਿਆਰ ਅਤੇ ਮਿਲ ਵਰਤੋਂ ਵਧਦੇ ਹਨ—ਇਸ ਸੰਖੇਪ ਲੇਖ ਦਾ ਇਹੋ ਉਦੇਸ਼ ਹੈ।

ਸਿਖ ਧਰਮ, ਹਿੰਦੂ ਧਰਮ ਦਾ ਹੀ ਵਿਕਸਿਤ ਕ੍ਰਾਂਤੀਕਾਰੀ ਸੁਧਾਰਵਾਦੀ ਰੂਪ ਹੈ। ਹਿੰਦੂ ਧਰਮ ਵਿਚ ਤਾਂ ਉਪਨਿਸ਼ਦਾਂ ਦੇ ਵੇਲੇ ਤੋਂ ਵੀ ਪਹਿਲਾਂ ਹੀ ਗੁਰੂ ਦਾ ਮਹਤਵ ਦਰਸਾਇਆ ਗਿਆ ਹੈ। ਮਨੁੱਖੀ ਸਭਿਅਤਾ ਦੇ ਮੁਢ ਤੋਂ ਹੀ ਇਸਦੀ ਹੋਂਦ ਲਗਾਤਾਰ ਰਹੀ ਹੈ। ਬ੍ਰਾਹਮਣਾ ਦੇ ਜ਼ੋਰ ਕਰਕੇ ਤੇ ਵੇਦਾ ਸਾਸ਼ਤਰਾਂ ਦੇ ਫੋਕੇ ਸਿਧਾਂਤਕ ਪ੍ਰਭਾਵ ਅਧੀਨ ਗੁਰੂ ਦਾ ਮਹੱਤਵ ਕੁਝ ਮਧਮ ਜ਼ਰੂਰ ਪਿਆ ਰਿਹਾ ਪਰ ਇਹ ਪੂਰੀ ਤਰ੍ਹਾਂ ਖਤਮ ਨਾ ਹੋ ਸਕਿਆ। ਇਸੇ ਕਰਕੇ ਹੀ ਹਿੰਦੂ ਸਮਾਜ ਜ਼ਬਰਦਸਤ ਅਧੋਗਤੀ ਦਾ ਸ਼ਿਕਾਰ ਹੋਇਆ, ਸਮਾਜਕ ਤੇ ਧਾਰਮਕ ਪਿਛੜਾਪਨ ਆ ਗਿਆ ਅਤੇ ਦੇਸ਼ ਰਾਜਨੀਤਿਕ ਤੌਰ ਤੇ ਗੁਲਾਮ ਹੋ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸੇ ਨਿੱਘਰੇ ਸ਼ਕਤੀਹੀਣ ਸਮਾਜ ਨੂੰ ਜਾਗਰਤ ਕਰਨ ਦਾ ਬੀੜਾ ਚੁਕਿਆ, ਉਨ੍ਹਾਂ ਧਾਰਮਕ ਖੇਤਰ ਵਿਚ ਕਰਾਂਤੀਕਾਰੀ ਤਬਦੀਲੀਆਂ ਲਿਆਉਣ ਲਈ ਸ਼ਾਹਰਾਹ ਉਲੀਕਿਆ। ਆਧਾਰਭੂਤ ਤੱਥਾਂ ਨੂੰ ਕਾਇਮ ਰਖਕੇ ਪੁਰਾਤਨਤਾ ਵਿਚ ਨਵੀਨਤਾ ਭਰੀ। ਧਰਮ ਨੂੰ ਬ੍ਰਾਹਮਣ-ਵਾਦ ਦੇ ਸ਼ਿਕੰਜੇ ਵਿਚੋਂ ਮੁਕਤ ਕਰਾਣ ਦਾ ਬੀੜਾ ਚੁਕਿਆ ਤੇ ਉਸਨੂੰ ਜਨ-ਸਧਾਰਣ ਦੀ ਪਹੁੰਚ ਵਾਲਾ ਵਿਸ਼ਾ ਬਣਾਇਆ। ਉਨ੍ਹਾਂ ਦੀ ਲਿਖਤ ਵਿਚੋਂ ਉਨ੍ਹਾਂ ਦੇ ਇਨ੍ਹਾਂ ਸਾਰੇ ਵਿਚਾਰਾਂ ਦੀ ਪ੍ਰੋੜਤਾ ਮਿਲਦੀ ਹੈ। ਹਥਲੇ ਵਿਚਾਰ ਦੀ ਸਾਰਥਕਤਾ ਨੂੰ ਅਨੁਭਵ ਕਰਕੇ ਉਨ੍ਹਾਂ ਇਸਦੀ ਸਿਧਾਂਤਕ ਤੌਰ ਤੇ ਪ੍ਰੋੜਤਾ ਕੀਤੀ ਪਰ ਇਸਨੂੰ ਵਿਵਹਾਰਕ ਰੂਪ ਵਿਚ ਕਾਇਮ ਕਰਕੇ ਉਹ ਕਾਰਨਾਮਾ ਕੀਤਾ ਜਿਸਦੀ ਮਿਸਾਲ ਪਿਛਲੇ ਸਾਰੇ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਸ਼ਾਇਦ ਇਸੇ ਨੀਤੀ ਦੀ ਮਹਾਨਤਾ ਨੂੰ ਹੀ ਸਤੇ ਬਲਵੰਡ ਨੇ ਆਪਣੀ ਰਾਮਕਲੀ ਦੀ ਵਾਰ ਵਿਚ ਸਪਸ਼ਟ ਬਿਆਨਿਆ ਹੈ—

Sri Satguru Jagjit Singh Ji Elibrary NamdhariElibrary@gmail.com

'ਅਬਿਚਲ ਨੀਵ ਧਰੀ ਗੁਰੂ ਨਾਨਕ
ਨਿਤ ਨਿਤ ਚੜੈ ਸਵਾਈ ।'

ਇਸ ਸਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਹਰ ਬਾਣੀ ਭਾਵੇਂ ਉਹ ਜਪੁਜੀ ਦਾ ਬੋਧਿਕ, ਰਹੱਸਮਈ ਤੇ ਸਿਧਾਂਤਕ ਪ੍ਰਬੰਧ ਕਾਵਿ ਹੋਏ ਤੇ ਭਾਵੇਂ ਆਸਾ ਦੀ ਵਾਰ ਵਰਗਾ ਹੋਲਾ ਫੁਲ ਕਾਵਿ, ਸਭ ਵਿਚ ਇਸ ਦੇ ਸਬੰਧ ਵਿਚ ਲਿਖਿਆ ਹੈ। ਸਗੋਂ ਇਸ ਵਿਸ਼ੇ ਨੂੰ ਵਧੇਰੇ ਭਾਵ-ਪੂਰਤ ਅਤੇ ਪ੍ਰਭਾਵਸ਼ਾਲੀ ਬਨਾਣ ਲਈ ਉਨ੍ਹਾਂ ਆਪਣੇ ਪਿਛਲੇਰੇ ਹਿੰਦੂ ਇਤਿਹਾਸ ਵਿਚੋਂ ਉਦਾਹਰਣਾ ਵੀ ਪੇਸ਼ ਕੀਤੀਆਂ ਹਨ—

ਭਾਈ ਰੇ ਗੁਰ ਬਿਨ ਗਿਆਨ ਨ ਹੋਇ,
ਪੂਛਹੁ ਬ੍ਰਹਮੇ ਨਾਰਦੇ ਬੇਦ ਬਿਆਸੈ ਕੋਇ ।
(ਸਿਰੀ ਰਾਗ ਮ: ੧)

ਤੇ ਹੋਰ ਵੇਖੋ—

ਗੁਰ ਕੇ ਸਬਦ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਮਾਦਿ ਤਰੇ ।
ਸਨਕ ਸਨੰਦਨ ਤਪਸੀ ਜਨ ਕੇਤੇ ਗੁਰਪ੍ਰਸਾਦੀ ਪਾਰ ਪਰੇ ।
(ਭੈਰਉ ਮ: ੧)

ਉਨ੍ਹਾਂ ਵਿਵਹਾਰਕ ਰੂਪ ਵਿਚ ਇਸ ਸਿਧਾਂਤਕ ਵਿਸ਼ੇ ਨੂੰ 'ਗੁਰੂ ਰਵ ਦੀ ਅਟੁਟ ਲੜੀ ਕਾਇਮ ਕਰਕੇ ਇਕ ਮੁਅਜਜ਼ਾ ਕਰ ਵਿਖਾਇਆ ।

ਹੁਣ ਇਕ ਸਵਾਲ ਪੈਦਾ ਹੁੰਦਾ ਹੈ ਕਿ ਕੀ ਆਪਜੀ ਨੇ ਆਪਣੀ ਬਾਣੀ ਦੇ ਕਿਸੇ ਹਿੱਸੇ ਵਿਚ 'ਸਤਿਗੁਰੂ' ਦੇ ਬਜਾਏ ਜਾਂ ਇਸਦੇ ਬਰਾਬਰ ਹੋਰ ਵੀ ਸਿਧਾਂਤ ਬਿਆਨਿਆ ਹੈ ਜਿਸਦੇ ਆਚਾਰ ਵਿਚਾਰ ਨਾਲ ਮਨੁੱਖ ਨੂੰ ਜੀਵਨ ਜਾਚ ਅਤੇ ਅਧਿਆਤਮਕ ਗਿਆਨ ਹਾਸਲ ਹੋ ਸਕਦਾ ਹੈ ? ਬਿਲਕੁਲ ਨਹੀਂ, ਇਹ ਕਿਵੇਂ ਹੋ ਸਕਦਾ ਹੈ ਕਿ ਇਕ ਵੇਲੇ ਤਾਂ ਉਹ ਇਸ ਨੂੰ ਜਿਆਦਾ ਤੋਂ ਜਿਆਦਾ ਪ੍ਰਭਾਵਸ਼ਾਲੀ ਬਣਾਂਦੇ ਹਨ ਤੇ ਉਸੇ ਵੇਲੇ ਉਸਨੂੰ ਅਸਰਹੀਨ ਕਰਨ ਲਈ ਉਸਦੇ ਦਿਲਾਵਾ ਕਿਸੇ ਹੋਰ ਸਿਧਾਂਤ ਵਲ ਸੰਕੇਤ ਕਰ ਦੇਣ ।

ਪਰ ਬੜੇ ਦੁਖ ਦੀ ਗਲ ਹੈ ਕਿ ਅਜ ਕਲ ਨਵੇਂ ਜ਼ਮਾਨੇ ਦੇ ਭਲ ਵਿਚਾਰਵਾਨਾ ਨੇ ਗੁਰੂ ਜੀ ਦੇ ਵਿਚਾਰਾਂ ਨੂੰ ਤੋੜ-ਮਰੋੜ ਕੇ 'ਦੇਹਧਾਰੀ ਗੁਰੂ' ਦੇ ਹਥੱਲੇ ਵਿਸ਼ੇ ਨੂੰ ਮਹਤਵ ਹੀਨ ਕਰਨ ਦਾ ਕੋਝਾ ਜਤਨ ਕੀਤਾ ਹੈ । ਐਸਾ ਕਰਨ ਵੇਲੇ ਉਨ੍ਹਾਂ ਇਸ ਦੀ ਅਸਲੀਅਤ ਤੇ ਇਤਿਹਾਸਕਤਾ ਨੂੰ ਵੀ ਪਛਾਣਨ ਦਾ ਜਤਨ ਕੀਤਾ ਹੈ, ਜਿਸਦਾ ਅਸਰ ਕਿੰਨਾ ਮਾਰੂ ਹੋਵੇਗਾ ਇਹ ਆਉਣ ਵਾਲਾ ਸਮਾਂ ਹੀ ਦਸੇਗਾ ।

ਗੁਰੂ ਨਾਨਕ ਤੋਂ ਮਗਰੋਂ ਆਉਣ ਵਾਲੇ ਗੁਰੂ ਸਾਹਿਬਾਨ ਜਿਨਾਂ ਦੀ ਬਾਣੀ ਸ੍ਰੀ ਆਦਿ ਗਰੰਥ ਵਿਚ ਹੈ ਨੇ ਸ੍ਰੀ ਗੁਰੂ ਨਾਨਕ ਦੁਆਰਾ ਸੁਨਿਸਚਿਤ ਸੀਮਾਵਾਂ ਅੰਦਰ ਰਹਿ ਕੇ ਉਨ੍ਹਾਂ ਦੁਆਰਾ ਦਰਸਾਏ ਸਿਧਾਂਤਾਂ ਤੇ ਵਿਚਾਰਾਂ ਦੀ ਪ੍ਰੋੜਤਾ ਕਰਕੇ ਉਨ੍ਹਾਂ ਨੂੰ ਸਦਲੀਲ ਪਰਪੱਕ ਬਣਾਇਆ ਹੈ । ਇਸ ਗਲੋਂ ਕੋਈ ਵੀ ਵਿਦਵਾਨ ਦੋ ਰਾਇ ਨਹੀਂ ਹੋ ਸਕਦਾ ਕਿ ਵਿਚਾਰਧਾਰਕ ਪਖੋਂ ਸਭ ਗੁਰੂਆਂ ਨੇ ਇਕੋ ਜਿਹੇ ਵਿਚਾਰਾਂ ਦੀ ਪ੍ਰੋੜਤਾ ਅਤੇ ਵਿਰੋਧਤਾ ਕੀਤੀ ਹੈ । ਦੂਸਰੇ ਗੁਰੂਆਂ ਦੀ ਬਾਣੀ ਵਿਚੋਂ ਇਸ ਦੇ ਤਹਿਰੀਰੀ ਸਬੂਤ ਸਪਸ਼ਟ ਵੇਖੇ ਜਾ ਸਕਦੇ ਹਨ । ਇਸੇ ਅਨੁਸਾਰ ਹੀ ਉਨ੍ਹਾਂ ਗੁਰੂ ਤਵ ਦੀ ਪ੍ਰਣਾਲੀ ਨੂੰ ਵੀ ਬੇਕੱਟ ਚਲਦੇ ਰਖਿਆ । ਇਤਿਹਾਸ ਗਵਾਹ ਹੈ ਇਸ ਵਿਸ਼ੇ ਸਬੰਧੀ ਕੋਈ ਵਿਵਾਦ ਜਾਂ ਕਰੌਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਖਰੀ ਸਮੇਂ ਤਕ ਬਿਲਕੁਲ ਨਹੀਂ ਪਿਆ । ਇਸੇ ਕਰਕੇ ਉਨ੍ਹਾਂ ਦੇ ਸਮੇਂ ਇਸ ਵਿਚਾਰ ਵਿਚ ਰੱਤੀ ਭਰ ਵੀ ਤਬਦੀਲੀ ਨਾ ਆਈ । ਇਥੋਂ ਤਕ ਕਿ ਸ੍ਰੀ ਗੁਰੂ ਬਾਲਕ ਸਿੰਘ ਅਤੇ ਸ੍ਰੀ ਗੁਰੂ ਰਾਮ ਸਿੰਘ ਜੀ ਦੇ ਸਮੇਂ ਵੀ ਇਸ ਸਬੰਧੀ ਕੋਈ ਝੇੜਾ ਨਹੀਂ ਛਿੜਿਆ । ਹਾਂ ਇਕ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਗੁਰਗੱਦੀ ਦੀ ਸੌਂਪਣਾ ਵੇਲੇ ਮੁਕਾਬਲੇ ਬਾਜ਼ੀ ਅਤੇ ਨਿਜੀ ਪੱਧਰ ਤੇ ਵਿਰੋਧਤਾਵਾਂ ਦਾ ਸ਼ਿਕਾਰ ਹਰ ਗੁਰੂ ਨੂੰ ਹੋਣਾ ਪਿਆ ।

ਪਰ ਉਹ ਵਿਦਵਾਨ ਜਿਹੜੇ ਅਜ ਕਲ ਇਸ ਧਾਰਮਕ ਅਤੇ ਅਧਿਆਤਮਕ ਤੱਥ ਦੇ ਵਿਚਾਰ ਦੀ ਅਵਹੇਲਣਾ ਕਰਕੇ ਇਸਨੂੰ ਉਲਟ ਬਿਆਨ ਕਰਦੇ

Sri Satguru Jagjit Singh Ji Elibrary NamdhariElibrary@gmail.com

ਹਨ ਵੀ ਕੁਝ ਸਿਧਾਂਤਕ, ਵਿਵਹਾਰਕ ਤੇ ਇਤਿਹਾਸਕ ਦਲੀਲਾਂ ਅਤੇ ਕਲਾ-ਬਾਜ਼ੀਆਂ ਦਾ ਆਸਰਾ ਲੈਂਦੇ ਹਨ ਤੇ ਉਹ ਭੁਲ ਜਾਂਦੇ ਹਨ ਕਿ ਉਹ ਗੁਰਮਤਿ ਦੇ ਆਧਾਰ ਭੂਤ ਤੇ ਮੁਢਲੇ ਸਿਧਾਂਤ ਦੇ ਪ੍ਰਤੀਕੂਲ ਹਨ। ਮੁਖ ਰੂਪ ਵਿਚ ਉਹ 'ਸ਼ਬਦ ਗੁਰੂ' ਦੇ ਸਿਧਾਂਤ ਨੂੰ ਪੇਸ਼ ਕਰਦੇ ਹਨ। ਇਸ ਦੇ ਹੱਕ ਵਿਚ ਉਹ ਗੁਰਬਾਣੀ ਦਾ ਹਰ ਸ਼ਬਦ ਜਾਂ ਵਾਕ ਹਿੱਸਾ ਵਰਤਦੇ ਹਨ। ਜਿਸ ਵਿਚ 'ਸ਼ਬਦ ਗੁਰੂ' 'ਗੁਰੂ ਸ਼ਬਦ' ਜਾਂ ਸ਼ਬਦ ਕਿਸੇ ਵੀ ਵਿਕੋਲਿਤਰੇ ਰੂਪ ਵਿਚ ਲਿਖਿਆ ਮਿਲਦਾ ਹੈ। ਇਸ ਤਰ੍ਹਾਂ ਕਰਕੇ ਉਹ ਪਰਮ ਪਵਿੱਤਰ ਗੁਰਬਾਣੀ ਦੇ ਅਰਥਾਂ ਦਾ ਅਨਰਥ ਕਰਕੇ ਇਸਦਾ ਅਨਾਦਰ ਅਤੇ ਤ੍ਰਿਸਕਾਰ ਕਰਦੇ ਹਨ। ਫਿਰ ਬਹੁਤੀ ਵਾਰੀ ਪੇਸ਼ ਵਿਚਾਰ ਦੀ ਸਹੀ ਇਤਿਹਾਸਕਤਾ ਨੂੰ ਵੀ ਗਲਤ ਕਰ ਦਿੰਦੇ ਹਨ। ਇਸ ਸਬੰਧੀ ਕੁਝ ਕੁ ਸੰਖੇਪ ਉਦਾਹਰਣਾ ਦੇ ਕੇ ਅਗੇ ਚਲਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 'ਸਿਧ ਗੋਸ਼ਟਿ' ਨਾਮੀ ਬਾਣੀ ਦਾ ਇਕ ਪ੍ਰਸਿਧ ਸ਼ਬਦ ਹੈ—

'ਪਵਨ ਅਰੰਭੁ ਸਤਿਗੁਰ ਮਤਿ ਵੇਲਾ,
ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ,
ਅਕਥ ਕਥਾ ਲੇ ਰਹਉ ਨਿਰਾਲਾ,
ਨਾਨਕ ਜੁਗਿ ਜੁਗਿ ਗੁਰ ਗੋਪਾਲਾ,
ਏਕ ਸ਼ਬਦੁ ਜਿਤੁ ਕਥਾ ਵਿਚਾਰੀ,
ਗੁਰਮੁਖਿ ਹਉਮੈ ਅਗਨਿ ਨਿਵਾਰੀ।'

(ਰਾਮ ਕਲੀ ਮਹਲਾ ੧)

ਇਸ ਸ਼ਬਦ ਨੂੰ ਅਨਵਿਚਾਰੀ ਲਿਖਾਰੀ ਆਪਣੇ ਸਿਧਾਂਤ ਦੇ ਅਧਾਰ ਭੂਤ ਰੂਪ ਵਿਚ ਦਿੰਦੇ ਹਨ ਪਰ ਉਹ ਇਸ ਦੇ ਅਸਲੀ ਪ੍ਰਸੰਗ ਅਤੇ ਇਸ ਦੀ ਇਤਿਹਾਸਕਤਾ ਦੇ ਸੰਕੇਤ ਵਲੋਂ ਬਿਲਕੁਲ ਹੀ ਅੱਖਾਂ ਮੀਟ ਲੈਂਦੇ ਹਨ। ਗੁਰੂ ਜੀ ਨੇ ਤਾਂ ਜੋਗੀਆਂ ਸਿਧਾਂ ਦੀਆਂ ਧਾਰਮਕ ਵਿਧੀਆਂ ਦਾ ਦਾਰਸ਼ਨਿਕ ਰੂਪ ਵਿਚ ਵਰਨਣ ਕੀਤਾ ਹੈ ਤੇ ਇਨਾਂ ਰਾਹੀਂ ਉਨ੍ਹਾਂ ਨੂੰ ਇਨ੍ਹਾਂ ਦੇ ਸਹੀ ਪ੍ਰਚਾਲਨ ਲਈ ਸੇਧ ਦੀ ਬਖਸ਼ਿਸ਼ ਕੀਤੀ ਹੈ। ਐਸਾ ਕਰਕੇ ਉਹ ਜਨ ਸਧਾਰਣ ਨੂੰ ਜੀਵਨ ਵਿਚ ਠੀਕ ਧਾਰਮਕ ਪੱਥ ਤੇ ਚਲਣ ਦੀ ਪ੍ਰੇਰਣਾ ਦਿੰਦੇ ਹਨ। ਪਰ ਇਸ ਦਾ ਦੇਹਧਾਰੀ ਸਤਿਗੁਰੂ ਦੀ ਥਾਂ ਸ਼ਬਦ ਗੁਰੂ ਦੀ ਹੋਂਦ ਨਾਲ ਕੋਈ ਸਰੋਕਾਰ ਨਹੀਂ। ਇਸੇ ਤਰ੍ਹਾਂ ਸ੍ਰੀ ਗੁਰੂ ਰਾਮ ਦਾਸ ਜੀ ਦੇ ਇਸ ਸ਼ਬਦ ਵਲ ਵੀ ਝਾਤ ਪਾਣੀ ਕੁਥਾਂ ਨਹੀਂ ਹੋਵੇਗੀ—

ਬਾਣੀ ਗੁਰੂ ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤ ਸਾਰੇ।
ਗੁਰੂ ਬਾਣੀ ਕਹੈ,
ਸੇਵਕੁ ਜਨੁ ਮਾਨੇ
ਪਰਤਖਿ ਗੁਰੂ ਨਿਸਤਾਰੇ।

ਇਹ ਗੁਰੂ ਦੁਆਰਾ ਉਚਰਿਤ ਜਾਂ ਰਚਿਤ ਜਾਂ ਰਚਿਤ ਬਾਣੀ ਦੀ ਸ਼ਰਵੋਤਮਤਾ ਅਤੇ ਵੱਡਤਣ ਦਾ ਬਿਆਨ ਹੈ। ਸਤਿਗੁਰੂ ਦੁਆਰਾ ਉਚਰਿਤ ਸ਼ਬਦ ਜਾਂ ਰਚਿਤ ਬਾਣੀ, ਇਕ ਅਨੁਭਵੀ ਉਤਮ ਮਨੁੱਖੀ ਆਕ੍ਰਿਤੀ ਵਲੋਂ ਦੂਸਰੇ ਸਧਾਰਨ ਮਨੁੱਖਾਂ ਵਾਸਤੇ ਹੁੰਦੀ ਹੈ। ਫਿਰ ਉਚਾਰੀ ਹੋਈ ਬਾਣੀ ਦੀ ਜੀਵਨ ਜਾਚ ਲਈ ਵਰਤੋਂ ਵੀ ਕੋਈ ਉਚ ਆਚਾਰੀ ਤੇ ਆਦਰਸ਼ਕ ਜੀਵਨ ਦਾ ਧਾਰਨੀ ਵਿਸ਼ੇਸ਼ ਵਿਅਕਤੀ ਹੀ ਦਰਸਾ ਸਕਦਾ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਗੁਰਬਾਣੀ ਦਾ ਸਹੀ ਪ੍ਰਚਾਲਨ ਹੋਵੇ ਤਾਂ ਇਸ ਦੀ ਵਿਵਹਾਰਿਕਤਾ ਲਈ ਵੀ ਦੇਹਧਾਰੀ ਸਤਿਗੁਰੂ ਦੀ ਲੋੜ ਹੈ। ਗੁਰੂ ਰਾਮ ਦਾਸ ਜੀ ਦੇ 'ਪਰਤਖਿ ਗੁਰੂ ਨਿਸਤਾਰੇ' ਸ਼ਬਦ ਏਸੇ ਵਲ ਸੰਕੇਤ ਕਰਦੇ ਹਨ। ਇਹੋ ਗਲ ਸਤਿਗੁਰ ਦੀ ਸਦੀਵੀ ਹੋਂਦ ਦੀ ਪਰਿਚਾਇਕ ਹੈ। ਜੇ ਦੇਹਧਾਰੀ ਸਤਿਗੁਰ ਨਹੀਂ ਤਾਂ ਭਵਿਖ ਵਿਚ ਧਾਰਮਕ ਜੀਵਨ ਦੇ ਸਿਧਾਂਤਕ ਅਤੇ ਵਿਵਹਾਰਕ ਪੱਖਾਂ ਵਿਚ ਖਲਾਅ ਪੈਦਾ ਹੋ ਜਾਂਦਾ ਹੈ. ਵਿਚਾਰਾਂ ਦੀ ਭਿੰਨਤਾ ਵਧਦੀ ਜਾਂਦੀ ਹੈ ਜੋ ਮਨੁੱਖਾਂ ਵਿਚ ਆਪਸੀ ਵਿਰੋਧ ਦਾ ਕਾਰਣ ਬਣਦੀ ਹੈ, ਧਰਮ ਵਿਚ ਪਖੰਡ ਪੈਦਾ ਹੋ ਜਾਂਦਾ ਹੈ ਠੀਕ ਧਾਰਮਕ ਵਿਸ਼ਵਾਸਾਂ ਸਬੰਧੀ ਸ਼ੱਕ ਹੋਣ ਕਰਕੇ ਆਸਤਕਤਾ ਨੂੰ ਢਾਹ ਲਗਦੀ ਹੈ।

Sri Satguru Jagjit Singh Ji Elibrary NamdhariElibrary@gmail.com

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਵਾਕ ਹਿੱਸੇ ਨੂੰ ਵੀ ਉਹ ਲਿਖਾਰੀ ਆਪਣੇ ਪੱਖ ਲਈ ਵਰਤਦੇ ਹਨ 'ਪੋਥੀ ਪ੍ਰਮੇਸਰ ਕਾ ਥਾਨ'। ਪਰ ਉਹ ਜੇਕਰ 'ਸੁਖਮਨੀ ਸਾਹਿਬ' ਦੀ ਬਾਣੀ ਦਾ ਪਾਠ ਕਰਦੇ ਹੋਣ ਤਾਂ ਉਨ੍ਹਾਂ ਨੂੰ ਇਸਦੇ ਅਰਥ ਵਿਚ ਬਿਲਕੁਲ ਸ਼ੰਕਾ ਨਹੀਂ ਹੋਣੀ ਚਾਹੀਦੀ ਜਿਸ ਵਿਚ ਉਹੋ ਸਤਿਗੁਰੂ ਜੀ ਫੁਰਮਾਉਂਦੇ ਹਨ—

'ਬ੍ਰਹਮ ਗਿਆਨੀ ਆਪ ਪ੍ਰਮੇਸਰ'

'ਪ੍ਰਮੇਸਰ ਕਾ ਥਾਨ' ਅਤੇ 'ਆਪ ਪ੍ਰਮੇਸਰ' ਵਿਚ ਕਿੰਨਾ ਅੰਤਰ ਹੈ ਇਸਨੂੰ ਇਕ ਸਧਾਰਨ ਬੁਧੀ ਵਾਲਾ ਬੰਦਾ ਵੀ ਸਹਿਜੇ ਸਮਝ ਸਕਦਾ ਹੈ। ਇਸ ਲਈ ਇਸ ਦੀ ਹੋਰ ਵਿਆਖਿਆ ਦੀ ਲੋੜ ਨਹੀਂ:

ਅਨ-ਵਿਚਾਰੀ ਲਿਖਾਰੀ ਆਪਣੇ ਪੱਖ ਦੀਆਂ ਬਹੁਤ ਸਾਰੀਆਂ ਦਲੀਲਾਂ ਦਾ ਸਬੰਧ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਦਰਸਾ ਕੇ, ਉਨ੍ਹਾਂ ਦੇ ਜੀਵਨ ਦਾ ਇਸਨੂੰ ਇਕ ਅਤੀ ਮਹਤਵਪੂਰਨ ਅੰਗ ਦਸਦੇ ਹਨ ਕਿ ਉਨ੍ਹਾਂ ਨੇ ਦੇਹਧਾਰੀ ਗੁਰੂ ਦੀ ਪ੍ਰਪਾਟੀ ਨੂੰ ਸਮਾਪਤ ਕਰਕੇ ਕੌਮ ਨੂੰ ਮਹਾਨ ਦੇਣ ਦਿਤੀ ਕਿਉਂਕਿ ਗੁਰੂ ਗੱਦੀ ਦਾ ਮਸਲਾ ਬੜਾ ਝਗੜਾਲੂ ਜਿਹਾ ਸੀ ਇਸ ਨੂੰ ਉਹ ਹੋਰ ਅਗੇ ਨਹੀਂ ਵਧਾਉਣਾ ਚਾਹੁੰਦੇ ਸਨ ਹਾਲਾਂਕਿ ਗੁਰੂ ਜੀ ਨੇ ਆਪਣੇ ਪਹਿਲਕਿਆਂ ਵਾਂਗ ਹੀ ਨਿਸਚਿਤ ਸੀਮਾਵਾਂ ਅੰਦਰ ਰਹਿ ਕੇ ਉਨ੍ਹਾਂ ਦੇ ਵਿਚਾਰਾਂ ਦੀ ਠੋਸ ਅਤੇ ਪਕੀਆਂ ਦਲੀਲਾਂ ਰਾਹੀਂ ਸਿਧਾਂਤਕ ਅਤੇ ਵਿਵਹਾਰਕ ਪ੍ਰੋੜ੍ਹਤਾ ਹੀ ਦਰਸਾਈ ਹੈ। ਭਾਵੇਂ ਉਨ੍ਹਾਂ ਦਾ ਇਹ ਕੁਝ ਕਰਨ ਦਾ ਢੰਗ ਨਵੀਨ ਅਤੇ ਵਿਲੱਖਣ ਸੀ। ਵੈਸੇ ਗੁਰੂ ਜੀ ਦਾ ਸਾਰਾ ਜੀਵਨ ਹੀ ਨਾਟਕੀਅਤਾ ਭਰਪੂਰ ਰਿਹਾ ਹੈ ਜਿਸਨੂੰ ਪੜ੍ਹ ਸੁਣ ਕੇ ਅਸੀਂ ਠੀਕ ਗਲਤ ਕਈ ਕਿਸਮ ਦੀਆਂ ਅਟਕਲਾਂ ਲਗਾ ਸਕਦੇ ਹਾਂ। ਉਦਾਹਰਣ ਲਈ ਖਾਲਸਾ ਸਾਜਿਆ ਗਿਆ ਪਰ ਇਹ ਕਦੀ ਵੀ ਗੁਰੂ ਜੀ ਦੇ ਬਰਾਬਰ ਨਹੀਂ ਬਣਿਆ। ਇਤਿਹਾਸ ਗਵਾਹ ਹੈ ਕਿ ਗੁਰੂ ਜੀ ਆਪ ਖਾਲਸੇ ਪ੍ਰਤੀ ਹੁਕਮ ਭੇਜਦੇ ਰਹੇ ਜੇ ਇਹ ਨਾ ਹੁੰਦਾ ਤਾਂ ਖਾਲਸੇ ਨੂੰ ਗੁਰੂ ਜੀ ਨੂੰ ਅਗਲੇ ਜਾਂ ਰਹਿੰਦੇ ਜੀਵਨ ਲਈ ਉਨ੍ਹਾਂ ਤੋਂ ਉਚੇ ਹੋਣ ਕਰਕੇ ਹੁਕਮਨਾਮੇ ਭੇਜਦੇ ਰਹਿਣਾ ਚਾਹੀਦਾ ਸੀ। ਨਾਲੇ ਗੁਰੂ ਤਾਂ ਖਾਸ ਨਾਉਂ ਹੈ ਇਕੱਠਵਾਚੀ ਨਹੀਂ। ਗੁਰੂ ਜੀ ਦਾ ਫੈਸਲਾ ਕੁਨ ਮੱਤ ਹੈ—

ਨਾ ਜਾਪ ਆਨ ਕੋ ਜਪੋ,
ਨਾ ਆਉਰ ਥਾਪਨਾ ਥਪੋ।

(ਬਚਿਤ੍ਰ ਨਾਟਕ)

ਭਾਵ ਹੈ ਕਿ ਗੁਰੂ ਜੀ ਨੇ ਪਹਿਲੇ ਗੁਰੂਆਂ ਦੁਆਰਾ ਵਰਣਨ ਮੱਤ ਨੂੰ ਸਰਵੋਚਤਾ ਬਖਸ਼ੀ ਹੈ ਤੇ ਉਹੀ ਲੀਹ ਅਗੇ ਤੋਰੀ ਹੈ। ਹਾਂ ਇਕ ਗੱਲ ਜੋ ਗੁਰੂ ਜੀ ਨੇ ਆਪ ਵੀ ਮੰਨੀ ਹੈ ਉਹ ਹੈ ਆਪਣੇ ਜੀਵਨ ਦੀ ਵਿਲੱਖਣਤਾ। ਇਸੇ ਕਰਕੇ ਸ੍ਵੈਜੀਵਨੀ ਦਾ ਨਾਮ-ਕਰਣ 'ਬਚਿਤ੍ਰ ਨਾਟਕ' ਕੀਤਾ ਹੈ। ਇਹੋ ਨਾਟਕੀ ਗੁਣ ਉਨ੍ਹਾਂ ਦੇ ਜੀਵਨ ਵਿਚ ਹਰ ਅਵਸਰ ਵਿਚ ਮੌਜੂਦ ਹੈ— ਜਨਮ ਵੇਲੇ, ਬਚਪਨ ਵਿਚ ਜਵਾਨੀ ਵੇਲੇ, ਤੇ ਫਿਰ ਉਸ ਤੋਂ ਬਾਦ ਵੀ। ਜਨਮ ਸਮੇਂ ਭੀਖਮ ਸ਼ਾਹ ਵਾਲਾ ਨਾਟਕ, ਬਚਪਨ ਵਿਚ ਸਾਥੀਆਂ ਨਾਲ ਖੇਡਣ ਸਮੇਂ ਕੀਤੇ ਕਲੋਲ, ਖਾਲਸਾ ਪੰਥ ਦੀ ਨਾਟਕੀ ਸਾਜਨਾ, ਅਨੰਦ ਪੁਰ ਦੇ ਕਿਲੇ ਨੂੰ ਤਿਆਗਣਾ, ਚਮਕੌਰ ਦੀ ਗੜ੍ਹੀ ਤੇ ਉਚ ਦੇ ਪੀਰ ਵਾਲਾ ਨਾਟਕ, ਮੁਕਤਿਆਂ ਵਾਲੀ ਘਟਨਾ, ਪਿਤਾ ਦੇ ਹਤਿਆਰੇ ਦੇ ਪੁਤਰ ਬਹਾਦਰ ਸ਼ਾਹ ਨਾਲ ਸੰਪਰਕ, ਅਲੋਪ ਹੋਣ ਵਾਲਾ ਨਾਟਕ, ਗੁਪਤ ਜੀਵਨ ਜੀਉਣਾ ਆਦਿ ਉਨ੍ਹਾਂ ਦੇ ਜੀਵਨ ਨੂੰ ਵਚਿੱਤਰ ਰੂਪ ਦੇਣ ਵਾਲੀਆਂ ਘਟਨਾਵਾਂ ਹੀ ਤਾਂ ਹਨ।

ਹਾਂ ਸ੍ਰੀ ਹਜ਼ੂਰ ਸਾਹਿਬ ਤੋਂ ਅਲੋਪ ਹੋਣ ਵਾਲੀ ਘਟਨਾ, ਮੇਰੇ ਵਿਚਾਰ ਅਨੁਸਾਰ ਉਨ੍ਹਾਂ ਦੇ ਜੀਵਨ ਦੀ ਸਭ ਤੋਂ ਨਾਟਕੀ ਸੀ, ਜਿਸਨੇ ਸਿਖ ਇਤਿਹਾਸ ਨੂੰ ਵਧੇਰੇ ਪ੍ਰਭਾਵਤ ਕੀਤਾ ਕਿਉਂਕਿ ਬਹੁਤੇ ਲਿਖਾਰੀ, ਇਸੇ ਸਮੇਂ ਗੁਰੂ ਜੀ ਨੂੰ ਦੇਹ ਦਾ ਉਹਲਾ ਕਰਦੇ ਦਸਦੇ ਹਨ। ਪਰ ਇਹ ਵਿਦਵਾਨ ਸ੍ਰੀ ਗੁਰੂ ਗੋਬਿੰਦ ਸਿੰਘ

Sri Satguru Jagjit Singh Ji Elibrary NamdhariElibrary@gmail.com

ਜੀ ਨਾਲ ਸਬੰਧਤ ਵਾਕਿਆਤ ਜੋ 1708 ਈਸਵੀਂ ਤੋਂ ਬਾਦ ਦੇ ਹਨ ਤੇ ਜਿਨ੍ਹਾਂ ਦੇ ਠੋਸ ਸਬੂਤ ਵੀ ਹਨ, ਸਬੰਧੀ ਕੀ ਰਾਇ ਰਖਦੇ ਹਨ, ਇਹ ਮੇਰੀ ਸਮਝ ਤੋਂ ਬਾਹਰੀ ਗਲ ਹੈ । ਮਨਮਾੜ ਵਾਲਾ ਪਵਿੱਤਰ ਗੁਰਦੁਆਰਾ ਭਦੌੜ ਨਿਵਾਸ ਆਦਿ ਉਹ ਚਿੰਨ ਹਨ ਜਿਨ੍ਹਾਂ ਬਾਰੇ ਕਿੰਤੂ ਨਹੀਂ ਕੀਤਾ ਜਾ ਸਕਦਾ । ਪਰ ਇਹ ਸਥਾਨ 1708 ਈਸਵੀਂ ਤੋਂ ਬਾਦ ਵਾਲੀਆਂ ਘਟਨਾਵਾਂ ਨਾਲ ਸਬੰਧਤ ਹਨ ।

ਤੇ ਫਿਰ ਇਸੇ ਦੌਰਾਨ ਗੁਰੂ ਜੀ ਆਪਣੀ ਗੁਰ-ਗੱਦੀ ਵਾਲੀ ਅਮਾਨਤ ਨੂੰ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਸੌਂਪ ਕੇ ਆਪਣੇ ਪਹਿਲਕਿਆਂ ਵਾਲੀ 'ਸਦ ਪੀੜੀ ਗੁਰੂ ਚਲੰਦੀ' ਵਾਲੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਹਨ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਰ੍ਹਾਂ ਕਿਉਂ ਕੀਤਾ ? ਇਹ ਉਹ ਪ੍ਰਸ਼ਨ ਹੈ ਜਿਸ ਦੇ ਉਤਰ ਨੂੰ ਗੁਰਮਤਿ ਅਨੁਸਾਰ 'ਰਜਾਅ' ਕਿਹਾ ਜਾਂਦਾ ਹੈ । ਇਤਿਹਾਸ ਗਵਾਹ ਹੈ ਕਿ ਜਦੋਂ ਇਕ ਗੁਰੂ ਨੇ ਆਪਣੇ ਤੋਂ ਅਗਲੇ ਗੁਰੂ ਨੂੰ ਗੱਦੀ ਬਖਸ਼ਸ਼ ਕੀਤੀ ਤਾਂ ਇਸ ਕਾਰਜ ਵਿਚ ਉਨਾਂ ਨੇ ਆਪਣਾ ਹੀ ਵਿਸ਼ੇਸ਼ ਢੰਗ ਵਰਤਿਆ । ਕਿਸੇ ਦੀ ਸਲਾਹ ਕਦੀ ਨਹੀਂ ਲਈ ਕਿਉਂਕਿ ਇਹ ਉਹ ਪ੍ਰਕਿਰਿਆ ਹੈ ਜਿਸ ਵਿਚ ਇਕ ਆਦਰਸ਼ ਆਤਮਕ ਤੇ ਉਹ ਅਧਿਆਤਮਕ ਅਨੁਭਵ ਵਾਲੇ ਵਿਅਕਤੀ ਦੁਆਰਾ ਐਸੇ ਹੀ ਸਦਗੁਣਾ ਵਾਲੇ ਵਿਅਕਤੀ ਦੀ ਚੋਣ ਹੁੰਦੀ ਹੈ । ਇਸੇ ਕਰਕੇ ਇਹ ਸੋ ਵਿਰੋਧਤਾਵਾਂ ਤੇ ਰੁਕਾਵਟਾਂ ਦੇ ਹੁੰਦਿਆਂ ਹੋਇਆਂ ਵੀ ਬੇਰੋਕ ਚਲਦੀ ਰਹਿੰਦੀ ਹੈ ।

ਸੁ ਇਤਨੀ ਉਚ ਆਤਮਕ ਅਵਸਥਾ ਦਾ ਧਾਰਨੀ ਪਰਮ ਮਨੁੱਖ ਲੋੜੀਂਦਾ ਕਿਉਂ ਹੈ ? ਇਸ ਦਾ ਉਦੇਸ਼ ਅਤੇ ਕਾਰਜ ਕੀ ਹੈ ? ਇਹ ਸੰਖੇਪ ਚਰਚਾ ਵੀ ਇਸ ਦੇ ਮਹੱਤਵ ਦੇ ਸੰਦਰਭ ਵਿਚ ਬਹੁਤ ਜ਼ਰੂਰੀ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਬਾਰੇ ਇਕ ਸਿਧਾਂਤ ਸਥਾਪਨ ਕੀਤਾ ਹੈ—

'ਗੁਰ ਬਿਨੁ ਗਿਆਨ, ਧਰਮ ਬਿਨੁ ਧਿਆਨ ।
ਸਚ ਬਿਨੁ ਸਾਖੀ ਮੂਲੋ ਨਾ ਬਾਕੀ ।'

ਭਾਵ 'ਗਿਆਨ' ਸਤਿਗੁਰੂ ਕਰਾਂਦਾ ਹੈ । ਇਸ ਵਿਚਾਰ ਦੀ ਪ੍ਰੋੜਤਾ ਸਭ ਲਿਖਾਰੀ ਗੁਰੂ ਅਤੇ ਭਗਤਾਂ ਨੇ ਕੀਤੀ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਬਿਲਕੁਲ ਸਪਸ਼ਟ ਉਚਾਰਿਆ ਹੈ—

ਗਿਆਨ ਅੰਜਨੁ ਗੁਰੁ ਦੀਆ,
ਅਗਿਆਨ ਅੰਧੇਰ ਬਿਨਾਸੁ ।
ਹਰਿ ਕ੍ਰਿਪਾ ਤੇ ਸੰਤ ਭੇਟਿਆ,
ਨਾਨਕ ਮਨ ਪ੍ਰਗਾਸੁ ।

ਸਾਫ ਹੈ ਗੁਰੂ ਦੁਆਰਾ ਬਖਸ਼ਸ਼ ਕੀਤੇ ਗਿਆਨ ਰਾਹੀਂ ਅਗਿਆਨ ਨਸ਼ਟ ਹੋ ਜਾਂਦਾ ਹੈ । 'ਗਿਆਨ' 'ਅਗਿਆਨ' ਸ਼ਬਦਾਂ ਦਾ ਅਰਥ ਸਮਝਣਾ ਬਹੁਤ ਲਾਜ਼ਮੀ ਹੈ । ਸਤਿਗੁਰੂ ਕਿਵੇਂ ਗਿਆਨ ਦੇਂਦਾ ਹੈ ?

'ਮੰਤ੍ਰੁ ਦੀਓ ਗੁਰੂ ਕਾਨੁ'
ਤੇ
ਸਮਰਥੁ ਗੁਰੂ ਸਿਰ ਹਥ ਧਰਿਉ,
ਗੁਰੁ ਕੀਨੀ ਕਿਰਪਾ ਹਰਿ ਨਾਮ ਦੀਉ ।

ਸੋ ਗੁਰੂ ਨਾਮ ਦੀ ਦਾਤ ਰਾਹੀਂ ਗਿਆਨ ਰੂਪੀ ਚਰਾਗ ਮਨੁਖ ਦੇ ਅੰਦਰ ਬਾਲਦਾ ਹੈ । ਸ਼ਾਇਦ ਇਸੇ ਕਾਰਜ ਸ਼ੀਲਤਾ ਦੇ ਉਦੇਸ਼ ਨੂੰ ਭਾਈ ਗੁਰਦਾਸ ਜੀ ਨੇ ਵੀ ਬਿਆਨਿਆ ਹੈ—

'ਬੇਦ ਗਰੰਥ ਗੁਰ ਹਟਿ ਹੈ,
ਜਿਸੁ ਲਗਿ ਭਵਜਲ ਪਾਰਿ ਉਤਾਰਾ ।
ਸਤਿਗੁਰੂ ਬਾਝ ਨਾ ਬੁਝੀਐ,
ਜਿਚਰੁ ਧਰੇ ਨਾ ਗੁਰ ਅਵਤਾਰਾ ।'

ਦੂਸਰੇ ਵਿਦਵਾਨ 'ਗਿਆਨ' ਦਾ ਭਾਵ 'ਗਿਆਨ ਮਾਰਗੀਆਂ' ਵਾਂਗ ਵੇਦ, ਸਾਸ਼ਤਰਾਂ ਤੇ ਧਾਰਮਕ ਗਰੰਥਾਂ ਦੇ ਗਿਆਨ ਤੋਂ ਲੈਂਦੇ ਹਨ ਜੋ ਗੁਰਮਤਿ ਨਹੀਂ । ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਿਖ ਧਰਮ ਮੁਖ ਰੂਪ ਵਿਚ ਭਗਤੀ ਮਾਰਗ ਦਾ ਪ੍ਰੇਰਕ ਹੈ ਕਿਉਂਕਿ 'ਗੁਰਮੁਖੁ ਗਾਡੀ ਰਾਹ ਚਲਾਇਆ' ਵਾਲਾ ਸੰਦੇਸ਼ ਤੇ 'ਪੜਿਆ ਅਨਪੜਿਆ ਪਰਮ ਗਤ ਪਾਵੇ' ਵਾਲਾ ਮਹਾਂ-

Sri Satguru Jagjit Singh Ji Elibrary NamdhariElibrary@gmail.com

ਵਾਕ ਇਸ ਦੇ ਸਪਸ਼ਟ ਸਬੂਤ ਹਨ।

ਹੁਣ ਵੇਖਣਾ ਇਹ ਹੈ ਕਿ ਦੂਸਰੇ ਸਿਧਾਂਤ ਭਾਵ 'ਸ਼ਬਦ ਗੁਰੂ' 'ਗਰੰਥ ਗੁਰੂ' ਨੂੰ ਪੇਸ਼ ਕਰਨ ਵਾਲੇ ਵਿਦਵਾਨ ਆਪਣੇ ਉਦੇਸ਼ ਵਿਚ ਸੁਫਲ ਹਨ ਕਿ ਅਸਫਲ ਹਨ। ਅਜ ਬਹੁਤੀ ਪ੍ਰੇਸ ਉਨ੍ਹਾਂ ਦੀ ਹੈ ਬਹੁਤਾ ਪ੍ਰਚਾਰ ਉਨ੍ਹਾਂ ਦਾ ਹੈ ਪਰ ਕੁਝ ਗਲਾਂ ਹਨ ਜਿਸਦਾ ਅਨੁਭਵ ਉਨ੍ਹਾਂ ਨੇ ਸ਼ਾਇਦ ਕਦੀ ਨਹੀਂ ਕੀਤਾ। ਉਹ ਹੈ ਇਕ ਮਨੋਵਿਗਿਆਨ ਸੱਚ ਆਦਰਸ਼ ਮਨੁਖ ਦੀ ਲੋੜ। ਉਹਨਾਂ ਦੀਆਂ ਸਟੇਜਾਂ ਉਤੇ ਹੀ ਬੜੀ ਉਚੀ ਉਚੀ ਅਵਾਜ ਵਿਚ ਗਾਇਆ ਜਾਂਦਾ ਹੈ – ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੁਬਾਰਾ ਆਉਣ ਲਈ ਪੁਕਾਰਿਆ ਜਾਂਦਾ ਹੈ। ਉਦਾਹਰਣ ਲਈ 'ਜਮਲੇ ਜੱਟ ਦੀ ਤੂੰਬੀ ਪਈ ਵਾਜਾਂ ਮਾਰਦੀ' 'ਆਜਾ ਬਾਜਾਂ ਵਾਲਿਆ' ਆਦਿ। ਏਨੇ ਪਰਚਾਰ ਦੇ ਬਾਵਜੂਦ ਵੀ ਇਹ ਲਗਾਤਾਰ ਜਾਰੀ ਹਨ ਜੋ ਇਸ ਗਲ ਦਾ ਨਿਸ਼ਚਾ ਕਰਾਂਦੇ ਹਨ ਕਿ ਇਕ ਮਨੁੱਖ ਹੀ ਮਨੁਖ ਦਾ ਪਾਰ ਉਤਾਰਾ ਕਰ ਸਕਦਾ ਹੈ।

ਇਸ ਤੋਂ ਇਲਾਵਾ ਇਸੇ ਭਾਵਨਾ ਦੀ ਪੂਰਤੀ ਲਈ ਕਰੀਬ ਹਰ ਮਨੁੱਖ ਹੀ ਕਿਸੇ ਨ ਕਿਸੇ ਸਾਧ ਦੀ ਚਰਨੀ ਲਗ ਕੇ ਆਪਣੀਆਂ ਲੋੜਾਂ ਦੀ ਪੂਰਤੀ ਅਤੇ ਆਤਮਕ ਸ਼ਾਂਤੀ ਦੀ ਪ੍ਰਾਪਤੀ ਕਰਦਾ ਹੈ। ਇਹ ਪ੍ਰਕਿਰਿਆ ਸਿਖਾਂ ਵਿਚ ਵੀ ਚਲਦੀ ਰਹੀ ਹੈ ਤੇ ਚਲਦੀ ਰਹੇਗੀ। ਜਿਸ ਮਨੁਖ ਤੋਂ ਇਹ ਪ੍ਰਾਪਤੀ ਕਰਦਾ ਹੈ ਉਸਨੂੰ 'ਸੰਤ ਕਹੋ, ਗੁਰੂ ਕਹੋ, ਰਾਮ ਕਹੋ' ਇਸ ਵਿਚ ਕੋਈ ਫਰਕ ਨਹੀਂ ਕਿਉਂਕਿ 'ਸੰਤ ਰਾਮ ਹੈ ਏਕੋ। ਸਾਰੇ ਮਨੁਖਾਂ ਦਾ ਇਕ ਗੁਰੂ ਹੋਵੇ ਇਹ ਵੀ ਜ਼ਰੂਰੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਬਲਿਹਾਰੀ ਗੁਰ ਆਪਣੇ, ਦਿਉਹਾੜੀ ਸਦਵਾਰੁ,
ਜਿਨ੍ਹ ਮਾਨਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰੁ।

(ਆਸਾ ਦੀ ਵਾਰ)

'ਆਪਣਾ' ਸ਼ਬਦ ਵਖ-ਵਖ ਗੁਰੂ ਦੀ ਹੋਂਦ ਦਾ ਪਰਿਚਾਇਕ ਹੈ ਤੇ ਇਸ ਦੀ ਵਰਤੋਂ ਸਾਰੀ ਗੁਰਬਾਣੀ ਵਿਚ ਇਕ ਨਹੀਂ ਸੈਂਕੜੇ ਵਾਰ ਕੀਤੀ ਗਈ ਹੈ। ਲੇਖ ਦੇ ਆਕਾਰ ਨੂੰ ਦ੍ਰਿਸ਼ਟੀ ਗੋਚਰ ਕਰਦੇ ਹੋਏ ਅੰਤ ਵਿਚ ਇਤਨਾ ਹੀ ਕਹਿਣਾ ਠੀਕ ਹੈ ਕਿ ਗੁਰਬਾਣੀ ਦੇ ਆਸ਼ੇ ਅਨੁਸਾਰ ਸਤਿਗੁਰੂ ਤੋਂ ਬਿਨਾਂ ਅਧਿਆਤਮਕ ਉਚਤਾ ਤੇ ਆਤਮਕ ਗਿਆਨ ਪ੍ਰਾਪਤ ਨਹੀਂ ਹੋ ਸਕਦਾ ਤੇ ਸਤਿਗੁਰੂ ਵੀ ਸਿਰਫ ਦੇਹਧਾਰੀ ਹੀ ਹੋ ਸਕਦਾ ਹੈ।

(ਪੇਜ ਨੰ: 4 ਦੀ ਬਾਕੀ)

ਵਰਨੀ ਅਰੰਭੀ ਜਿਹੜੀ ਛਵੀਂ ਘੰਟੇ ਜਾਰੀ ਰਹਿੰਦੀ ਹੈ, ਤੇ ਹਵਨ ਵੀ ਹੁੰਦਾ ਰਹਿੰਦਾ ਹੈ। ਜਦ ਉਨਾਂ ਭਿਆਨਕ ਸਮੇਂ ਨੂੰ ਮੁਖ ਰਖਦਿਆਂ ਸ੍ਰੀ ਜੀਵਨ ਨਗਰ ਵਸਾਇਆ ਤਾਂ ਹਵਨ ਸਹਿਤ ਵਰਨੀ ਅਰੰਭ ਦਿਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਨਾਂ ਵਰਨੀਆਂ ਨਾਲ ਇੱਕ ਇੱਕ ਹੋਰ ਵਰਨੀ ਅਰੰਭ ਕਰ ਦਿਤੀ। ਸਮੇਂ ਦੇ ਮਾਲਿਕ ਜਿਹੜਾ ਕੋਈ ਨਵਾ ਕਾਰਜ ਆਰੰਭ ਕਰਦੇ ਹਨ, ਜਾਂ ਕਿਸੇ ਸਮਾਗਮ ਦੀ ਤਿਆਰੀ ਵਾਸਤੇ ਆਗਿਆ ਦੇਂਦੇ ਹਨ ਤਾਂ ਹਵਨ ਸਹਿਤ ਵਰਨੀ ਦਾ ਆਦੇਸ਼ ਜਾਰੀ ਕਰ ਦੇਂਦੇ ਹਨ। ਇਸ ਐਟਮ ਬੰਬ ਦੇ ਯੁਗ ਵਿਚ ਜੇ ਵਿਧੀ ਪੂਰਵਕ ਹਵਨ ਹੋਣ ਲਗ ਪੈਣ ਤਾਂ ਮਾਰੂ ਹਥਿਆਰਾਂ ਦੇ ਅਸਰ ਤੋਂ ਬਹੁਤ ਹੱਦ ਤੱਕ ਬਚਿਆ ਜਾ ਸਕਦਾ ਹੈ। ਕਿਉਂਕਿ ਗੁਪਤ ਸ਼ੈਜਾ ਹਵਨ ਨਾਲ ਪ੍ਰਸੰਨ ਹੁੰਦੀਆਂ ਹਨ ਤੇ ਉਹ ਭਾਂਬੜਾਂ ਵਿੱਚੋਂ ਵੀ ਬਚਾ ਸਕਦੀਆਂ ਹਨ, ਜਿਵੇਂ ਪ੍ਰਹਿਲਾਦ ਦੀ ਰਖਿਆ ਹੋਈ ਸੀ।

Sri Satguru Jagjit Singh Ji Elibrary NamdhariElibrary@gmail.com

ਸਿਖੀ ਆਚਰਣ

ਸ: ਸਾਧੂ ਸਿੰਘ ਕਿਸਾਨ
ਰਾਮਪੁਰ (ਸਿਰਸਾ)

ਚੰਗਾ ਆਚਰਣ, ਨੇਕ ਆਚਰਣ, ਵਧੀਆ ਆਚਰਣ, ਅਤਿ ਵਧੀਆ ਆਚਰਣ, ਤੇ ਜਦੋਂ ਕਿਸੇ ਦਾ ਆਚਰਣ ਸਿਖਰ ਤੇ ਪੁਜ ਜਾਵੇ, ਓਦੋਂ ਓਹ ਸਿਖੀ ਆਚਰਣ ਹੋ ਜਾਂਦਾ ਏ, ਸਿਖੀ ਆਚਰਣ ਦੀ ਪ੍ਰਾਪਤੀ ਵਾਸਤੇ ਉਮਰਾਂ ਦੀ ਘਾਲਣਾ ਕਰਨੀ ਪੈਂਦੀ ਏ—ਇਹ ਕੋਈ ਰਾਹੇ ਰੁਲਦੀ ਵਾਤ ਨਹੀਂ, ਇਹਦੀ ਪ੍ਰਾਪਤੀ ਪ੍ਰਮੇਸ਼ਰ ਪ੍ਰਾਪਤੀ ਨਾਲੋਂ ਵੀ ਮੁਸ਼ਕਲ ਏ ਪ੍ਰਮੇਸ਼ਰ ਪ੍ਰਾਪਤੀ ਕੋਈ ਧੰਨੇ ਜੱਟ ਵਾਂਗ ਹਠ ਨਾਲ ਵੀ ਕਰ ਸਕਦਾ ਏ। ਪਰ ਸਿਖੀ ਆਚਰਣ ਧਨ, ਤਨ ਤੇ ਅਖੀਰ ਮਨ ਦਿਤਿਆਂ ਵੀ ਜੇ ਪ੍ਰਾਪਤ ਹੋ ਜਾਇ, ਤਾਂ ਕੋਈ ਬਹੁਤਾ ਮੁਲ ਨਹੀਂ ਗਿਣਿਆਂ ਜਾ ਸਕਦਾ।

ਸਿਖੀ ਆਚਰਣ ਦੀਆਂ ਸਭ ਤੋਂ ਪਹਿਲਾਂ, ਤੇ ਉਚੀਆਂ ਟੀਸੀਆਂ ਸਰ ਕੀਤੀਆਂ, ਭਾਈ ਲਹਿਣੇ ਨੇ ਜਿਦੀ ਆਚਰਣਕ ਉਚਿਆਈ ਤੋਂ ਪ੍ਰਭਾਵਤ ਹੋਕੇ, ਗੁਰੂ ਨਾਨਕ ਜੀ ਨੂੰ, ਬਚਿਆਂ ਦਾ ਮੋਹ ਤਿਆਗ ਕੇ, ਲਹਿਣੇ ਨੂੰ, ਅੰਗਦ ਬਨਾਣਾਂ ਪਿਆ। ਸਿਖੀ ਆਚਰਣ ਦੀਆਂ ਅਤਿ ਔਖੀਆਂ ਘਾਟੀਆਂ ਲੰਘੀਆਂ, ਬੁਢੇ ਅਮਰ ਦਾਸ ਨੇ, ਜਿਦਾ ਮੁੱਲ ਗੁਰੂ ਅੰਗਦ ਦੇਵ ਜੀ ਨੂੰ ਅਮਰੂ ਨਿਥਾਵੇਂ ਨੂੰ ਨਿਥਾਵਿਆਂ ਦਾ ਥਾਂ ਤੇ, ਨਿਮਾਣਿਆਂ ਦਾ ਮਾਣ-ਥਾਪ ਕੇ, ਪਾਣਾਂ ਪਿਆ।

ਜਿਸ ਤਰ੍ਹਾਂ ਕੋਈ ਜਿਓਂਦਾ ਜਾਗਦਾ ਸ਼ਾਹਕਾਰ ਤਿਆਰ ਕਰਨ ਵਾਸਤੇ, ਚਿਤਰ ਕਾਰ ਨੂੰ, ਆਪਣੇ ਸਭ ਤੋਂ ਮਹਿੰਗੇ ਪਲ, ਸਭ ਤੋਂ ਕੀਮਤੀ ਜਜ਼ਬੇ ਕੁਰਬਾਨ ਕਰਨੇ ਪੈਂਦੇ ਨੇ ਏਸ ਤਰਾਂ ਗੁਰੂ ਨਾਨਕ ਦੇਵ ਜੀ ਨੂੰ, ਸਿਖੀ ਆਚਰਣ ਦੀ ਉਸਾਰੀ ਵਾਸਤੇ ਦੁਨੀਆਂ ਦੀ ਸਭ ਤੋਂ ਮੁਲਵਾਨ ਚੀਜ਼, ਆਪਣੇ ਪੁਤਰ-ਨਜ਼ਰ ਅੰਦਾਜ਼ ਕਰਨੇ ਪਏ, ਤੇ ਆਪਣੀ .ਜ਼ਿੰਦਗੀ ਭਰ ਦੀ ਮੇਹਨਤ, ਤਜ਼ਰਬਾ, ਤੇ ਕਮਾਈ, ਸਿਖੀ ਆਚਰਣ ਦੇ ਪ੍ਰਤੀਕ ਲਹਿਣੇ ਨੂੰ ਸੋਂਪਣੀ ਪਈ ਜਿਵੇਂ ਫੁਲਾਂ ਦਾ ਸਿਰਤਾਜ ਗੁਲਾਬ, ਕਿਸੇ ਯੋਗ ਮਾਲੀ ਦੀ ਨਿਗਰਾਨੀ ਹੇਠ ਈ, ਆਪਣੀ ਭਰਪੂਰ ਬਹਾਰ ਵਖਾ ਸਕਦਾ ਏ ਤਿਵੇਂ ਸਿਖੀ ਆਚਰਣ ਵੀ, ਕਿਸੇ ਅਤਿ ਸਯੋਗ ਤੇ ਕਦਰ ਦਾਨ ਸਤਿਗੁਰੂ ਦੀ ਅਗਵਾਈ ਹੇਠ ਈ ਪ੍ਰਫੁਲਤ ਹੋ ਸਕਦਾ ਏ। ਇਤਿਹਾਸ ਵਿਚ ਮਿਸਾਲ ਮਿਲਣੀ ਮੁਸ਼ਕਲ ਏ, ਕਿ ਕੋਈ ਗੁਰੂ, ਆਪਣੇ ਚੇਲਿਆਂ ਤੋਂ, ਮੁਆਫ਼ੀ ਵੀ ਮੰਗੇ, ਤੇ, ਡੰਨ ਵੀ ਲੁਆਏ, ਕਿਸ ਵਾਸਤੇ? ਸਿਖੀ ਆਚਰਣ ਦੀ ਪਕਿਆਈ ਪਰਖਣ ਵਾਸਤੇ। ਕੇਡੀ ਅਨੋਖੀ ਪ੍ਰਵਾਨਗੀ ਏ ਕਿ, ਸਤਿਗੁਰੂ ਸਿਖਾਂ ਦੇ ਕੰਮ ਨੂੰ, ਆਪਣੇ ਜਿੰਮੇ ਲੈਕੇ, ਦੇਸੋਂ ਪ੍ਰਦੇਸ ਚਲਾ ਜਾਵੇ।

ਸਿਖੀ ਆਚਰਣ ਵਿਚ, ਓੜਕਾਂ ਦੀ ਖਿੱਚ ਹੁੰਦੀ ਏ। ਜਦੋਂ ਕੋਈ, ਇਹਦੇ ਘੇਰੇ ਵਿਚ ਆ ਜਾਂਦਾ ਏ, ਓਦੋਂ ਓਹ, ਇਹਦੇ ਵਲ ਖਿਚੀਂਦਾ ਈ ਤੁਰਿਆ ਆਉਂਦਾ ਏ। ਇਹਦੀ ਖੁਸ਼ਬੋ, ਜਿਥੇ ਵੀ ਪੁਜਦੀ ਏ ਸਰਸ਼ਾਰ ਈ ਕਰੀ ਜਾਂਦੀ ਏ ਤੇ ਇਹੀ ਮਹਿਕ ਦੁਸ਼ਮਨਾਂ ਨੂੰ ਵੀ ਇਹਦੀ ਸਿਫ਼ਤ ਕਰਨ ਤੇ, ਮਜਬੂਰ ਕਰ ਦੇਂਦੀ ਏ ਤੇ ਅਸਲ ਸਿਫ਼ਤ ਓਹੋ ਈ ਹੋਂਦੀ ਏ, ਜੋ ਦੁਸ਼ਮਣ ਵੀ ਕਰੇ। ਸਿਖਾਂ ਦਾ ਇਕ ਕੱਟੜ ਵਿਰੋਧੀ

Sri Satguru Jagjit Singh Ji Elibrary NamdhariElibrary@gmail.com

ਜੇਹੜਾ ਤਨੋਂ ਮਨੋਂ ਸਾੜੇ ਦਾ ਭਰਿਆ ਪਿਐ। ਜੇਹੜਾ ਗਲ ਕਰਨ ਲਗਿਆਂ ਅਚੇਤ ਹੀ ਆਪਣੇ ਇਖ਼ਲਾਕ ਦਾ ਵਖਾਲਾ ਵੀ ਪਾਈ ਜਾਂਦਾ ਏ—ਕਹਿੰਦਾ ਏ 'ਚੁਨਾਂ ਹਮ ਨਾਂ ਬਾਸ਼ਦ, ਮਿਆਨੇ ਸਗਾਂ'—ਇਹਨਾਂ ਕੁਤਿਆਂ ਵਿਚ, ਵਿਭਚਾਰ ਹੈ ਈ ਨਹੀਂ। 'ਨਾਂ ਦੁਜ਼ਦੀ ਬਵਦ, ਬਾਰਿਆ ਅਹਰਿਵਾਂ'—ਇਹ ਕੰਬਖ਼ਤ ਚੋਰੀ ਕਰਨਾ ਵੀ ਨਹੀਂ ਜਾਣਦੇ।

ਇਹ ਸਿੱਖੀ ਇਖ਼ਲਾਕ ਹੀ ਸੀ, ਜਿਹੜਾ, ਚਲਦੀ ਲੜਾਈ ਵਿਚ, ਆਪਣਿਆਂ ਨੂੰ ਪਾਣੀ ਪਿਆਣ ਦੀ ਜ਼ਿੰਮੇਵਾਰੀ ਲਗਿਆਂ—ਦੁਸ਼ਮਨਾਂ ਨੂੰ ਵੀ ਪਾਣੀ ਪਿਆ ਕੇ, ਆਪਣਿਆਂ ਦੇ ਸਾਹਵੇਂ, ਲੜਨ ਵਾਸਤੇ, ਖੜੇ ਕਰੀ ਜਾਂਦਾ ਏ—ਤੇ ਇਨਾਮ ਵਿਚ ਮਲ੍ਹਮ ਦੀ ਡਬੀ ਵੀ ਹਾਸਲ ਕਰ ਲੈਂਦਾ ਏ। ਇਹ ਸਿੱਖੀ ਚਾਲ ਚਲਨ ਹੀ ਸੀ, ਜਿਸ ਹਕੂਮਤ, ਤੇ ਆਮ ਲੋਕ ਵੀ ਦੁਸ਼ਮਣ ਹੁੰਦਿਆਂ—ਆਮ ਲੋਕਾਂ ਵਿਚੋਂ ਹੀ, ਆਪਣੇ ਪੈਰੋਕਾਰ ਪ੍ਰਾਪਤ ਕੀਤੇ। ਇਹੀ ਸਿਖੀ ਕਿਰਦਾਰ ਹੀ ਸੀ, ਜਿਸ ਇਕ ਈਸਾਈ ਦੇ ਮੂੰਹੋਂ ਅਖਵਾਇਆ ਕਿ ਅਸੀਂ ਤੇ ਐਵੇਂ ਇਕ ਈਸਾ ਤੇ ਮਾਨ ਕਰੀ ਫਿਰਨੇ ਆਂ, ਏਥੇ ਤੇ ਅਨੇਕਾਂ ਹੀ ਈਸਾ, ਜਲਵਾਗਰ ਹੋ ਰਹੇ ਨੇ—ਇਹ ਸਿਖੀ ਇਚਮ ਹੀ ਸੀ ਜਿਸ ਅੰਗਰੇਜ਼ ਵਰਗੇ ਕੀਨਾ ਖੋਰ ਵੈਰੀ ਦੀਆਂ ਮਿਸਲਾਂ ਵਿਚ ਲਿਖਵਾਇਆ ਕਿ ਕੂਕਾ ਝੂਠ ਨਹੀਂ ਬੋਲਦਾ। ਜਗੋਂ ਬਾਹਰੀ ਖੇਡ ਏ, ਰਸੇ ਹੋਏ ਆਚਰਣ ਵਾਲੇ ਸਿਖਾਂ ਦੀ, ਕਿ ਅਦਾਲਤੋਂ ਜਿਤਿਆ ਹੋਇਆ ਕੇਸ—ਪਰ ਯਾਦ ਆ ਜਾਣ ਤੇ ਗੁਰ ਇੱਛਾ ਦਾ ਸਤਿਕਾਰ ਕਰਦਿਆਂ — ਉਸੇ ਅਦਾਲਤ ਵਿਚ, ਮੂੰਹ ਕਾਲਾ ਕਰਕੇ ਭੁਲੀ ਹੋਈ ਅਮਾਨਤ ਜਾ ਵਾਪਸ ਕਰਨੀ ਪੱਕੇ ਹੋਏ ਕਿਰਦਾਰ ਵਾਲਾ ਸਿੱਖ ਆਰਥਕ ਤੰਗੀ ਆ ਜਾਣ ਕਰਕੇ ਦਵਾਲਾ ਕਢ ਕੇ ਇਲਾਕਾ ਛਡਕੇ ਚਲਾ ਜਾਂਦਾ ਏ। ਪਰ ਖੁਸ਼ਹਾਲੀ ਔਣ ਤੇ, ਵਿਆਜ ਦਰ ਵਿਆਜ ਗਿਣ ਕੇ, ਇਨਕਾਰ ਕਰਦਿਆਂ ਦੇ, ਦਰਵਾਜਿਆਂ ਤੇ ਸੁੱਟ ਆਉਂਦਾ ਏ। ਪਰ ਅਫ਼ਸੋਸ। ਕਿ ਅਜ ਅਸੀਂ ਸਿਖੀ ਆਚਰਣ ਨੂੰ ਨਿਰਾ ਤਿਆਗਿਆ ਹੀ ਨਹੀਂ ਸਗੋਂ ਉਹਦਾ ਦਵਾਲਾ ਵੀ ਕਢ ਦਿਤਾ ਏ। ਕੀ ਪਤਾ, ਅਸੀਂ ਅਜੇ ਹੋਰ ਕਿਹੜੀਆਂ ਡੂੰਘੀਆਂ ਖਡਾਂ 'ਚ ਜਾ ਡਿਗਣੇ ਜੇ ਸਿਖੀ ਆਚਰਣ ਨੂੰ ਨਾ ਸੰਭਾਲਿਆ ਤਾਂ......



Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਨਾਨਕ ਦੇਵ ਜੀ

ਲੇਖਕ—ਡਾ. ਕਾਲਾ ਸਿੰਘ ਬੇਦੀ
M.A. Ph. D.

ਸਿਖੀ ਪ੍ਰੰਪਰਾ ਅਨੁਸਾਰ ਜੀਵ ਇਸ ਸ੍ਰਿਸ਼ਟੀ ਵਿਚ ਰਹਿੰਦਿਆਂ, ਆਪਣੇ ਕਰਤਵਾਂ ਦਾ ਪਾਲਣ ਕਰਦਿਆਂ, ਹਸਦਿਆਂ, ਖੇਡਦਿਆਂ, ਕਿਰਤ ਕਰਦਿਆਂ ਤੇ ਪਰਵਿਰਤੀ ਮਾਰਗ ਉਪਰ ਤੁਰਦਿਆਂ ਕਿਵੇਂ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਬਾਰੇ ਗੁਰੂ ਨਾਨਕ ਦੇਵ ਜੀ ਹੇਠ ਲਿਖੇ ਪੱਖਾਂ ਉਪਰ ਕਾਫ਼ੀ ਰੋਸ਼ਨੀ ਪਾਂਦੇ ਹਨ—

1. ਗੁਰੂ ਦੁਆਰਾ ਲਕਸ਼ ਦੀ ਪ੍ਰਾਪਤੀ ਹੋ ਸਕਦੀ ਹੈ।
2. ਮਾਇਆ ਦੇ ਪ੍ਰਭਾਵ ਥਲੇ ਨਹੀਂ ਆਉਣਾ ਚਾਹੀਦਾ। ਸੰਸਾਰ ਹੁਕਮ ਦੀ ਖੇਡ ਹੈ।
3. ਹਉਮੈ ਦਾ ਤਿਆਗ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੈ।
4. ਪ੍ਰਮਾਤਮਾ ਕਾਦਰ ਹੈ, ਤੇ ਕੁਦਰਤ ਉਸ ਦੀ ਪੈਦਾ ਕੀਤੀ ਹੋਈ ਹੈ ਪਰ ਕੁਦਰਤ ਰਾਹੀਂ ਉਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ।
5. ਰਬੀ ਹੁਕਮ ਅਨੁਸਾਰ ਜੀਵਾਂ ਨੂੰ ਆਪਣੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ।
6. ਗੁਰਮੁਖ ਮਨ ਨੂੰ ਜਿਤਦਾ ਹੈ ਅਤੇ ਆਪਣਾ ਜਨਮ ਸਫਲ ਕਰਦਾ ਹੈ, ਇਸ ਦੇ ਉਲਟ ਮਨਮੁਖ ਮਨ ਅਧੀਨ ਬਾਜ਼ੀ ਹਾਰਦਾ ਹੈ।
7. ਸ਼ੁਭ ਗੁਣਾਂ ਦਾ ਹਾਸਲ ਕਰਨਾ ਹੀ ਰਬ ਦੇ ਰਾਹ ਉਪਰ ਤੁਰਨਾ ਹੈ।

ਧਰਮ ਦੇ ਖੇਤਰ 'ਚ ਗੁਰੂ ਨਾਨਕ ਨੇ ਕੁਰੀਤੀਆਂ ਵਹਿਮਾਂ, ਭਰਮਾਂ, ਅਡੰਬਰ, ਪਾਖੰਡ ਤੇ ਹੋਰ ਵਾਧੂ ਵਿਖਾਵਿਆਂ ਦੀ ਸਖਤ ਵਿਰੋਧਤਾ ਕੀਤੀ ਹੈ। ਨਿਕੰਮੇ ਤੇ ਬੇਲੋੜੇ ਰਸਮੋ-ਰਿਵਾਜਾਂ, ਫਜ਼ੂਲ ਵਹਿਮਾਂ ਤੇ ਭਰਮਾਂ ਦਾ ਪਾਜ ਖੋਲ੍ਹ ਕੇ ਸਿਧੇ ਤੇ ਅਮਲੀ ਜੀਵਨ ਜੀਊਣ ਬਾਰੇ ਕਿਹਾ ਹੈ। ਮੂਰਤੀ ਪੂਜਾ ਦਾ ਵੀ ਖੰਡਨ ਕੀਤਾ ਕਿਉਂਕਿ ਜਿਹੜੀਆਂ ਮੂਰਤੀਆਂ ਖੁਦ ਪਾਣੀ ਵਿਚ ਡੁੱਬ ਜਾਂਦੀਆਂ ਹਨ ਕਿਸੇ ਨੂੰ ਕਿਵੇਂ ਸੰਸਾਰ ਸਾਗਰ ਤੋਂ ਪਾਰ ਉਤਾਰ ਸਕਦੀਆਂ ਹਨ। ਸਤਿਗੁਰੂ ਦੀ ਸ਼ਰਨ ਲੈਣ ਦਾ ਉਪਦੇਸ਼ ਦਿਤਾ, ਤੇ ਸਤਿਸੰਗ ਵਿਚ ਰਹਿੰਦਿਆਂ ਨਾਮ ਸਿਮਰਨ ਲਈ ਜ਼ਬਰਦਸਤ ਪ੍ਰੇਰਨਾ ਦਿਤੀ।

"ਸਤ ਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ
ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ।"

ਨਾਮ ਸਿਮਰਨ, ਹਕ-ਹਲਾਲ ਦੀ ਕਮਾਈ, ਵੰਡ ਛਕਣਾ, ਪ੍ਰਮਾਤਮਾ ਤੇ ਉਸ ਦੀ ਰਚੀ ਸ੍ਰਿਸ਼ਟੀ ਨਾਲ ਪਿਆਰ ਕਰਨਾ ਹੀ ਸਚੀ ਭਗਤੀ ਹੈ। ਹਰੇਕ ਵਿਅਕਤੀ ਨੂੰ ਕਿਰਤ ਕਰਕੇ ਖਾਣ ਲਈ ਪ੍ਰੇਰਿਆ ਇਥੋਂ ਤਕ ਕਿ ਸਾਧੂਆਂ, ਸੰਤਾ ਅਤੇ ਦਰਵੇਸ਼ਾਂ ਆਦਿ ਨੂੰ ਮੰਗ ਕੇ ਖਾਣ ਤੋਂ ਵਰਜਿਆ।—

ਗੁਰ ਪੀਰ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

Sri Satguru Jagjit Singh Ji Elibrary NamdhariElibrary@gmail.com

ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਗੁਰਬਾਣੀ ਵਿਚ ਇੰਞ ਮਿਲਦੇ ਹਨ—

(1) ਗੁਰੂ ਦੀ ਅਗਵਾਈ ਹੇਠ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ।

(2) ਗੁਰਸਿਖ ਦਾ ਹਿਰਦਾ ਗਿਆਨ-ਪ੍ਰਕਾਸ਼ ਨਾਲ ਜਗਮਗਾ ਰਿਹਾ ਹੈ ਉਸ ਦਾ ਯਕੀਨ ਹੈ ਕਿ ਪਰਮਾਤਮਾ ਤੇ ਉਸ ਦੀ ਸ੍ਰਿਸ਼ਟੀ ਸੱਤ ਹੈ।

(3) ਅਗਿਆਨ ਵਸ ਮਨੁੱਖੀ ਜੀਵਨ ਨਾਸ਼ ਹੋ ਜਾਂਦਾ ਹੈ।

(4) ਸੱਤ ਦੀ ਪ੍ਰਾਪਤੀ ਗੁਰੂ ਪਾਸੋਂ ਹੁੰਦੀ ਹੈ ਤੇ ਸਚ ਦਾ ਜਾਨਣਾ ਹੀ ਅਸਲੀ ਗਿਆਨ ਹੈ।

(5) ਨਿਮ੍ਰਤਾ ਅਪਣਾਈ ਜਾਵੇ ਤੇ ਦਿਖਾਵੇ ਦੇ ਕਰਮ ਕਾਂਡਾਂ ਦਾ ਤਿਆਗ ਕੀਤਾ ਜਾਵੇ।

(6) ਸਭ ਤੋਂ ਉਤਮ ਸਾਧਨ ਭਗਤੀ ਹੈ।

(7) ਹਉਮੈ ਦੀ ਪਛਾਣ ਹੀ ਗਿਆਨ ਹੈ।

(8) ਸਚ ਦੀ ਕਮਾਈ ਕਰਨੀ ਚਾਹੀਦੀ ਹੈ।

(9) ਭਗਤ ਉਹ ਹੈ ਜੋ ਗਿਆਨਵਾਨ ਹੈ ਅਤੇ ਜਿਸ ਨੇ ਹਉਮੈ ਨੂੰ ਨਾਮ ਸਿਮਰਨ ਨਾਲ ਸਾੜ ਦਿਤਾ ਹੈ।

(10) ਬਹੁ ਦੇਵ ਪੂਜਾ ਤਿਆਗ ਕੇ ਇਕ ਸੱਚੇ ਦੀ ਉਪਾਸਨਾ ਕਰਨੀ ਚਾਹੀਦੀ ਹੈ।

(11) ਆਪਣੇ ਪ੍ਰਭੂਪਤੀ ਨੂੰ ਹਰ ਘੜੀ ਚੇਤੇ ਰਖੋ।

(12) ਰਬੀ ਹੁਕਮ ਅਨੁਸਾਰ ਜੀਵਨ ਢਾਲਣਾ ਅਤੀ ਜ਼ਰੂਰੀ ਹੈ, ਇਹ ਗਿਆਨ ਕੇਵਲ ਗੁਰੂ ਪਾਸੋਂ ਮਿਲਦਾ ਹੈ।

- ਗਿਆਨ ਕਾ ਬਧਾ ਮਨੁ ਰਹੈ,
  ਗੁਰ ਬਿਨੁ ਗਿਆਨੁ ਨ ਹੋਇ।

(13) ਜੋ ਲੋਕ ਰਬ ਨੂੰ ਛਡ ਕੇ ਦੂਜੇ ਦੇ ਪਿਆਰ ਵਿਚ ਲਗੇ ਹੋਏ ਹਨ, ਉਹ ਆਵਾਗਵਨ ਦੇ ਚਕਰ ਵਿਚ ਫਸੇ ਰਹਿਣਗੇ।

(14) ਮੰਦੇ ਚੰਗੇ ਦਾ ਫਲ ਖੁਦ ਹੀ ਭੋਗਣਾ ਪੈਂਦਾ ਹੈ। ਇਸ ਲਈ ਮੰਦਾ ਕਰਮ ਨਹੀਂ ਕਰਨਾ ਚਾਹੀਦਾ।

(15) ਗੁਰੂ ਕਿਰਪਾ ਹੋਵੇ ਤਦ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

(16) ਗਿਆਨੀ ਜਨਾਂ ਦੇ ਮਨ ਵਿਕਾਰਾਂ ਦੀ ਜੂਠ ਤੋਂ ਸੁਚੇ ਹੁੰਦੇ ਹਨ।

(17) ਆਪਣੀ ਕੀਤੀ ਹੋਈ ਕਮਾਈ ਹੀ ਅਗਲੀ ਦੁਨੀਆਂ ਵਿਚ ਮਿਲਦੀ ਹੈ।

(18) ਗੁਰੂ ਦੀ ਸ਼ਰਣ ਵਿਚ ਗਿਆਂ ਜੁਗਿਆਸੂ ਦੇ ਮਨ ਦੀਆਂ ਬੁਰਿਆਈਆਂ ਨਸ਼ਟ ਹੋ ਜਾਂਦੀਆਂ ਹਨ।

(19) ਕਿਸੇ ਨੂੰ ਬੁਰਾ ਤੇ ਮੰਦਾ ਨਹੀਂ ਕਹਿਣਾ ਚਾਹੀਦਾ।

(20) ਰਬੀ ਨਿਆਂ ਵਿਚ ਅਟਲ ਵਿਸ਼ਵਾਸ ਹੋਣਾ ਚਾਹੀਦਾ ਹੈ।

(21) ਮਿੱਠਾ ਬੋਲਣਾ ਮਨੁਖਤਾ ਦੀ ਨਿਸ਼ਾਨੀ ਹੈ, ਕਿਸੇ ਨੂੰ ਫਿੱਕਾ ਨਹੀਂ ਬੋਲਣਾ ਚਾਹੀਦਾ।

(22) ਚਾਕਰ ਉਹ ਹੈ ਜੋ ਮਾਲਕ ਦੀ ਸੇਵਾ ਕਰੇ ਤੇ ਉਸ ਦੀ ਬਰਾਬਰੀ ਦਾ ਦਮ ਨਾ ਮਾਰੇ।

(23) (ਅਗਿਆਨੀ) ਦਿਵਾਨੇ ਦੀ ਦੋਸਤੀ ਸਦਾ ਨੁਕਸਾਨ ਕਰਦੀ ਹੈ।

(24) ਗਿਆਨੀ ਮਨੁਖ ਸੰਸਾਰ ਵਿਚ ਕਿਸੇ ਨੂੰ ਆਪਣੇ ਨਾਲੋਂ ਘਟੀਆ ਤੇ ਨੀਵਾਂ ਨਹੀਂ ਵੇਖਦਾ।

ਗੁਰੂ

1. "ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ॥
   ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥"

ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਗੁਰੂ ਦਾ ਜੋ ਸਰੂਪ ਪੇਸ਼ ਕੀਤਾ ਹੈ ਉਹ ਇਕ ਰੂਹਾਨੀ ਚਾਨਣ ਮੁਨਾਰਾ ਹੈ, ਜਿਸ ਦੀ ਅਗਵਾਈ ਹੇਠ ਜੁਗਿਆਸੂ ਰਬੀ ਮਨਜ਼ਲ ਤਕ ਪਹੁੰਚ ਸਕਦਾ ਹੈ। ਗੁਰੂ ਉਹ ਰੂਹਾਨੀ ਆਗੂ ਹੈ ਜੋ ਮਨੁਖ ਨੂੰ ਪਸ਼ੂਤਾ ਤੋਂ ਉਪਰ ਚੁਕ ਕੇ ਮਨੁਖਤਾ ਤਕ ਲੈ ਜਾਂਦਾ ਹੈ ਤੇ ਉਥੋਂ ਅਗੇ ਅਗਵਾਈ

Sri Satguru Jagjit Singh Ji Elibrary NamdhariElibrary@gmail.com

ਕਰਕੇ ਰਬਤਾ ਤਕ ਜਾ ਪੁਜਾਉਂਦਾ ਹੈ। ਮਾਮੂਲੀ ਇਨਸਾਨ ਨੂੰ ਦੇਵਤਾ ਦੀ ਪਦਵੀ ਬਖਸ਼ਦਾ ਹੈ, ਐਸੇ ਗੁਰੂ ਉਪਰੋਂ ਬਲਿਹਾਰ ਜਾਣਾ ਚਾਹੀਦਾ ਹੈ।

2. "ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥"

ਗੁਰੂ ਜੀ ਫੁਰਮਾਉਂਦੇ ਹਨ ਕਿ ਜੋ ਮਨੁੱਖ ਕਿਤਾਬੀ ਗਿਆਨ ਤੇ ਨਿਜੀ ਅਨੁਭਵ ਰਾਹੀਂ ਕੁਝ ਰੂਹਾਨੀਅਤ ਦੀ ਮਨਜਲਾਂ ਨੂੰ ਸਮਝਣ ਲਗ ਜਾਏ, ਵਾਸਤਵ ਵਿਚ ਉਸ ਦਾ ਗਿਆਨ ਊਣਾ ਅਤੇ ਬਹੁਤ ਅਧੂਰਾ ਹੈ, ਜਦ ਤਕ ਉਹ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਜਾਏਗਾ, ਆਪਣੇ ਲਕਸ਼ ਦੀ ਪ੍ਰਾਪਤੀ ਨਹੀਂ ਕਰ ਸਕੇਗਾ, ਉਸ ਦੀ ਹਾਲਤ ਤਿਲ ਦੇ ਉਸ ਪੌਦੇ ਵਰਗੀ ਹੋਵੇਗੀ ਜਿਹੜਾ ਖੇਤ ਵਿਚ ਬੇਕਾਰ ਜਾਣ ਕੇ ਛਡ ਦਿਤਾ ਜਾਂਦਾ ਹੈ। ਉਸ ਤਿਲ ਦਾ ਕੋਈ ਮਾਲਕ ਨਹੀਂ ਹੁੰਦਾ, ਉਹ ਸਭ ਦੀਆਂ ਠੋਕਰਾਂ ਖਾਂਦਾ ਹੈ, ਤਿਵੇਂ ਹੀ ਗੁਰੂ ਵਿਹੀਨ ਜਗਿਆਸੂ ਦੀ ਹਾਲਤ ਹੁੰਦੀ ਹੈ।

3. "ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ ॥"

ਸਤਿਗੁਰੂ ਜੀ ਨੇ ਇਸ ਸਚਾਈ ਉਪਰ ਬਲ ਦਿਤਾ ਹੈ ਕਿ ਗੁਰੂ ਇਕ ਉਹ ਪ੍ਰਕਾਸ਼ ਹੈ ਜਿਸ ਦੇ ਸਹਾਰੇ ਅਸੀਂ ਇਲਾਹੀ ਪ੍ਰਕਾਸ਼ ਤਕ ਪੁਜਦੇ ਹਾਂ, ਇਹ ਪ੍ਰਕਾਸ਼ ਉਹ ਨੂਰ ਹੈ ਜਿਸ ਦੇ ਸਾਹਮਣੇ ਚੰਦ ਅਤੇ ਸੂਰਜ ਦੇ ਪ੍ਰਕਾਸ਼ ਵੀ ਤੁਛ ਹਨ, ਕਿਉਂਕਿ ਚੰਦ ਸੂਰਜ ਸਸਾਰਕ ਰੋਸ਼ਨੀ ਹੈ ਜਿਸ ਰੋਸ਼ਨੀ ਨੂੰ ਮਨੁਖ ਸ਼ਰੀਰਕ ਤੌਰ ਤੇ ਮਾਣ ਸਕਦਾ ਹੈ, ਗੁਰੂ ਇਕ ਰੂਹਾਨੀ ਪ੍ਰਕਾਸ਼ ਹੈ ਜਿਸ ਰਾਹੀਂ ਉਸ ਨੂਰ ਦੇ ਦਰਸ਼ਨ ਹੁੰਦੇ ਹਨ।

4. "ਨਦਰਿ ਕਰਹਿ ਜੇ ਆਪਣੀ
ਤਾ ਨਦਰੀ ਸਤਿਗੁਰੁ ਪਾਇਆ ॥
... ...
ਸਤਿਗੁਰਿ ਮਿਲਿਐ ਸਚੁ ਪਾਇਆ ਜਿਨੀ ਵਿਚਹੁ
ਆਪੁ ਗਵਾਇਆ ॥
ਜਿਨਿ ਸਚੋ ਸਚ ਬੁਝਾਇਆ ॥ ੪ ॥

ਗੁਰੂ ਨਾਨਕ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਸੰਸਾਰ-ਚਕਰ ਰਬੀ ਹੁਕਮ-ਈਸ਼ਵਰੀ ਵਿਧਾਨ Divine order, Divine constitution ਅਨੁਸਾਰ ਚਲ ਰਿਹਾ ਹੈ। ਇਸ ਹੁਕਮ ਅਨੁਸਾਰ ਜਦ ਮਨੁਖ ਭਲੇ ਕਰਮ ਕਰਦਾ ਹੈ ਤਦ ਪ੍ਰਮਾਤਮਾ ਉਸ ਉਪਰ ਮਿਹਰ ਕਰਕੇ ਸਤਿਗੁਰੂ ਦਾ ਮਿਲਾਪ ਬਖਸ਼ਦਾ ਹੈ, ਜਿਸ ਨੂੰ ਗੁਰੂ ਆਪਣੇ ਸ਼ਬਦ ਰੂਪੀ ਨੂਰ ਨਾਲ ਇਲਾਹੀ ਮਨਜ਼ਲ ਤਕ ਪਹੁੰਚਾ ਦਿੰਦਾ ਹੈ। ਇਹ ਸਭ ਕੁਝ ਤਦ ਹੀ ਗੁਰੂ ਕਰ ਸਕਦਾ ਹੈ ਜਦ ਕਿ ਉਸ ਨੇ ਖੁਦ ਆਪਣੀ ਤਪਸਿਆ, ਜ਼ੌਹਦ ਅਤੇ ਬੰਦਗੀ ਨਾਲ ਰਬ ਦੀ ਪ੍ਰਾਪਤੀ ਕਰ ਲਈ ਹੁੰਦੀ ਹੈ।

4. "ਬਿਨ ਸਤਿਗੁਰ ਕਿਨੈ ਨ ਪਾਇਓ,
ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ,
ਕਰਿ ਪਰਗਟੁ ਆਖਿ ਸੁਣਾਇਆ ॥"

ਬਗ਼ੈਰ ਸਤਿਗੁਰੂ ਦੀ ਸ਼ਰਨ ਗਿਆ ਨ ਕੋਈ ਉਸ ਪ੍ਰਮਾਤਮਾ ਤੀਕ ਪਹੁੰਚ ਸਕਿਆ ਹੈ ਨ ਹੀ ਕੋਈ ਪੁਜ ਸਕੇਗਾ। ਸਤਿਗੁਰੂ ਵਿਚ ਪ੍ਰਮਾਤਮਾ ਦੀ ਜੋਤਿ ਨਿਰੰਤਰ ਜਗਦੀ ਹੈ ਇਸ ਲਈ ਸਤਿਗੁਰੂ ਹੀ ਰਬੀ ਦਰਬਾਰ ਤਕ ਪਹੁੰਚਾਣ ਦਾ ਵਾਹਦ ਜਰੀਆ ਹੈ।

6. "ਸਤਿਗੁਰਿ ਮਿਲਿਐ ਸਦਾ ਮੁਕਤੁ ਹੈ,
ਜਿਨਿ ਵਿਚਹੁ ਮੋਹ ਗਵਾਇਆ ॥"

ਮਨੁਖ ਦੇ ਅੰਦਰ ਹਉਮੈ ਅਤੇ ਮੋਹ ਵਸੇ ਹੋਏ ਹਨ ਤੇ ਪ੍ਰਮਾਤਮਾ ਤਕ ਪੁਜਣ ਤਕ ਇਕ ਜ਼ਬਰਦਸਤ ਰੁਕਾਵਟ ਹਨ। ਜਦੋਂ ਤਕ ਮਨੁਖ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਜਾਏਗਾ ਤਦ ਤਕ ਉਹ ਮੁਕਤ-ਪਦਾਰਥ ਤੋਂ ਵਾਂਝਿਆ ਰਹੇਗਾ। ਸਤਿਗੁਰੂ ਦੇ ਮਿਲਾਪ ਹੋਣ ਨਾਲ ਮੋਹ ਦੂਰ ਹੋ ਜਾਂਦਾ ਹੈ ਅਤੇ ਪ੍ਰਭੂ ਨਾਲ ਪਿਆਰ ਹੋ ਜਾਂਦਾ ਅਤੇ ਇੰਞ ਮੁਕਤ ਪਦਾਰਥ ਨੂੰ ਪਾ ਲਿਆ ਜਾਂਦਾ ਹੈ।

7. "ਸਤਿਗੁਰਿ ਮਿਲਿਐ ਸਚੁ ਪਾਇਆ,
ਜਿਨ੍ ਕੈ ਹਿਰਦੈ ਸਚੁ ਵਸਾਇਆ ॥"

Sri Satguru Jagjit Singh Ji Elibrary NamdhariElibrary@gmail.com

ਪ੍ਰਮਾਤਮਾ ਸੱਤ ਹੈ ਅਤੇ ਇਸ ਸੱਤ (ਹਕੀਕਤ) ਦੀ ਪ੍ਰਾਪਤੀ ਗੁਰੂ ਪਾਸੋਂ ਹੀ ਹੋ ਸਕਦੀ ਹੈ। ਸਚ ਦੀ ਪਰੱਖ, ਸੂਝ-ਬੂਝ ਤਦੋਂ ਹੁੰਦੀ ਹੈ, ਜਦੋਂ ਗੁਰੂ ਪਾਸੋਂ ਸਚੀ ਸਿਖਿਆ ਲਈ ਜਾਵੇ, ਅਤੇ ਉਸ ਸਿਖਿਆ ਉਪਰ ਆਪਣੇ ਜੀਵਨ ਨੂੰ ਢਾਲਿਆ ਜਾਵੇ। ਇਸ ਅਮਲੀ ਜੀਵਨ ਦੇ ਸਿਟੇ ਵਜੋਂ ਮਨੁਖ ਕੁਲ ਜੀਵਾਂ ਨੂੰ ਪ੍ਰਮਾਤਮਾ ਦਾ ਰੂਪ ਦੇਖੇਗਾ, ਉਨ੍ਹਾਂ ਉਪਰ ਦਇਆ ਕਰੇਗਾ, ਜੀਵਾਂ ਦੀ ਸੇਵਾ ਨੂੰ ਪ੍ਰਮਾਤਮਾ ਦੀ ਸੇਵਾ ਸਮਝੇਗਾ, ਤੇ ਇਸ ਪ੍ਰਕਾਰ ਉਹ ਹਕੀਕਤ ਦੀ ਮੰਜ਼ਿਲ ਵਿਚ ਪੁਜਕੇ ਆਪਣੀ ਹੋਂਦ ਨੂੰ ਉਸ ਪ੍ਰਭੂ ਦੀ ਜ਼ਾਤ ਵਿਚ ਫਨਾ ਕਰਕੇ ਉਸ ਦਾ ਰੂਪ ਬਣ ਜਾਏਗਾ।

"ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥

ਵਾਸਤਵ ਵਿਚ ਮਨੁਖ ਸਤਿਗੁਰੂ ਦੀ ਕਿਰਪਾ ਨਾਲ ਹੀ ਸੱਤ ਦੀ ਪਛਾਣ ਕਰਦਾ ਹੈ ਅਤੇ ਇਸ ਜਾਣ-ਪਛਾਣ (ਗਿਆਨ) ਦੇ ਅਧਾਰ ਤੇ ਉਹ ਆਪਣੇ ਅਸਲੇ ਵਿਚ ਮਿਲਕੇ ਇਕ ਮਿਕ ਹੋ ਜਾਂਦਾ ਹੈ—

"ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪ ਬੁਝਾਇਆ ॥
ਸਹਜੇ ਹੀ ਸਚਿ ਸਮਾਇਆ ॥"

8. ਸਤਿਗੁਰੂ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਮੈਂ ਆਪਣੇ ਗੁਰੂ ਉਪਰੋਂ ਕੁਰਬਾਨ ਜਾਂਦਾ ਹਾਂ ਕਿਉਂਕਿ ਸਤਿਗੁਰੂ ਦੀ ਸ਼ਰਨ ਗਿਆ ਹੀ ਮੈਨੂੰ ਪ੍ਰਭੂ ਦੀ ਯਾਦ ਆਈ, ਗੁਰੂ ਨੇ ਮੈਨੂੰ ਗਿਆਨ ਸੁਰਮਾ ਦਿਤਾ, ਜਿਸ ਨੂੰ ਮਨ ਦੀਆਂ ਅੱਖਾਂ ਵਿਚ ਪਾਇਆ ਤੇ ਇਨ੍ਹਾਂ ਅੱਖਾਂ ਨਾਲ ਪ੍ਰਭੂ ਦੇ ਦਰਸ਼ਨ ਕੀਤੇ, ਜਗਤ ਦੀ ਅਸਲੀਅਤ ਤੇ ਆਪਣੀ ਅਸਲੀਅਤ ਨੂੰ ਵੇਖਿਆ।

"ਸਤਿਗੁਰ ਵਿਟਹੁ ਵਾਰਿਆ
ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨ ਕਰਿ ਉਪਦੇਸੁ ਗਿਆਨ ਅੰਜਨੁ ਦੀਆ
ਇਨੀ ਨੇਤ੍ਰੀ ਜਗਤੁ ਨਿਹਾਲਿਆ ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥
ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥
ਕਰਿ ਕਿਰਪਾ ਪਾਰਿ ਉਤਾਰਿਆ ॥

9. ਜਦ ਤਕ ਮਨੁਖ ਸਚੇ ਮਨ ਨਾਲ ਸਤਿਗੁਰੂ ਦੀ ਸ਼ਰਣ ਵਿਚ ਨਹੀਂ ਜਾਂਦਾ, ਤਦ ਤਕ ਉਹ ਪ੍ਰਮਾਤਮਾ ਨੂੰ ਨਹੀਂ ਪਾ ਸਕੇਗਾ। ਦਿਖਾਵੇ ਦੇ ਇਸ਼ਨਾਨ, ਤੀਰਥ ਯਾਤਰਾ, ਸੰਧਿਆ ਤੇ ਪਾਠ ਆਦਿ ਸ਼ਕਤੀ ਦੇ ਦਾਤਾ ਨਹੀਂ ਬਣ ਸਕਦੇ। ਸਤਿਗੁਰੂ ਹੀ ਸਚਾ ਮਾਰਗ ਦਸਦਾ ਹੈ, ਜਿਸ ਉਪਰ ਤੁਰਦਿਆਂ ਰਬੀ ਮਨਜ਼ਲ ਦੀ ਪ੍ਰਾਪਤੀ ਹੋ ਜਾਂਦੀ ਹੈ—

ਵਿਣੁ ਸਤਿਗੁਰ ਵਾਟ ਨ ਪਾਵੈ।

10. ਸਾਡਾ ਇਹ ਫ਼ਰਜ਼ ਹੈ ਕਿ ਗੁਰੂ ਦੀ ਪ੍ਰਸੰਸਾ ਹਰ ਵੇਲੇ ਕਰੀਏ ਕਿਉਂਕਿ ਉਹ ਅਸਲੇ ਦੀ ਪਛਾਣ ਕਰਵਾ ਕੇ, ਅਸਲੇ ਵਿਚ ਮਿਲਾ ਕੇ ਅਮਰ ਜੀਵਨ ਕਰ ਦਿੰਦਾ ਹੈ ਤੇ ਆਵਾ-ਗਵਨ ਦੇ ਚਕਰ ਨੂੰ ਮਿਟਾ ਦਿੰਦਾ ਹੈ—

"ਸਤਿਗੁਰੁ ਵਡਾ ਕਰਿ ਸਾਲਾਹੀਐ,
ਜਿਸੁ ਵਿਚਿ ਵਡੀਆ ਵਡਿਆਈਆ ॥"

ਉਪ੍ਰੋਕਤ ਵਿਚਾਰ ਦਾ ਭਾਵ ਇਹ ਨਿਕਲਿਆ ਕਿ ਜੇ ਮਨੁੱਖ ਅਸਲੀ ਜੀਵਨ ਜੀਉਣਾ ਚਾਹੁੰਦਾ ਹੈ ਤਦ ਉਸ ਨੂੰ ਗੁਰੂ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਬਿਨਾ ਸਤਿਗੁਰੂ ਦੀ ਸ਼ਰਨ ਗਿਆ ਉਸ ਦੇ ਗਿਆਨ ਧਿਆਨ ਬਹੁਤ ਹੀ ਸੀਮਤ ਰਹਿ ਜਾਂਦੇ ਹਨ, ਤੇ ਉਹ ਮੁਕਤ ਪਦਾਰਥ ਤੋਂ ਵਾਂਝਿਆਂ ਰਹਿ ਜਾਂਦਾ ਹੈ :

(ਵਾਰਕਾਰ ਗੁਰੂ ਨਾਨਕ ਵਿਚੋਂ ਧੰਨਵਾਦ ਸਹਿਤ)

Sri Satguru Jagjit Singh Ji Elibrary NamdhariElibrary@gmail.com

GEMCO
PRODUCTS



PHONE: 24097
RES.: 25142

MFD. BY - **Gian Singh & Sons**

SOLE SELLING AGENTS

MANKOO ENTERPRISES

96-R, INDUSTRIAL AREA-B, LUDHIANA-141003

Sri Satguru Jagjit Singh Ji Elibrary NamdhariElibrary@gmail com

With best compliments from :

Showroom : 560076
Phones : Service Centre : 567552
Works : 718098

Television Service Centre (Regd.)

Saraswati Marg, (below Telegraph Office), 23, Beadon Pura,
Karol Bagh, New Delhi-110005.

Dealers in :

Weston, Crown, Dynora, Beltek, Disco
Televista Colour Television Sets
Gem and Mec Refrigerators
Wash Well Washing Machines
Weston, Televista, Bush, Crown Tape Recorders

Main Agents for :

WESTON V.C.R. AND COLOUR TV SETS

Specialists in Repairs of all kinds of :

V.C.R. Colour TV, Black & White, Indian & Imported TV Sets

Manufacturers & Suppliers of :

"I E C." Multi Channel TV Tuners
"GURU" Brand Soldier Wire
"T S C" Brand Television and Electronic Components

Works : G-1/17, G. T. Karnal Road, Industrial Area, DELHI-110033.

Sri Satguru Jagjit Singh Ji Elibrary NamdhariElibrary@gmail com

With best compliments from :

GOLDEN HOLIDAYS
TO

Thailand, Malayasia, Singapore, Hongkong, Japan, Europe, & U. S. A.

TRAVEL WITHOUT WORRY TRAVEL THE KWICK WAY

We assist in Passports, Visas, Planning your itineraries Reservations Air Tickets—International & Domestic, Hotels & Car Hire.

for all your Travel & Tour requirements Contat :

Kwick TRAVELS PVT. LTD.

TRAVEL AGENTS & TOUR OPERATORS

2108, Desh Bandhu Gupta Road, Karol Bagh,
NEW DELHI-110 005.

Phone : 562588, 569206, 579646, 579648.
Cable : KWICKAIR.

Sri Satguru Jagjit Singh Ji Elibrary NamdhariElibrary@gmail.com

With best compliments from :

Phone Res. : 536520

JUNG B. SINGN BHATTI

YOKOWO ELECTRONICS

Manufacturers of :

TWO - IN - ONE TAPE RECORDER, PRE-RECORDED CASSETTS OF SHABAD KIRTAN, ASA DI WAR, SATGURU JAGJIT SINGH JI'S SPEECHES ETC.

Off. : FA/367A, Mansrover Garden New Delhi-110015.

Res. : WZ-20, New Sahibpura, New Delhi-110 018.

Sri Satguru Jagjit Singh Ji Elibrary NamdhariElibrary@gmail com

ਸਿੱਖ ਸਤਿਗੁਰੂਆਂ ਦੀ ਸਦਭਾਵਨਾ

ਸ੍ਰੀ ਮਹਾਰਾਜ ਬੀਰ ਸਿੰਘ ਜੀ
ਸ੍ਰੀ ਭੈਣੀ ਸਾਹਿਬ

ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥
ਅਤੇ
ਮਤ ਹੋਦੀ ਹੋਇ ਇਆਣਾ ॥
ਤਾਣ ਹੋਦੇ ਹੋਇ ਨਿਤਾਣਾ ॥

ਉਪ੍ਰੋਕਤ ਪੰਕਤੀਆਂ ਸ਼ੇਖ ਫਰੀਦ ਜੀ ਦੇ ਸਲੋਕਾਂ ਵਿਚ ਹਨ। ਇਨ੍ਹਾਂ ਦੀ ਵਰਤੋਂ ਕਰਨੀ ਕਿਸ ਕਿਸ ਦੇ ਹਿੱਸੇ ਆਈ ? ਇਹ ਜਾਨਣ ਵਾਸਤੇ ਇਤਿਹਾਸ ਵਾਚਣ ਦੀ ਲੋੜ ਹੈ।

ਪੋਰਾਣਿਕ ਇਤਿਹਾਸ ਵਿਚੋਂ ਇਸ ਸੰਬੰਧੀ ਭ੍ਰਿਗੂ ਰਿਖੀ ਜੀ ਦੀ ਸਾਖੀ ਪਦਮ ਪੁਰਾਣ ਵਿਚੋਂ ਮਿਲਦੀ ਹੈ। ਰਿਖੀਆਂ ਦੀ ਸਭਾ ਵਿਚ ਇਕ ਵਾਰੀ ਇਹ ਪ੍ਰਸ਼ਨ ਉਠਿਆ ਕਿ ਬ੍ਰਹਮਾ, ਵਿਸ਼ਨ ਅਤੇ ਸ਼ਿਵ, ਤਿੰਨਾਂ ਵਿਚੋਂ ਕੇਹੜਾ ਦੇਵਤਾ ਪੂਜਣ ਜੋਗ ਹੈ ? ਭ੍ਰਿਗੂ ਜੀ ਨੇ ਆਖਿਆ ਕਿ ਇਹ ਪ੍ਰੀਖਿਆ ਮੈਂ ਕਰ ਦਿੰਦਾ ਹਾਂ। ਰਿਖੀ ਜੀ ਬ੍ਰਹਮਾ ਜੀ ਪਾਸ ਗਏ, ਸ਼ਿਵਾਂ ਪਾਸ ਗਏ ਪਰ ਉਨ੍ਹਾਂ ਨੇ ਰਿਖੀ ਜੀ ਦਾ ਮਾਨ ਨਹੀਂ ਕੀਤਾ। ਵਿਸ਼ਨੂੰ ਜੀ ਪਾਸ ਗਏ ਤਾਂ ਉਹ ਸੁੱਤੇ ਪਏ ਸਨ। ਰਿਖੀ ਜੀ ਨੇ ਲਤ ਮਾਰੀ। ਵਿਸ਼ਨੂੰ ਜੀ ਨੇ ਛੇਤੀ ਨਾਲ ਉਠ ਕੇ ਆਪਣੇ ਕੋਮਲ ਹਥਾਂ ਨਾਲ ਰਿਖੀ ਜੀ ਦੇ ਚਰਨ ਦਾ ਮਰਦਨ ਕੀਤਾ ਅਤੇ ਆਖਿਆ ਕਿ ਮੇਰੇ ਕਠੋਰ ਸ੍ਰੀਰ ਵਿਚ ਵਜਣ ਕਰਕੇ ਤੁਹਾਨੂੰ ਸੱਟ ਵਜੀ ਹੋਇਗੀ।

ਸ੍ਰੀ ਗੁਰੂ ਨਾਨਕ ਦੇਵ, ਜਿਨ੍ਹਾਂ ਦਾ ਆਗਮਨ ਸਨਾਤਨ ਮ੍ਰਜਾਦਾ ਦੀ ਸਥਾਪਨਾਰਥ ਹੀ ਹੋਇਆ ਸੀ, ਏਹ ਸਿਫਤਾਂ ਲੈ ਕੇ ਆਏ ਸਨ ਅਤੇ ਉਨ੍ਹਾਂ ਦੇ ਉਤ੍ਰਾਧਿਕਾਰੀ ਸਤਿਗੁਰੂਆਂ ਨੇ ਐਸੀ ਸਦਭਾਵਨਾ ਦੇ ਧਾਰਨੀ ਹੋ ਕੇ ਦਿਖਾਇਆ ਕਿ ਜਿਨ੍ਹਾਂ ਨੂੰ "ਨਿਰਵੈਰ" ਦੀ ਪਦਵੀ ਤੇ ਸ਼ੁਸ਼ੋਭਿਤ ਮੰਨਿਆ ਜਾ ਸਕਦਾ ਹੈ। ਕਿਸੇ ਪਾਸੋਂ ਅਪਣਾ ਅਪਮਾਨ ਕਰਾ ਕੇ, ਜਾਂ ਕਈ ਪ੍ਰਕਾਰ ਦੇ ਵਿਰੋਧੀ ਆਘਾਤ ਹੁੰਦਿਆਂ ਹੋਇਆਂ ਫਿਰ ਸਮਾਨ ਸੁਭਾਵ ਵਿਚ ਰਹਿਣਾ, ਏਹ ਗੁਣ ਕਿਸੇ ਸਾਧਾਰਣ ਵਯਕਤੀ ਵਿਚ ਨਹੀਂ ਦੇਖੇ ਗਏ। ਕੋਈ ਨਿਰਧਨ ਆਦਮੀ ਭੁਖਾ ਰਹਿ ਜਾਏ, ਕਪੜੇ ਵੀ ਗਲ ਵਿਚ ਪਾਟੇ ਪੁਰਾਣੇ ਹੋਣ, ਐਸਾ ਹੋ ਸਕਦਾ ਹੈ। ਪਰ ਉਹ ਆਪਣਾ ਅਪਮਾਨ ਕਦੇ ਸਹਿਨ ਨਹੀਂ ਕਰ ਸਕਦਾ। ਜਿਤਨੀ ਸ਼ਕਤੀ ਉਸ ਦੇ ਪਾਸ ਹੈ, ਬਦਲਾ ਲੈਣ ਲਈ ਉਹ ਪੂਰੀ ਲਗਾਉਂਦਾ ਹੈ ਚਾਹੇ ਕੁਛ ਭੀ ਨਾ ਕਰ ਸਕੇ। ਜਿਸ ਪਾਸ ਅਪਮਾਨ ਦਾ ਬਦਲਾ ਲੈਣ ਦੀ ਤਾਕਤ ਹੋਵੇ, ਪਰ ਤਾਕਤ ਹੁੰਦੇ ਹੋਏ ਬਦਲਾ ਨਾ ਲਵੇ ਬਲਕਿ ਉਸ ਦੀ ਭਾਵਨਾ ਵਿਚ ਹੀ ਐਸੇ ਵਿਚਾਰ ਨਾ ਆਉਣ, ਉਹ ਵਯਕਤੀ ਹੀ "ਨਿਰਵੈਰ" ਅਖਵਾਉਣ ਦਾ ਅਧਿਕਾਰੀ ਹੈ। ਇਸ ਦੇ ਨਾਲ

Sri Satguru Jagjit Singh Ji Elibrary NamdhariElibrary@gmail.com

ਮਿਲਦੀ ਜੁਲਦੀ ਸ੍ਰੀ ਗੁਰੂ ਅਮਰਦਾਸ ਜੀ ਦੀ ਕਥਾ ਵੀ ਇਤਿਹਾਸ ਵਿਚੋਂ ਮਿਲਦੀ ਹੈ ਜੋ ਇਸ ਪ੍ਰਕਾਰ ਹੈ।

ਸ੍ਰੀ ਗੁਰੂ ਅਮਰਦਾਸ ਜੀ ਜਦੋਂ ਗੁਰਗੱਦੀ ਤੇ ਸੁਸ਼ੋਭਿਤ ਹੋਏ, ਤਾਂ ਗੁਰੂ ਅੰਗਦ ਦੇਵ ਜੀ ਦੇ ਛੋਟੇ ਪੁੱਤਰ, ਦਾਤੂ ਜੀ ਨੇ ਈਰਖਾ ਕਰਦੇ ਹੋਏ ਇਕ ਦਿਨ ਗੁਰੂ ਜੀ ਨੂੰ (ਖਡੂਰ ਸਾਹਿਬ) ਦੀਵਾਨ ਵਿਚ ਬੈਠਿਆਂ ਦੇਖ, ਸੋਭਾ ਨਾ ਸਹਾਰਦਿਆਂ ਹੋਇਆਂ, ਛਾਤੀ ਵਿਚ ਲਤ ਮਾਰੀ। ਗੁਰੂ ਜੀ ਸਿੰਘਾਸਨ ਤੋਂ ਥਲੇ ਡਿਗ ਪਏ ਪਰ ਛੇਤੀ ਨਾਲ ਸੰਭਲ ਕੇ ਦਾਤੂ ਜੀ ਦਾ ਪੈਰ ਫੜ ਲਿਆ ਅਤੇ ਬੇਨਤੀ ਕੀਤੀ ਕਿ ਮੈਂ ਕਿਤਨਾ ਚਿਰ ਸੇਵਾ ਕਰਦਾ ਰਿਹਾ ਹਾਂ ਅਤੇ ਬ੍ਰਿਧ ਅਵਸਥਾ ਕਰਕੇ ਸਰੀਰ ਕਠੋਰ ਹੋ ਗਿਆ ਹੈ, ਤੁਹਾਡੇ ਚਰਨ ਨੂੰ ਸੱਟ ਵਜੀ ਹੋਇਗੀ, ਇਸ ਦੀ ਮੈਨੂੰ ਖਿਮਾ ਕਰਨੀ। ਇਥੇ ਹੀ ਬਸ ਨਹੀਂ, ਗੁਰੂ ਜੀ ਨੇ ਕਿਹਾ ਕਿ ਤੁਸਾਂ ਜੋ ਮੈਨੂੰ ਲਤ ਮਾਰੀ ਹੈ ਇਹ ਤੁਸੀਂ ਮੈਨੂੰ ਤਾੜਨਾ ਕੀਤੀ ਹੈ ਜੋ ਠੀਕ ਹੈ, ਕਿਉਂਕਿ ਮੈਨੂੰ ਮਾਨ ਹੋਣ ਕਰਕੇ, ਮੈਂ ਅਗੋਂ ਉਠ ਕੇ ਤੁਹਾਡਾ ਆਦਰ ਨਹੀਂ ਸੀ ਕੀਤਾ। ਭਾਈ ਸੰਤੋਖ ਸਿੰਘ ਜੀ ਨੇ ਇਸ ਘਟਨਾ ਨੂੰ ਜਿਵੇਂ ਲਿਖਿਆ ਹੈ ਉਸ ਦਾ ਸੰਖੇਪ ਨਿਮਨ ਲਿਖਤ ਹੈ:

ਰਿਸ ਕਰ ਉਰ ਮਹਿ ਲਾਤ ਪ੍ਰਹਾਰੀ।
ਜਿਮ ਲਛਮੀ ਪਤਿ ਕੋ ਭ੍ਰਿਗੁ ਮਾਰੀ।
ਸਿੰਘਾਸਨ ਤੇ ਗਿਰ ਕਰ ਪਰੇ।
ਬ੍ਰਿਧ ਸਰੀਰ ਕੰਪ ਬਹੁ ਕਰੇ।
ਬਹੁਰ ਸੰਭਾਰ ਉਠੇ ਤਤਕਾਲਾ।
ਗਹਿ ਦਾਤੂ ਕੇ ਚਰਨ ਕ੍ਰਿਪਾਲਾ।
ਕਰ ਕਮਲਨ ਸੇ ਮਰਦਨ ਕਰੇ।
ਬਿਨਤੀ ਸਹਿਤ ਸੁ ਬਾਕ ਉਚਰੇ।
ਇਕ ਤੋ ਸੇਵਾ ਕਰਤ ਰਹਿਉ ਹੈ।
ਦੁਤੀਏ ਬਯ ਤੇ ਬ੍ਰਿਧ ਭਇਓ ਹੈ।
ਯਾ ਤੇ ਅਧਕ ਸਰੀਰ ਕਠੋਰਾ।
ਤੁਮਰੋ ਚਰਨ ਮ੍ਰਿਦੁਲ ਨਹਿ ਥੋਰਾ।
ਹੁਇਓ ਹੋਇਗੋ ਕਸਟ ਮਹਾਨਾ।
ਛਿਮਹੁ, ਭਯੋ ਅਪਰਾਧ ਅਜਾਨਾ।
ਸ੍ਰੀ ਗੁਰ ਕੇ ਸੁਤ ਹੋ ਬਡਭਾਗੇ।
ਮਮ ਹਿਤ ਕਰ ਇਤਨੋ ਦੁਖ ਲਾਗੇ।
ਤੁਮ ਕੋ ਦੇਖ ਨ ਅਗੂ ਖਰੋਵਾ।
ਹੁਤੋ ਮਾਨ ਮਮ ਸੋ ਤੁਮ ਖੋਵਾ।
ਤਾੜਨ ਉਚਿਤ ਜਾਨ ਕਰ ਮਾਰਯੋ।
ਭਲੋ ਕਰਯੋ ਨਿਜ ਦਾਸ ਨਿਹਾਰਯੋ।
ਸੇਵਾ ਅਪਨੀ ਮੋਹਿ ਬਤਾਵਹੁ।
ਕਰੋਂ ਸੁ ਤਤ ਛਿਨ ਰੋਸ ਹਟਾਵੋ।

(ਗੁਰ ਪ੍ਰਤਾਪ ਸੂਰਜ ਰਾਸ ੧ ਅੰਸੂ ੩੪)

ਜਿਸ ਸਮੇਂ ਇਹ ਘਟਨਾ ਹੋਈ ਉਸ ਸਮੇਂ ਬਹੁਤ ਸੰਗਤ ਗੁਰੂ ਜੀ ਦੇ ਪਾਸ ਸੀ ਦੀਵਾਨ ਲਗਾ ਹੋਇਆ ਸੀ। ਚਾਹੁੰਦੇ ਤਾਂ ਇਸ ਮਾਰੀ ਹੋਈ ਲੱਤ ਦਾ ਉੱਤਰ ਉਸੇ ਵੇਲੇ ਦਾਤੂ ਨੂੰ ਦੇ ਸਕਦੇ ਸਨ। ਪਰ "ਨਿਰਵੈਰ" ਤਦ ਹੀ ਹੋਇਆ ਜਾ ਸਕਦਾ ਹੈ ਜੇ ਅੰਦਰ ਮਹਾਨ ਸਹਿਨ ਸ਼ਕਤੀ ਹੋਵੇ। ਗੁਰੂ ਜੀ ਵਲੋਂ ਇਸ ਸਮੇਂ ਦਾਤੂ ਜੀ ਨਾਲ ਕੀਤਾ ਵਰਤਾਉ ਸਦਭਾਵਨਾ ਦਾ ਅਦੁਤੀ ਉਦਾਹਰਣ ਹੈ।

ਸਿਖ ਇਤਿਹਾਸ ਵਿਚ ਇਸ ਤਰ੍ਹਾਂ ਦੇ ਕੁਛ ਹੋਰ ਪ੍ਰਮਾਣ ਵੀ ਮਿਲਦੇ ਹਨ। ਗੁਰੂ ਰਾਮਦਾਸ ਜੀ ਦੇ ਵਡੇ ਪੁਤ੍ਰ ਪ੍ਰਿਥੀ ਚੰਦ ਦਾ ਗੁਰੂ ਅਰਜਨ ਦੇਵ ਜੀ ਨਾਲ ਵਿਰੋਧ ਹੋਣਾ, ਬਹੁਤ ਸਾਰਿਆਂ ਦੀ ਜਾਣਕਾਰੀ ਵਿਚ ਹੈ। ਜਦ ਪ੍ਰਿਥੀ ਚੰਦ ਮਰ ਚੁਕਾ ਸੀ, ਗੁਰੂ ਅਰਜਨ ਦੇਵ ਜੀ ਰਾਵੀ ਦੇ ਕਿਨਾਰੇ ਲਾਹੌਰ ਸ਼ਹੀਦੀ ਪਾ ਚੁਕੇ ਸਨ, ਉਨ੍ਹਾਂ ਤੋਂ ਪਿਛੋਂ ਉਨ੍ਹਾਂ ਦੀ ਜਗ੍ਹਾ ਉਨ੍ਹਾਂ ਦੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਿਗੋਬਿੰਦ ਜੀ ਗੁਰ-ਗੱਦੀ ਤੇ ਬਿਰਾਜਮਾਨ ਹੋਏ। ਗੁਰੂ ਹਰਿਗੋਬਿੰਦ ਸਿੰਘ ਜੀ ਬਾਰੇ ਭਾਈ ਗੁਰਦਾਸ ਜੀ ਨੇ ਇਕੋ ਪੰਕਤੀ ਵਿਚ ਉਨ੍ਹਾਂ ਦਾ ਦਾ ਬਲ ਅਤੇ ਮਹਾਨਤਾ ਦਰਸਾ ਦਿਤੀ ਹੈ। ਭਾਈ ਜੀ ਲਿਖਦੇ ਹਨ:—

ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ
ਪਰਉਪਕਾਰੀ।

ਗੁਰੂ ਹਰਿਗੋਬਿੰਦ ਜੀ ਨੇ ਉਸ ਸਮੇਂ ਮੁਗਲਾਂ ਦੀ ਸ਼ਾਹੀ ਫੌਜ ਨਾਲ ਚਾਰ ਜੰਗ ਕੀਤੇ। ਗੁਰੂ ਜੀ ਨੇ

Sri Satguru Jagjit Singh Ji Elibrary NamdhariElibrary@gmail.com

ਆਪ ਵਿਚ ਹੋ ਕੇ ਹੱਥੀਂ ਜੰਗ ਕੀਤੇ। ਚਾਹੇ ਹਰ ਵਾਰੀ ਮੁਗ਼ਲ ਫ਼ੌਜ ਹਮਲਾਵਰ ਹੋਈ ਪਰ ਚਾਰੇ ਜੰਗਾਂ ਵਿਚ ਸ਼ਾਹੀ ਫ਼ੌਜ ਦੀ ਭਾਰੀ ਪਰਾਜਯ ਹੋਈ। ਇਤਨੇ ਬਲੀ ਹੁੰਦੇ ਹੋਏ ਵੀ ਉਨ੍ਹਾਂ ਵਿਚ ਸਦਭਾਵਨਾ ਦੀ ਸਿਫ਼ਤ ਪੂਰੀ ਸੀ।

ਸਾਰੀ ਉਮਰ ਪ੍ਰਿਥੀਆ ਗੁਰੂ ਅਰਜਨ ਦੇਵ ਜੀ ਨਾਲ ਵਿਰੋਧ ਕਰਦਾ ਰਿਹਾ। ਗੁਰੂ ਹਰਿਗੋਬਿੰਦ ਸਿੰਘ ਜੀ ਜਦੋਂ ਸਿੰਘਾਸਨ (ਗੁਰ-ਗੱਦੀ) ਤੇ ਬਿਰਾਜਮਾਨ ਹੋਏ ਤਦੋਂ ਉਨ੍ਹਾਂ ਚਾਹਿਆ ਕਿ ਪ੍ਰਿਥੀਏ ਦੇ ਪੁਤਰ ਮੋਹਰਬਾਨ ਨਾਲ ਮੇਲ ਕੀਤਾ ਜਾਵੇ। ਆਪ ਨੇ ਆਪਣੇ ਵਲੋਂ ਅਪਣੇ ਨਿਜੀ ਸੇਵਕ ਭਾਈ ਪੈੜਾ ਅਤੇ ਪਿਰਾਣਾ ਮੋਹਰਬਾਨ ਪਾਸ ਭੇਜੇ। ਏਹਨਾਂ ਦੋਹਾਂ ਨੇ ਜਾ ਕੇ ਆਖਿਆ ਕਿ ਸਾਨੂੰ ਗੁਰੂ ਜੀ ਨੇ ਭੇਜਿਆ ਹੈ ਕਿ ਅਪਣੇ ਵਡੇਰੇ ਜਿਨ੍ਹਾਂ ਦਾ (ਪ੍ਰਿਥੀਆ ਅਤੇ ਗੁਰੂ ਅਰਜਨ ਦੇਵ ਜੀ) ਆਪਸ ਵਿਚ ਵਿਰੋਧ ਸੀ, ਪ੍ਰਲੋਕ ਗਮਨ ਕਰ ਚੁਕੇ ਹਨ। ਤੁਸੀਂ ਅਸੀਂ ਹੁਣ ਇਕ ਹੋ ਕੇ ਰਹੀਏ ਇਸ ਨਾਲ ਜਸ ਹੋਏਗਾ। ਅਗੋਂ ਮੋਹਰਬਾਨ ਨੇ ਬਹੁਤ ਰੁਖੇ ਸ਼ਬਦਾਂ ਵਿਚ ਉੱਤਰ ਦਿਤਾ ਕਿ ਇਨ੍ਹਾਂ ਦਾ ਪਿਤਾ ਮਿਠੇ ਸ਼ਬਦਾਂ ਨਾਲ ਭਰਮਾ ਕੇ ਸਭ ਕੁਛ ਛੀਨ ਲੈਂਦਾ ਸੀ ਇਸੇ ਤਰ੍ਹਾਂ ਇਹ ਕਰਦਾ ਹੈ। ਬਾਦਸ਼ਾਹ ਨੇ ਮੈਨੂੰ ਪਿੰਡ ਦਿਤੇ ਹਨ। ਓਥੇ ਬੈਠ ਕੇ ਗੁਜ਼ਰਾਨ ਕਰ ਰਿਹਾ ਹਾਂ। ਮੈਂ ਗੁਰੂ ਤੋਂ ਲੈ ਕੇ ਸਾਰਾ ਧਨ ਗਿਣ ਗਿਣ ਕੇ ਲਵਾਂਗਾ ਜਿਸ ਦਿਨ ਕਿਤੇ ਮੇਰਾ ਨਯਾਯ ਹੋਇਗਾ। ਮੇਰੀ ਉਸ ਨੂੰ ਕੀ ਪ੍ਰਵਾਹ ਹੈ, ਉਹ ਸ਼ਸਤ੍ਰ ਧਾਰੀ ਜੋਧਾ ਬਣਿਆ ਬੈਠਾ ਹੈ। ਮੈਂ ਵੀ ਜਦੋਂ ਇਸੇ ਤਰ੍ਹਾਂ ਸ਼ਸਤ੍ਰਾਂ ਦਾ ਧਾਰਨੀ ਹੋਵਾਂਗਾ ਤਾਂ ਉਸ ਨਾਲ ਮੇਰਾ ਸ਼ਸਤ੍ਰਾਂ ਰਾਹੀਂ ਹੀ ਮੇਲ ਹੋਇਗਾ।

ਏਹ ਉੱਤਰ ਸੁਣਕੇ, ਭਾਈ ਪੈੜਾ ਅਤੇ ਪਿਰਾਣਾ ਨੇ ਗੁਰੂ ਜੀ ਦੀ ਸਿਫ਼ਤ ਦੇ ਕੁਛ ਬਚਨ ਆਖੇ ਅਤੇ ਆਖਿਆ ਕਿ ਮੇਲ ਕਰ ਲੈਣਾ ਹੀ ਤੁਹਾਨੂੰ ਜੋਗ ਹੈ। ਅਗੋਂ ਮੋਹਰਬਾਨ ਨੇ ਆਖਿਆ ਕਿ ਮੇਰੀਆਂ ਅੱਖਾਂ ਅਗੋਂ ਉਠ ਕੇ ਚਲੇ ਜਾਓ ਕਿਉਂ ਤੁਸੀਂ ਨਾਹਕ ਵਿਚ ਆ ਕੇ ਮਰਦੇ ਹੋ? ਇਸ ਤੋਂ ਦੋਵੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸ ਵਾਪਸ ਆ ਗਏ। ਭਾਵੇਂ ਦੋਹਾਂ ਨੂੰ ਮੋਹਰਬਾਨ ਦੀਆਂ ਗੱਲਾਂ ਸੁਣ ਕੇ ਕਿਤਨੀ ਤਕਲੀਫ਼ ਹੋਈ, ਪਰ ਗੁਰੂ ਜੀ ਦਾ ਬਚਨ ਮੰਨਦੇ ਹੋਏ ਉਸ ਦੇ ਸਾਹਮਣੇ ਕੋਈ ਐਸੀ ਗੱਲ ਨਹੀਂ ਕੀਤੀ ਜਿਸ ਕਰਕੇ ਝਗੜਾ ਹੋਵੇ।

ਓਹਨਾਂ ਦੇ ਵਾਪਸ ਔਣ ਤੇ ਗੁਰੂ ਜੀ ਨੇ ਕਿਹਾ ਕਿ ਮੈਂ ਆਪ ਚਲਦਾ ਹਾਂ ਅਤੇ ਬੇਨਤੀ ਕਰਕੇ ਜਤਨ ਕਰਦਾ ਹਾਂ ਭਲਾ ਜੇ ਮੇਲ ਹੋ ਜਾਵੇ। ਏਹ ਸੁਣ ਕੇ ਪਾਸ ਤੋਂ ਭਾਈ ਜੇਠੇ ਨੇ ਆਖਿਆ ਕਿ ਆਪ ਨਾ ਜਾਓ ਉਸ ਨੂੰ ਪ੍ਰਿਥੀਆ ਹੀ ਸਮਝੋ। ਗੁਰੂ ਰਾਮਦਾਸ ਜੀ ਇਸ ਨੂੰ ਬਹੁਤ ਮਨਾਉਂਦੇ ਰਹੇ ਹਨ ਪਰ ਏਹ ਇਹੋ ਸਮਝਦਾ ਰਿਹਾ ਹੈ ਕਿ ਮੈਥੋਂ ਇਹ ਡਰਦੇ ਹਨ। ਗੁਰੂ ਜੀ ਨੇ ਕਿਹਾ, ਜੇਠਾ ਤੂੰ ਸੱਚ ਕਹਿੰਦਾ ਹੈ, ਤਾਂ ਵੀ ਅਸੀਂ ਇਕ ਵਾਰੀ ਜ਼ਰੂਰ ਜਾਵਾਂਗੇ। ਸਾਡੇ ਵਾਸਤੇ ਉਸ ਨੂੰ ਜਾ ਕੇ ਮਨਾਉਣਾ ਉਚਿਤ ਹੈ। ਏਹ ਕਹਿ ਕੇ ਕੁਛ ਸਿਖਾਂ ਨੂੰ ਨਾਲ ਲੈ ਕੇ ਗੁਰੂ ਜੀ ਮੋਹਰਬਾਨ ਪਾਸ ਗਏ। ਮੋਹਰਬਾਨ ਮੰਜੇ ਤੇ ਬੈਠਾ ਸੀ ਅਤੇ ਆਪ ਤੇ ਸੇਵਕਾਂ ਨੂੰ ਪਹਿਲਾਂ ਹੀ ਕਹਿ ਦਿਤਾ ਸੀ ਕਿ ਗੁਰੂ ਜੀ ਦੇ ਆਉਣ ਤੇ ਕੋਈ ਉਹਨਾਂ ਦਾ ਆਦਰ ਨਾ ਕਰਿਓ ਨਾ ਹੀ ਅਗੋਂ ਉਠ ਕੇ ਖੜੇ ਹੋਇਓ। ਮੋਹਰਬਾਨ ਦੇ ਸੇਵਕ ਉਸ ਤੋਂ ਡਰਦੇ ਨੀਵੇਂ ਸਿਰ ਕਰਕੇ ਬੈਠ ਰਹੇ ਅਤੇ ਕੋਈ ਉਠ ਨਾ ਖਲੋਤਾ।

ਗੁਰੂ ਜੀ ਦੇ ਪਹੁੰਚਣ ਤੇ, ਗੁਰੂ ਜੀ ਦੀ ਛਬ ਦੇਖ ਕੇ ਮਨ ਵਿਚ ਭਾਰੀ ਕਸ਼ਟ ਹੋਇਆ ਅਤੇ ਮੂੰਹ ਦੂਜੇ ਪਾਸੇ ਕਰ ਲਿਆ। ਮੋਹਰਬਾਨ ਮੰਜੇ ਤੇ ਬੈਠਾ ਸੀ। ਪਾਸ ਜਾ ਕੇ ਸਿਖ ਪਾਸੋਂ ਮੋਹਰਬਾਨ ਅਗੇ ਪ੍ਰਸ਼ਾਦ ਰਖਾਇਆ ਅਤੇ ਗੁਰੂ ਜੀ ਆਪ ਥੱਲੇ ਬੈਠ ਗਏ। ਏਹ ਦੇਖ ਕੇ ਬਿਧੀ ਚੰਦ ਸਹਿ ਨ ਸਕਿਆ ਅਤੇ ਕਹਿਣ ਲਗਾ ਕਿ ਤੁਸੀਂ ਪੀਰਾਂ ਦੇ ਪੀਰ ਅਤੇ ਮੀਰਾਂ ਦੇ ਮੀਰ ਤੁਹਾਥੋਂ ਕੋਈ ਵੱਡਾ ਨਹੀਂ ਤੁਸੀਂ ਕਿਰਪਾ ਕਰਕੇ ਉੱਚੀ ਜਗ੍ਹਾ ਬੈਠੋ। ਅਗੋਂ ਸਤਿਗੁਰੂ ਜੀ ਨੇ ਫੁਰਮਾਇਆ ਕਿ ਮੇਰੇ ਪਿਤਾ ਜੀ ਤੋਂ ਏਹਨਾਂ ਦੇ ਪਿਤਾ ਜੀ ਤੋਂ ਵਡੇ ਸਨ ਅਤੇ ਉਮਰ ਵਿਚ ਏਹ ਵੀ

Sri Satguru Jagjit Singh Ji Elibrary NamdhariElibrary@gmail.com

ਮੇਰੇ ਤੋਂ ਵਡੇ ਹਨ ਤਾਂ ਤੇ ਮੇਰਾ ਨੀਚੇ ਬੈਠਣਾ ਹੀ ਬਣਦਾ ਹੈ ।

ਮੇਹਰਬਾਨ ਕਿਤਨਾ ਚਿਰ ਚੁਪ ਰਿਹਾ । ਫਿਰ ਗੁਰੂ ਜੀ ਨੇ ਕਿਹਾ ਕਿ ਕੋਈ ਸੁਖ ਭਰੇ ਬਚਨ ਕਰੋ ਸਾਡੇ ਵਲ ਸਨਮੁਖ ਹੋਵੋ । ਅੰਮ੍ਰਿਤਸਰ ਚਲੋ, ਧਨ, ਭੂਮੀ ਹੋਰ ਲੋੜੀਂਦੇ ਪਦਾਰਥ ਜੋ ਚਾਹੋ ਚਲ ਕੇ ਲਓ ਅਤੇ ਤੁਰਕਾਂ ਅਗੇ ਫਰਿਆਦਾਂ ਨਾ ਕਰਦੇ ਫਿਰੋ । ਤੁਹਾਡੀ ਸਾਡੀ ਇਕੋ ਇੱਚਤ ਹੈ । ਗੁਰੂ ਜੀ ਨੇ ਬਹੁਤ ਪਦਾਰਥ ਦਿਤੇ ਹਨ ਆਓ ਅਤੇ ਜੋ ਚਾਹੋ ਸੁਖ ਲਓ।

ਅਗੋਂ ਮੇਹਰਬਾਨ ਨੇ ਆਖਿਆ ਕਿ ਮੈਨੂੰ ਮੇਰੇ ਪਿਤਾ ਨੇ ਬਦਲਾ ਲੈਣ ਵਾਸਤੇ ਆਖਿਆ ਹੈ ਅਤੇ ਇਹ ਵੀ ਕਿਹਾ ਹੈ ਕਿ ਇਹ ਸਭ ਸ੍ਰਿਸ਼ਟੀ ਤੇਰੀ (ਮੇਹਰਬਾਨ ਦੀ) ਗੁਰਤਾ ਦੇ ਅਧੀਨ ਹੈ । ਮੈਂ ਆਪਣੇ ਪਿਤਾਮਾ (ਸ੍ਰੀ ਗੁਰੂ ਰਾਮਦਾਸ) ਦੀ ਸਾਰੀ ਵਸਤ ਲਵਾਂਗਾ ਤਾ ਸਫਲ ਸਪੁਤਰ ਹੋਵਾਂਗਾ । ਜਿਨਾ ਚਿਰ ਸਰੀਰ ਵਿਚ ਪ੍ਰਾਣ ਹਨ, ਮੇਰਾ ਤੁਹਾਡਾ ਮੇਲ ਨਹੀਂ ਹੋ ਸਕਦਾ । ਮੈਂ ਐਸਾ ਉਪਾਉ ਕਰਨ ਲਗਾ ਹਾਂ, ਜਿਸ ਤੋਂ ਤੁਸੀਂ ਅੰਮ੍ਰਿਤਸਰ ਛਡ ਕੇ ਭਜੋਗੇ ਜਾਂ ਕੈਦ ਵਿਚ ਪਵੋਗੇ । ਮੇਰੇ ਪਿਤਾਮਾ ਦੀ ਪੁਰੀ ਤੇ ਕਾਬਜ਼ ਹੋ ਕੇ ਹੁਣ ਗੁਰੂ ਕਹਾਉਣ ਲਗ ਪਏ ਹੋ । ਉਤੋਂ ਮਿਠੀਆਂ ਗਲਾਂ ਅਤੇ ਅੰਦਰੋਂ ਕਪਟ ਰਖਦੇ ਹੋ । ਤੁਹਾਨੂੰ ਮਾਰ ਕੇ ਹੀ ਤੁਹਾਡਾ ਮੇਰਾ ਮੇਲ ਹੋਵੇਗਾ । ਇਤਿਆਦਿਕ ਕੁਵਾਕ ਸੁਣ ਕੇ ਬਿਧੀ ਚੰਦ ਆਦਿ ਸਿਖ ਬਹੁਤ ਰੋਹ ਵਿਚ ਆ ਗਏ । ਪਰ ਗੁਰੂ ਹਰਿ ਗੋਬਿੰਦ ਜੀ ਨੇ ਇਹ ਕਹਿ ਕੇ ਰੋਕਿਆ ਕਿ ਅਸੀਂ ਇਨ੍ਹਾਂ ਦੇ ਪਾਸ ਚਲ ਕੇ ਆਏ ਹਾਂ । ਇਹ ਖੁਸ਼ੀ ਹੋਣ ਜਾਂ ਨਾਰਾਜ਼, ਅਸੀਂ ਕੁਛ ਨਹੀਂ ਕਹਿਣਾ । ਇਹ ਆਖ ਕੇ ਗੁਰੂ ਜੀ ਨੇ ਮੇਹਰਬਾਨ ਦੇ ਪੈਰ ਪਕੜ ਲਏ ਅਤੇ ਕਹਿਣ ਲਗੇ, ਹੇ ਭ੍ਰਾਤ ! ਤੁਸੀਂ ਉਮਰ ਵਿਚ ਵਡੇ ਹੋ, ਤੁਹਾਡੇ ਸਾਹਮਣੇ ਮੈਨੂੰ ਉਤਰ ਦੇਣਾ ਨਹੀਂ ਬਣਦਾ । ਤਾਂ ਵੀ, ਤੁਸੀਂ ਵੀਚਾਰੋ, ਸੋਚੋ, ਕ੍ਰੋਧ ਦਾ ਤਿਆਗ ਕਰੋ ਅਤੇ ਜਿਸ ਕਾਰਣ ਤੁਸੀਂ ਨਾਰਾਜ਼ ਹੋ, ਅਸੀਂ ਉਸ ਤੋਂ ਪਿਛੇ ਹਟ ਜਾਂਦੇ ਹਾਂ । ਤੁਸੀਂ ਪਿਛਲੀਆਂ ਸਭ ਗਲਾਂ ਮਨ ਤੋਂ ਵਿਸਾਰ ਦਿਓ ।

ਸਾਰਾ ਕੁਛ ਸੁਣ ਕੇ ਮੇਹਰਬਾਨ ਨੂੰ ਹੋਰ ਵੀ ਕ੍ਰੋਧ ਹੋਇਆ ਅਤੇ ਅਖਾਂ ਲਾਲ ਹੋ ਗਈਆਂ, ਮੂੰਹ ਦਾ ਤੌਰ ਵੀ ਬਦਲ ਗਿਆ ਅਤੇ ਤਲਵਾਰ ਦੇ ਕਬਜ਼ੇ ਤੇ ਹੱਥ ਰਖ ਲਿਆ । ਮਹਾਨ ਧੀਰਜਧਾਰੀ ਸਤਿਗੁਰੂ ਇਹ ਦੇਖ ਕੇ ਕਹਿਣ ਲਗੇ, ਅਸੀਂ ਤਾਂ ਚਾਹੁੰਦੇ ਸੀ ਕਿ ਗੁਰੂ ਪਰਵਾਰ ਸਭ ਇਕੱਠਾ ਰਹੇ ਪਰ ਇਸ ਦੀ ਪ੍ਰਾਰਬਧ ਐਸੀ ਹੀ ਹੈ, ਏਥੇ ਕਿਸੇ ਦਾ ਵਸ ਨਹੀਂ । ਇਹ ਕਹਿ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਚਲੇ ਆਏ । ਇਸ ਸਾਖੀ ਦਾ ਵਰਨਣ ਭਾਈ ਸੰਤੋਖ ਸਿੰਘ ਜੀ ਨੇ ਜਿਵੇਂ ਕੀਤਾ ਹੈ, ਉਸ ਦੇ ਕੁਛ ਸੰਕੇਤ ਪਾਠਕਾਂ ਦੀ ਗਿਆਤ ਲਈ ਦਿਤੇ ਜਾਂਦੇ ਹਨ :—

ਭਾਈ ਪੈੜਾ ਅਤੇ ਪਿਰਾਣਾ ਨੂੰ ਭੇਜਣਾ—

ਇਮ ਬਿਚਾਰ ਕਰ ਭੇਜੇ ਦੋਇ ।
ਪੈੜਾ ਅਰੁ ਪਿਰਾਣਾ ਦੋਇ ।...
ਬੈਠ ਜੋ ਨਿਕਟਿ ਪ੍ਰਸੰਗ ਚਲਾਯੋ ।
ਸ੍ਰੀ ਹਰਿ ਗੋਬਿੰਦ ਹੁਮੈ ਪਠਾਯੋ ।...
ਤੁਮ ਹਮ ਮਿਲ ਕੈ ਅਬਿ ਇਕ ਹੋਇ ।
ਨੀਕੇ ਜਾਨਹਿਗੇ ਸਭ ਕੋਇ ।
ਸੁਨਿ ਕਰ ਮਿਹਰਬਾਨ ਰਿਸ ਧਾਰੀ ।
ਦ੍ਰਿਖਕ ਗਿਰਾ ਕਠੋਰ ਉਚਾਰੀ ।...
ਜਿਸ ਦਿਨ ਹੋਵੇ ਨਯਾਵ ਹਮਾਰਾ ।
ਲੇਉਂ ਆਦਿ ਤੇ ਗਿਨ ਧਨ ਸਾਰਾ ।...
ਹਮ ਭੀ ਗਹਿ ਜਬ ਅਪਨੇ ਹਾਥ ।
ਕਰੋਂ ਮੇਲ ਤਬ ਸਸ਼ਤ੍ਰਨ ਸਾਥ ।...
ਮੇਹਰਬਾਨ ਬੋਲਯੋ ਰਿਸ ਧਾਰੇ ।
ਉਠਹੁ ਕਯੋਂ ਨ ਮਮ ਨੇਤ੍ਰਨ ਆਗੇ ।
ਅਪਨੀ ਕੁਸ਼ਲ ਚਹਹੁ ਚਲ ਜਾਵਹੁ ।
ਨਾਹਕ ਬੀਚ ਮਾਰ ਕਿਮ ਖਾਵਹੁ ।...
ਚਲਿ ਸ੍ਰੀ ਹਰਿ ਗੋਬਿੰਦ ਢਿਗ ਆਏ ।
ਮਿਹਰਬਾਨ ਕੋ ਕਹਯੋ ਸੁਨਾਏ ।

ਗੁਰੂ ਜੀ ਦਾ ਆਪ ਜਾਣਾ—

ਤਬ ਗੁਰ ਕਹਯੋ ਆਪ ਹਮ ਚਲੋਂ ।
ਲੇਹਿ ਨਿਹੋਰ ਪ੍ਰਥਮ ਜੋ ਮਿਲੋਂ ।

Sri Satguru Jagjit Singh Ji Elibrary NamdhariElibrary@gmail.com

ਜੈਠੇ ਕਹਯੋ ਨ ਆਪ ਪਛਾਨੇ ।
ਮੇਹਰਬਾਨ ਪ੍ਰਿਥੀਏ ਸਮ ਜਾਨੋ ।...
ਕਹਯੋ ਗੁਰੂ ਜੇਠਾ ਸਚ ਕਹੌਂ ।
ਤਊ ਬਾਰ ਇਕ ਹਮ ਭੀ ਲਹੌਂ ।...
ਇਮਿ ਕਹਿ ਕਿਤਿਕ ਸਿਖ ਸੰਗ ਲੀਨ ।
ਗਏ ਧੀਰ ਗੁਰ ਪਰਮ ਪ੍ਰਬੀਨ ।
ਆਗੇ ਮਿਹਰਬਾਨ ਅਭਿਮਾਨੀ ।
ਗੁਰ ਗਦੀ ਪਰ ਨਿਜ ਕੋ ਜਾਨੀ ।...

ਦੋਹਰਾ–

ਮਿਹਰਬਾਨ ਪਰਯੰਕ ਪਰ ਲਦਯ ਅਧਿਕ ਹੰਕਾਰ।
ਸ੍ਰੀ ਹਰਿਗੋਬਿੰਦ ਛਿਮਾਨਿਧਿ ਬੈਠੇ ਤਰੇ ਨਿਹਾਰ।

ਬਿਧੀ ਚੰਦ ਨੇ ਆਖਣਾ—

ਊਪਰ ਬੈਠਹੁ ਕਿਉਂ ਥਿਰ ਤਰੇ ।
ਆਪ ਸ਼ਰੋਮਣਿ ਸਭ ਜਗ ਕਰੇ ।
ਪੀਰਨ ਪੀਰ ਮੀਰਨ ਸਿਰ ਮੀਰ ।
ਰਾਵਰ ਤੇ ਕੋ ਊਚ ਨ ਧੀਰ ।

ਗੁਰੂ ਜੀ ਵਲੋਂ ਉਤਰ—

ਸੁਨ ਸਤਿਗੁਰ ਨੇ ਬਾਕ ਬਖਾਨੇ ।
ਹਮ ਪਿਤ ਤੇ ਇਸ ਪਿਤਾ ਮਹਾਨੇ ।...
ਊਚੇ ਉਚਿਤ ਬਡੇ ਇਹ ਭਾਈ ।
ਹਮ ਨੀਚੇ ਬੈਠਨਿ ਬਨਿਆਈ ।...

ਗੁਰੂ ਜੀ ਵਲੋਂ ਮੇਹਰਬਾਨ ਨੂੰ ਆਖਣਾ—

ਕਰਹੁ ਬਦਨ ਸਨਮੁਖ ਰਿਸ ਛੋਰ ।
ਸੁਖ ਕੇ ਬਾਕ ਕਹੋ ਮਮ ਓਰ ।
ਕਿਉਂ ਪੁਕਾਰ ਕਰਤੇ ਤੁਮ ਫਿਰੇ ?
ਬਸੇ ਸੁਧਾਸਰ ਪੁਰਿ ਮਹਿ ਥਿਰੇ ।...
ਗੁਰੂ ਪਦਾਰਥ ਸਗਲੇ ਦੀਨੇ ।
ਕਿਉਂ ਨ ਮਿਲਹੁ ਭੁਗਤਹੁ ਸੁਖ ਪੀਨੇ ।...

ਅਗੋਂ ਮੇਹਰਬਾਨ ਦਾ ਉਤਰ—

ਸੁਨਿ ਕਰ ਮੇਹਰਬਾਨ ਬਚ ਪੋਲਾ ।
ਹਮਰੋ ਤੁਮਰੋ ਕਿਉਂਹ ਨ ਮੇਲਾ ।...
ਪ੍ਰਾਨ ਜਾਨਿ ਲੌ ਮਿਲਹੂੰ ਨ ਕਬੈ ।
ਇਹ ਉਪਦੇਸ਼ ਧਰਹੁ ਬਜ ਸਬੈ ।
ਅਬ ਮੈਂ ਲਾਗਯੋ ਰਚਨ ਉਪਾਇ ।
ਤੁਮਹਿ ਸੁਧਾਸਰ ਤੇ ਨਿਕਸਾਇ ।
ਪਰਹੁ ਕੈਦ ਕੋ ਜਾਹੁ ਪਲਾਈ ।
ਤਬ ਸਪੁਤ੍ਰਤਾ ਮੁਝਿ ਬਨ ਆਈ ।...
ਅਬ ਮੈਂ ਕਰੋਂ ਸੰਘਾਰਨਿ ਤੋਹਿ ।
ਨੀਕੋ ਮੇਲ ਤਿਸੀ ਦਿਨ ਹੋਇ ।...

ਗੁਰੂ ਜੀ ਵਲੋਂ—

ਭ੍ਰਾਤਾ ! ਬਯ ਮਹਿੰ ਜੇਸਟ ਅਹੋਂ ।
ਉਤਰ ਤੋਰ ਸਨਮੁਖ ਨਹਿ ਕਹੋਂ ।
ਤਊ ਬਿਚਾਰਹੁ ਤਯਾਗਹੁ ਕ੍ਰੋਧੁ ।
ਹੋਤ ਕ੍ਰੋਧ ਤੇ ਨਰ ਬਿਨ ਲੋਧੁ ।...

ਮੇਹਰਬਾਨ ਵਲੋਂ—

ਕਿਉਂ ਨ ਜਾਤਿ ਉਠ ਕਛੂ ਹੋਇ ਪਰੇ ।
ਇਹ ਗਵਾਰ ਕਰਿ ਦ੍ਰਿਗ ਤੇ ਪਰੇ ।
ਨਤੁ ਮਿਲਬੇ ਅਬਿ ਆਸ ਹੁਇ ਜਾਇ ।
ਰੁੰਡ ਮੁੰਡ ਧਰ ਪਰੇ ਦਿਖਾਇ ।...
ਖੜਗ ਮੁਸ਼ਟ ਪਰ ਧਰ ਕਰਿ ਕਰ ਕੋ ।
ਗੁਰਹਿ ਦਿਖਾਇ ਬੀਰਤਾ ਬਰ ਕੋ ।

ਗੁਰੂ ਜੀ—

ਧਰਮ ਧੁਰੰਧਰ ਧੀਰਜ ਧਾਰੀ ।
ਗੁਰੂ ਛਿਮਾ ਨਿਧਿ ਕੀਨ ਬਿਚਾਰੀ ।
ਕਹਤ ਭਏ ਹਮ ਇਮ ਚਿਤ ਚਹੋ ।
ਗੁਰ ਕੀ ਗੁਰ ਸਭ ਇਕ ਸਮ ਰਹੋ ।
ਪ੍ਰਾਰਬਧ ਖੋਟੀ ਹੁਇ ਐਸੇ ।
ਤੋ ਕਿਸ ਕੇ ਬਸਿ ਚਲਹਿ ਨ ਕੈਸੇ ।
(ਗੁਰ ਪ੍ਰਤਾਪ ਸੂਰਜ, ਰਾਸ ੫, ਅੰਸੂ ੧੩-੧੪)

ਇਸ ਤੋਂ ਬਾਦ ਬਾਬਾ ਗੁਰਦਿਤਾ ਜੀ ਦੇ ਪੁਤ੍ਰ ਧੀਰ ਮਲ ਵਲੋਂ ਗੁਰੂ ਤੇਗਬਹਾਦਰ ਜੀ ਦਾ ਗੁਰਗੱਦੀ ਤੇ ਬਿਰਾਜਣਾ ਸਹਿਨ ਨਾ ਕਰਦੇ ਹੋਏ ਉਹਨਾਂ ਦਾ ਕਰੜਾ ਵਿਰੋਧ ਕਰਨਾ । ਗੋਲੀ ਚਲਾਉਣੀ ਆਦਿ... ਪਰ ਗੁਰੂ ਜੀ ਦਾ ਸ਼ਾਂਤ ਚਿਤ ਰਹਿਣਾ, ਸਿੱਖ ਇਤਿਹਾਸ ਦੀ ਪ੍ਰਸਿੱਧ ਘਟਨਾ ਹੈ । ਜਿਸ ਤਰ੍ਹਾਂ ਮੱਖਣ ਸ਼ਾਹ ਨੇ ਧੀਰ ਮਲ ਦਾ ਡੇਰਾ ਅਤੇ ਆਦਿ ਗ੍ਰੰਥ ਸਾਹਿਬ ਦੀ

Sri Satguru Jagjit Singh Ji Elibrary NamdhariElibrary@gmail.com

ਬੀੜ ਲੁਟ ਲਈ ਸੀ। ਧੀਰ ਮਲ ਗੁਰੂ ਤੇਗਬਹਾਦਰ ਅਗੇ ਕੋਈ ਚੀਜ਼ ਨਹੀਂ ਸੀ। ਪਰ ਗੁਰੂ ਜੀ ਨੇ ਧੀਰਜ ਧਾਰਨ ਕਰੀ ਰਖਿਆ ਅਤੇ ਹੋਰ ਸਾਮਾਨ ਤੋਂ ਬਿਨਾ ਆਦਿ ਗਰੰਥ ਸਾਹਿਬ ਦੀ ਬੀੜ (ਜਿਸ ਦੇ ਪਾਸ ਰਹਿਣ ਕਰਕੇ ਧੀਰ ਮਲ ਆਪਣੇ ਆਪ ਨੂੰ ਗੁਰ ਗਦੀ ਦਾ ਵਾਰਸ ਸਮਝਦਾ ਸੀ) ਭੀ ਵਾਪਸ ਕਰ ਦਿਤੀ। ਸਾਰਾ ਕੁਛ ਵਾਪਸ ਕਰਕੇ ਵੀ ਗੁਰੂ ਜੀ ਨੇ ਧੀਰ ਮਲ ਨਾਲ ਕੋਈ ਵਿਰੋਧ ਨਹੀਂ ਰਖਿਆ।

ਗੁਰੂ ਨਾਨਕ ਦੀ ਗੱਦੀ ਦੇ ਬਾਰ੍ਹਵੇਂ ਵਾਰਸ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਦ ਸ੍ਰੀ ਅੰਮ੍ਰਿਤਸਰ ਗਏ, ਅਕਾਲ ਤਖਤ ਜਾ ਕੇ ਪ੍ਰਸ਼ਾਦ ਮੱਥਾ ਟੇਕਿਆ ਤਾਂ ਪੁਜਾਰੀਆਂ ਨੇ 'ਅਰਦਾਸ ਕਰਨ ਤੋਂ ਇਨਕਾਰ ਕਰ ਦਿਤਾ। ਜਦ ਸਤਿਗੁਰੂ ਜੀ ਨੇ ਕਾਰਨ ਪੁਛਿਆ ਤਾਂ ਪੁਜਾਰੀਆਂ ਕਿਹਾ ਕਿ ਤੁਸੀਂ ਕਲਾਮ ਪੜ੍ਹਦੇ ਹੋ। ਇਸਤ੍ਰੀਆਂ ਨੂੰ ਕਫਾਂ ਪੁਆ ਦਿਤੀਆਂ ਹਨ। ਤੁਹਾਡੀ ਦਸਤਾਰ ਲਹਿ ਜਾਂਦੀ ਹੈ। ਤੁਸੀਂ ਫੁੱਲ ਗੰਗਾ ਵਿਚ ਨਹੀਂ ਪਾਉਂਦੇ। ਝਟਕਾ ਖਾਣ ਤੋਂ ਹਟਾਉਂਦੇ ਹੋ। ਇਸ ਕਰਕੇ ਤੁਸੀਂ ਤਨਖਾਹੀਏ ਹੋ। ਅਗੋਂ ਸ੍ਰੀ ਸਤਿਗੁਰੂ ਜੀ ਕਿਹਾ ਕਿ ਜਥਾ ਜੋਗ ਤਨਖਾਹ ਲਾਓ ਉਹ ਪ੍ਰਵਾਨ ਹੈ, ਪਰ ਪੰਥ ਵਿਚ ਫੁੱਟ ਨਾ ਪਾਓ। ਅਸੀਂ ਦਸਮ ਪਾਤਸ਼ਾਹ ਦੀ ਦਸੀ ਹੋਈ ਮਰਯਾਦਾ ਮੁੜ ਸਥਾਪਿਤ ਕੀਤੀ ਹੈ। ਸਭ ਨੂੰ ਨਾਮ ਜਪਣ, ਬਾਣੀ ਪੜ੍ਹਨ ਅਤੇ ਨੇਕ ਕੰਮ ਕਰਨ ਲਾਇਆ ਹੈ। ਸਾਡੇ ਸਭ ਸਿੰਘ ਸਣੇ ਕੇਸੀਂ ਇਸ਼ਨਾਨ ਕਰਦੇ ਹਨ ਅਤੇ ਭਜਨ ਕਰਦੇ ਹਨ। ਏਹਨਾਂ ਵਿਚ ਜੋ ਕੋਈ ਮਾੜਾ ਕੰਮ ਹੈ ਉਸ ਦੀ ਤਨਖਾਹ ਬੇਸ਼ਕ ਲਾਓ। ਇਸ ਤਰ੍ਹਾਂ ਦੇ ਅਧੀਨਗੀ ਵਾਲੇ ਬਚਨ ਸੁਣ ਕੇ ਵੀ ਪੁਜਾਰੀਆਂ ਨੂੰ ਕੋਈ ਅਸਰ ਨਹੀਂ ਹੋਇਆ। ਪੁਜਾਰੀਆਂ ਨੂੰ ਪਤਾ ਸੀ ਕਿ ਏਹ ਨੀਲਾ ਨਹੀਂ ਪਹਿਨਦੇ। (ਇਸ ਦਾ ਕਾਰਣ ਏਹ ਸੀ ਕਿ ਦਸਮੇਸ਼ ਜੀ ਨੇ ਇਕ ਸਮੇਂ ਵਿਸ਼ੇਸ਼ ਕਾਰਣ ਅਧੀਨ ਨੀਲੇ ਬਸਤ੍ਰ ਧਾਰਣ ਕੀਤੇ ਫੇਰ ਉਨ੍ਹਾਂ ਦੀ ਨਿਖੇਧੀ ਕੀਤੀ ਅਤੇ ਲੀਰ ਲੀਰ ਕਰਕੇ ਫੂਕ ਕੇ ਆਸਾ ਦੀ ਵਾਰ ਵਿਚ ਲਿਖੀ ਹੋਈ ਗੁਰੂ ਨਾਨਕ ਦੀ ਤੁਕ ਵੀ ਉਲਟਾ ਦਿਤੀ ਅਤੇ ਆਪ ਸਫੇਦ ਵਸਤ੍ਰ ਧਾਰਨ ਕੀਤੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਸਮ ਪਾਤਸ਼ਾਹ ਦੇ ਦੇ ਇਸ ਹੁਕਮ ਅਨੁਸਾਰ ਨੀਲ ਧਾਰਨਾ ਮਰਯਾਦਾ ਵਿਰੁਧ ਕਰਾਰ ਦੇ ਦਿਤਾ ਸੀ।) ਏਹ ਜਾਣਦੇ ਹੋਇਆਂ ਪੁਜਾਰੀਆਂ ਨੇ ਨੀਲਾ ਸਿਰੋਪਾਉ ਗੁਰੂ ਜੀ ਅਗੇ ਲਿਆ ਰਖਿਆ। ਏਹ ਵੀਚਾਰ ਕੇ ਕਿਸੇ ਤਰ੍ਹਾਂ ਸਿੱਖ ਪੰਥ ਫੁੱਟ ਦਾ ਸ਼ਿਕਾਰ ਨਾ ਹੋਵੇ, ਸ੍ਰੀ ਸਤਿਗੁਰੂ ਜੀ ਨੇ ਉਹ ਸੀਸ ਤੇ ਧਾਰਨ ਕਰ ਲਿਆ ਪਰ ਪੁਜਾਰੀਆਂ ਤਾਂ ਵੀ ਅਪਣੀ ਜ਼ਿੱਦ ਨਾ ਛੱਡੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਉਸ ਵੇਲੇ ਕ੍ਰੀਬ ਵੀਹ ਹਜ਼ਾਰ ਸਿੰਘ ਸਨ ਪਰ ਆਪ ਨੇ ਸਭ ਨੂੰ ਸ਼ਾਂਤ ਚਿਤ ਰਹਿਣ ਦਾ ਆਦੇਸ਼ ਦਿਤਾ। ਇਸ ਘਟਨਾ ਨੂੰ ਪ੍ਰਸਿੱਧ ਸਿਖ ਇਤਿਹਾਸਕਾਰ ਗਿ: ਗਿਆਨ ਸਿੰਘ ਜੀ ਆਪਣੇ ਕਬਿੱਤਾਂ ਵਿਚ ਇਉਂ ਵਰਣਨ ਕਰਦੇ ਹਨ।

ਕਈ ਤੋ ਹਜਾਰੋ ਹੀ ਰੁਪਯਾ ਰਿਸਵਤ ਮਾਂਗੇ,
ਕੋਊ ਤਨਖਾਹ ਚਾਰ ਪਾਂਚ ਲਾਖ ਮੰਗ ਹੈ।
ਹੋਇ ਕੇ ਮਸਤ ਕੇਤੇ ਕੂਕਾ ਨਾ ਉਤਾਰੇ ਪਾਗ
ਸਿਖ ਨਾ ਕਹਾਵੇਂ ਤੇਰੇ ਧਾਰੈਂ ਨੀਲ ਰੰਗ ਹੈ।
ਕਹਿਓ ਰਾਮ ਸਿੰਘ ਏਹ ਬਾਤ ਸਭ ਗੁਰੂ ਵਸ
ਸਕਤ ਨ ਏਹੀ ਸੋ ਮੈਂ ਫੇਰੋਂ ਮਨ ਢੰਗ ਹੈ।
ਤਨਖਾਹ ਆਹਿ ਮੋ ਮੈਂ ਚਤੁਰ ਬਿਧਾ* ਸੋ ਕੋਊ
ਲੇਹੁ ਦੰਡ ਵਾਹਿ ਕਰ ਸਹੀ ਸੋ ਨਿਸੰਗ ਹੈ।
ਕਹਿਓ ਰਾਮ ਸਿੰਘ ਉਭੇ ਬਾਤ ਨਹਿਚਾਤ ਮੈਤੋ
ਦੇਹੁ ਤਨਖਾਹਿ ਕਿਛੁ ਜਥਾ ਜੋਗ ਸੋ ਰਹਿਓ।

---

* ਚਾਰ ਤਨਖਾਹਾਂ ਬਾਰੇ ਸਿੱਖ ਧਰਮ ਵਿਚ ਜੋ ਹੁਣ ਪ੍ਰਸਿੱਧੀ ਹੈ ੧. ਮੁੰਡਨ ਕਰਾਉਣਾ ੨. ਪਰਇਸਤ੍ਰੀ ਗਮਨ ੩. ਤਮਾਕੂ ਆਦਿ ਨਸ਼ਿਆਂ ਦਾ ਸੇਵਨ ਕਰਨਾ ੪. ਕੁਠਾ ਖਾਣਾ (ਮਾਸ ਖਾਣ ਵਾਲਿਆਂ ਦੇ ਆਪਣੇ ਬਚਾਉ ਵਾਸਤੇ ਮਾਸ ਦੀ ਸੰਗਯਾ "ਕੁਠਾ" ਪ੍ਰਸਿੱਧ ਕਰ ਦਿਤੀ ਹੈ)। ਆਦਿ ਸ੍ਰੀ ਗ੍ਰੰਥ ਵਿਚ ਵੀ "ਚਾਰੇ ਕਿਲਵਿਖ" ਸ਼ਬਦ ਆਇਆ ਹੈ। "ਚਾਰੇ ਕਿਲਵਿਖ ਉਨ ਅਘ ਕੀਏ ਹੋਆ ਅਸੁਰ ਸੰਘਾਰ" (ਸ੍ਰੀ ਰਾਗ (ਚਲਦਾ)

Sri Satguru Jagjit Singh Ji Elibrary NamdhariElibrary@gmail.com

ਹੁਤੇ ਗੁਰਦੁਾਰੇ ਤੰਬੂ ਸਾਹਿਬ ਕਾ ਜੋ ਮਹੰਤ
ਮੰਗਲ ਮੁਗੇਸ਼ ਤਤਿ ਪਰਖਲੇ ਕੋ ਖੋ ਫਰਿਓ ।
ਧਾਰਹੋ ਨ ਕੂਕਾ ਕੋਊ ਕਬੀ ਨੀਲ ਰੰਗ ਅੰਗ
ਨੀਲਾ ਸਿਰੋਪਾਉ ਰਾਮ ਸਿੰਘ ਆਗੈ ਲਿਆ ਧਰਿਓ ।
ਯਦੀ ਤਹਿ ਸੋਊ ਨਿਜ ਸੀਸ ਪਰ ਧਾਰ ਲੀਓ
ਤੋ ਭੀ ਨਾ ਪੁਜਾਰੀਓਂ ਨੇ ਇਤਫਾਕ ਹੈ ਕਰਿਓ ।

ਉਪ੍ਰੋਕਤ ਘਟਨਾ ਸੰਮਤ ੧੯੨੦ ਦੇ ਕ੍ਰੀਬ ਦੀ ਹੈ । ਉਸ ਤੋਂ ਬਾਦ ਵੀ ਵਿਦੇਸ਼ੀ ਸਰਕਾਰ ਦੇ ਪ੍ਰਭਾਵ ਹੇਠ ਆਏ ਹੋਏ ਸਿੱਖਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਵਿਰੋਧ ਕਰਨ ਤੋਂ ਫ਼ਰਕ ਨਹੀਂ ਕੀਤਾ ਪਰ ਸ੍ਰੀ ਸਤਿਗੁਰੂ ਜੀ ਨੇ ਗੁਰੂ ਨਾਨਕ ਦੀ ਗੱਦੀ ਦੀ ਪ੍ਰੰਪਰਾ ਅਨੁਸਾਰ ਅਪਣਾ ਹਿਰਦਾ ਸਦਾ ਸ਼ਾਂਤ ਰਖਿਆ ਹੈ । ਆਪ ਸਦਾ ਹੀ ਸਿੱਖ ਪੰਥ ਦੀ ਏਕਤਾ ਲਈ ਉਪਦੇਸ਼ ਦਿੰਦੇ ਰਹੇ । ਅਪਣੇ ਨਿਵਾਸ ਸਥਾਨ ਤੇ ਸੇਵਾ ਕਰਨ ਵਾਲਿਆਂ ਨੂੰ ਆਪ ਜੀ ਦਾ ਵਿਸ਼ੇਸ਼ ਹੁਕਮ ਸੀ ਕਿ ਚਾਹੇ ਕੋਈ ਕਿਸੇ ਭੇਖ ਦਾ ਹੋਵੇ, ਕੋਈ ਨਿੰਦਾ ਵੀ ਕਰਦਾ ਹੋਵੇ ਤੁਸੀਂ ਸਭ ਦੀ ਸੇਵਾ ਕਰਨੀ, ਸੇਵਾ ਕਰਨ ਵਾਸਤੇ ਤਾਂ ਆਪ ਦਾ ਹੁਕਮ ਇਥੋਂ ਤਕ ਸੀ ਕਿ ਗਊ ਮਾਰ ਕੇ ਕੋਈ ਆਇਆ ਹੋਏ ਹੱਥ ਵਿਚ ਖੂਨ ਦੀ ਲਿਬੜੀ ਛੁਰੀ ਹੋਵੇ, ਅਸੀਂ ਰਾਜੀ ਨਹੀਂ ਰਹਾਂਗੇ, ਜੇ ਉਹ ਤੁਹਾਡੇ ਦਰਵਾਜ਼ੇ ਤੋਂ ਪ੍ਰਸ਼ਾਦਾ ਛਕਣ ਤੋਂ ਬਿਨਾਂ ਚਲਾ ਜਾਵੇ । ਨਿਰਵੈਰ ਹੋਣ ਦੀ ਇਸ ਤੋਂ ਵਧ ਹੋਰ ਕੀ ਉਪਮਾ ਦਿਤੀ ਜਾ ਸਕਦੀ ਹੈ ।

ਇਹ ਸਭ ਨੂੰ ਪਤਾ ਹੈ ਕਿ ਨਾਮਧਾਰੀ ਸਿੰਘਾਂ ਵਿਚ ਦੇਹਧਾਰੀ ਸਤਿਗੁਰੂ ਦੀ ਮਾਨਤਾ ਹੈ (ਜੋ ਕਿ ਆਦਿ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਸਿੱਖੀ ਸਿਧਾਂਤ ਹੈ) ਪਰ ਅਕਾਲੀ ਜਾਂ ਦੂਜੇ ਸਿੱਖਾਂ ਵਿਚ ਅਪਣੇ ਅਪਣੇ ਪੱਖ ਦੇ ਲੇਖ ਅਤੇ ਵਿਖਿਆਨ ਕ੍ਰੀਬ ਇਕ ਸਦੀ ਤੋਂ ਹੁੰਦੇ ਚਲੇ ਆ ਰਹੇ ਹਨ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੋਹਾਂ ਵੀਚਾਰਾਂ ਦੇ ਵਿਰੋਧ ਦੀ ਕਲਮੀ ਚਰਚਾ ਕਾਫੀ ਤੇਜ਼ ਹੋ ਗਈ ਸੀ । ਭਾਵੇਂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੇ ਕੇਸਾ ਭੀ ਵਿਰੋਧ ਰਖਦੇ ਸੀ ਪਰ ਸ੍ਰੀ ਸਤਿਗੁਰੂ ਜੀ ਦੀ ਸਦਾ ਏਹ ਇੱਛਾ ਰਹੀ ਕਿ ਸਿੱਖ ਪੰਥ ਦੀ ਫੁੱਟ ਕਿਸੇ ਤਰ੍ਹਾਂ ਮਿਟਾਈ ਜਾਵੇ ।

ਸੰਮਤ ੧੯੯੦ ਵਿਚ ਆਪ ਜਦ ਪਹਿਲੀ ਵੇਰ ਸਿਆਮ (ਥਾਈਲੈਂਡ) ਗਏ ਤਾਂ ਵਾਪਸੀ ਤੇ ਰੰਗੂਨ ਸਿੰਘ ਸਭਾ ਦੇ ਗੁਰਦਵਾਰੇ ਆਪ ਦਰਸ਼ਨ ਕਰਨ ਗਏ । ਓਥੇ ਆਪ ਜੀ ਨੇ ਦੇਖਿਆ ਕਿ ਗੁਰਦਵਾਰੇ ਨੂੰ ਤਾਲੇ ਲਗੇ ਹੋਏ ਹਨ । ਪੁਛਣ ਤੇ ਪਤਾ ਲਗਾ ਕਿ ਦੋ ਧੜਿਆਂ ਵਿਚ ਲੜਾਈ ਇਸ ਕਾਰਣ ਹੋ ਗਈ ਸੀ ਕਿ ਗੁਰਦਵਾਰੇ ਦਾ ਪ੍ਰਧਾਨ ਭੋਜੀਆਂ ਵਿਚੋਂ ਹੋਵੇ ਜਾਂ ਦੂਜਿਆਂ ਵਿਚੋਂ । ਕੁਰਸੀਆਂ ਮਾਰ ਕੇ ਲੜੇ ਅਤੇ ਦੋਹਾਂ ਧਿਰਾਂ ਦੇ ਆਗੂ ਜੇਲ੍ਹ ਵਿਚ ਸਨ । ਏਹ ਦੇਖ ਕੇ ਸ੍ਰੀ ਸਤਿਗੁਰੂ ਜੀ ਦੇ ਮਨ ਨੂੰ ਕਸ਼ਟ ਹੋਇਆ । ਸ੍ਰੀ ਭੈਣੀ ਸਾਹਿਬ ਆ ਕੇ ਸੰਮਤ ੧੯੯੧ ਅੱਸੂ ਦੇ ਮੇਲੇ ਤੇ ਆਪ ਨੇ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫ੍ਰੰਸ ਕੀਤੀ ।

ਏਸ ਕਾਨਫ੍ਰੰਸ ਵਿਚ ਉਨ੍ਹਾਂ ਮੁਖੀਆਂ ਨੂੰ ਸੱਦਾ ਦਿਤਾ ਜੋ ੧੦ ਪਾਤਸ਼ਾਹੀਆਂ ਅਤੇ ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੇ ਸਨ । ਉਨ੍ਹਾਂ ਕਿਹਾ ਕਿ ਤਦ ਆਵਾਂਗੇ ਜੇ ਦਸ ਪਾਤਸ਼ਾਹੀਆਂ ਦੀ ਅਰਦਾਸ ਕਰਾਉਗੇ । ਸ੍ਰੀ ਸਤਿਗੁਰੂ ਜੀ ਏਹ ਸਭ ਪ੍ਰਵਾਨ ਕੀਤਾ ਅਤੇ ਉਹ ਕਾਨਫ੍ਰੰਸ ਸ੍ਰੀ ਭੈਣੀ ਸਾਹਿਬ ਬਹੁਤ ਵਧ ਚੜ੍ਹਕੇ ਹੋਈ । ਸਵੇਰ ਦੀ ਆਸਾਦੀ ਵਾਰ ਵਿਚ ਬਾਰਾਂ ਪਾਤਸ਼ਾਹੀਆਂ ਅਤੇ ਸ਼ਾਮ ਦੇ ਦੀਵਾਨ ਵਿਚ ਦਸ ਪਾਤਸ਼ਾਹੀਆਂ ਦੀ ਅਰਦਾਸ ਅਤੇ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਕੇ ਦੀਵਾਨ ਲਗਦਾ ਸੀ । ਅਰਦਾਸ ਭਾਈ

ਅਸਟਪਦੀਆਂ ਮਹਲਾ ੫) ਚਾਰ ਪਾਪਾਂ ਦੀ ਵਯਾਖਯਾ ਗੁਰੂ ਅਮਰ ਦਾਸ ਜੀ ਦੀ ਬਾਣੀ ਵਿਚੋਂ ਵੀ ਮਿਲਦੀ ਹੈ :—ਬ੍ਰਾਹਮਣ ਕੈਲੀਆਤ ਕੰਞਕਾ ਅਣਚਾਰੀ ਕਾ ਧਾਨੁ (ਸਲੋਕ ਵਾਰਾਂ ਤੇ ਵਧੀਕ)

ਭਾਵ—ਬ੍ਰਾਹਮਣ ਅਤੇ ਗਊ ਦਾ ਮਾਰਨਾ, ਕੰਨਿਆਂ ਅਤੇ ਆਚਾਰ ਰਹਿਤ ਮਨੁੱਖ ਦਾ ਧਾਨ ਖਾਣਾ ਏਹ ਚਾਰੇ ਕੁਰਹਿਤਾਂ (ਪਾਪ) ਹਨ ।

Sri Satguru Jagjit Singh Ji Elibrary NamdhariElibrary@gmail.com

ਸਾਹਿਬ ਅਰਜਨ ਸਿੰਘ ਜੀ ਬਾਗੜੀਆਂ ਵਾਲੇ ਕਰਦੇ ਰਹੇ ਸਨ। ਦਸ ਅਤੇ ਬਾਰਾਂ ਪਾਤਸ਼ਾਹੀਆਂ ਦੇ ਸਿਧਾਂਤ ਦੀ ਪਰਸਪਰ ਵਿਰੋਧੀ ਚਰਚਾ ਚਾਹੇ ਕਿਤਨੀ ਭੀ ਚਲ ਰਹੀ ਸੀ। ਸ੍ਰੀ ਸਤਿਗੁਰੂ ਜੀ ਨੇ ਸਭ ਰੋਕ ਕੇ ਏਹ ਕਾਨਫ੍ਰੰਸ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਦੀ ਆਗਿਆ ਦਾ ਪਾਲਨ ਕਰਦੇ ਹੋਏ, ਦਸ ਪਾਤਸ਼ਾਹੀਆਂ ਦਾ ਅਰਦਾਸਾ ਜਾਂ ਗ੍ਰੰਥ ਸਾਹਬ ਦੇ ਪ੍ਰਕਾਸ਼ ਆਦਿ ਬਾਰੇ ਕਿਸੇ ਨਾਮਧਾਰੀ ਨੇ ਉਥੇ ਸਾਹ ਵੀ ਉਚਾ ਨਹੀਂ ਲਿਆ। ਬਾਹਰੋਂ ਆਏ ਹੋਏ ਵਿਰੋਧੀ ਵੀਚਾਰਾਂ ਵਾਲੇ ਮੁਖੀਆਂ ਦੀ ਸੇਵਾ ਐਸੀ ਸਦਭਾਵਨਾ ਨਾਲ ਕੀਤੀ ਕਿ ਉਹ ਧੰਨ ਧੰਨ ਕਰਦੇ ਗਏ। ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾਏ ਤਾਂ ਭੋਗ ਪੇਣ ਸਮੇਂ ਆਏ ਹੋਏ ਕਈ ਮਹਾਨ ਵਯਕਤੀਆਂ ਵਿਚੋਂ, ਗਿਆਨੀ ਕਰਤਾਰ ਸਿੰਘ ਜੀ (ਜੋ ਪ੍ਰਸਿਧ ਅਕਾਲੀ ਲੀਡਰ ਸਨ ਅਤੇ ਉਸ ਵੇਲੇ ਪੰਜਾਬ ਸਰਕਾਰ ਦੇ ਮੰਤ੍ਰੀ ਸਨ) ਨੇ ਆਪਣੇ ਸ਼ਰਧਾਂਜਲੀ ਭਾਸ਼ਣ ਵਿਚ ਉਪ੍ਰੋਕਤ ਕਾਨਫ੍ਰੰਸ ਦਾ ਵਰਣਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਦੀ ਸਿਫਤ ਕੀਤੀ ਅਤੇ ਸਿਖ ਪੰਥ ਦੇ ਮਿਲਾਪ ਹਿਤ ਕੀਤੀ ਹੋਈ ਇਸ ਕਾਨਫ੍ਰੰਸ ਨੂੰ 'ਮੀਲ ਪੱਥਰ' ਆਖਕੇ ਸ੍ਰੀ ਸਤਿਗੁਰੂ ਜੀ ਦੀ ਵਿਸ਼ੇਸ਼ਤਾ ਦਰਸਾਈ। ਇਸ ਕਾਨਫ੍ਰੰਸ ਦਾ ਵਿਰੋਧੀ ਵਿਚਾਰਾਂ ਵਾਲੇ ਸਿਖਾਂ ਦੇ ਮਨ ਤੇ ਅਜੇ ਤਕ ਅਮਿਟ ਪ੍ਰਭਾਵ ਹੈ ਜੋ ਕਦੀ ਕਦੀ ਅਪਣੇ ਬੋਲ ਚਾਲ ਜਾਂ ਵਿਆਖਯਾਨ ਵਿਚ ਕਹਿੰਦੇ ਸੁਣੀਦੇ ਹਨ।

ਸ੍ਰੀ ਸਤਿਗੁਰੂ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਵਾ ਲਖ ਪਾਠ ਕਰਾਉਣ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਅਜ ਤੋਂ ਕੋਈ ੪੦ ਸਾਲ ਪਹਿਲਾਂ ਸਾਧ ਸੰਗਤ ਪਾਸੋਂ ਉਦਮ ਕਰਵਾਇਆ ਸੀ। ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਸੋਭਾ ਨਾ ਭਾਈ ਉਨ੍ਹਾਂ ਇਸ ਦਾ ਅਖਬਾਰਾਂ ਰਾਹੀ ਵਿਰੋਧ ਕੀਤਾ। ਪਤਰਿਆਂ ਤੋਂ ਕੀਤੇ ਜਾ ਰਹੇ ਪਾਠ ਸ੍ਰੀ ਸਤਿਗੁਰੂ ਜੀ ਨੇ ਸ਼ਬਦਾਂ ਵਿਚ ਤਬਦੀਲ ਕਰਕੇ ਸ਼ੁਰੂ ਕਰਵਾ ਦਿਤੇ ਤਾਂ ਕਿ ਵਿਰੋਧ ਕਰਨ ਵਾਲਿਆਂ ਨੂੰ ਕੋਈ ਬਹਾਨਾ ਨਾ ਮਿਲੇ।

ਏਹ ਸਵਾ ਲਖ ਪਾਠ ੩/੪ ਵਾਰੀ ਕੀਤੇ ਗਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਸਵਾ ਲਖ ਪਾਠ ਸਾਧ ਸੰਗਤ ਤੋਂ ਕਰਾਉਣ ਵਾਸਤੇ ਅਜ ਤੋਂ ਕ੍ਰੀਬ ੫/੬ ਸਾਲ ਪਹਿਲਾਂ ਵਿਸ਼ੇਸ਼ ਕਿਰਪਾ ਕੀਤੀ ਸੀ। ਜਿਲਦਾਂ ਤੋਂ ਬਝਣ ਤੋਂ ਬਿਨਾ ਖੁਲੇ ਪਤ੍ਰੇ ਲੈਕੇ ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ੨ ਸੈਂਚੀਆਂ ਬਣਾਕੇ ਪੂਰਨ ਮਰਯਾਦਾ ਨਾਲ ਆਪਨੇ ਸ੍ਰੀ ਭੈਣੀ ਸਾਹਿਬ ਵਿਚ ਇਹ ਪਾਠ ਆਰੰਭ ਕਰਵਾਏ। ਪਾਠ ਕਰਨ ਵਾਲੇ ਸਿੰਘ ਕੇਸ ਇਸ਼ਨਾਨ ਕਰਕੇ ਮੰਦਿਰ ਵਿਚ ਧੋਕੇ ਪਵਿਤ੍ਰ ਕੀਤੇ ਹੋਏ ਸਥਾਨ ਤੇ ਬੈਠ ਕੇ ਸੈਂਚੀਆਂ ਤੋਂ ਪਾਠ ਕਰਦੇ ਸਨ। ਉਹ ਵੀ ਇਕ ਅਦਭੁਤ ਦ੍ਰਿਸ਼ ਬਣਦਾ ਸੀ।

ਜਦ ਤੋਂ ਸ੍ਰਿਸ਼ਟੀ ਬਣੀ ਹੈ, ਜਗ ਕਰਨ ਵਾਲੇ ਅਤੇ ਜਗ ਵਿਧਵੰਸ ਕਰਨ ਵਾਲੇ ਦੋਵੇਂ ਸ੍ਰੇਣੀਆਂ ਚਲੀਆਂ ਆ ਰਹੀਆਂ ਹਨ। ਜਗ ਕਈ ਵਾਰੀ ਨਿਰ-ਵਿਘਨ ਸੰਪੂਰਨ ਹੋ ਜਾਂਦਾ ਹੈ ਪਰ ਆਸੁਰੀ ਸੰਪਰਦਾ ਵੀ ਅਪਣਾ ਬਲ ਰਖਦੀ ਹੈ। ਉਨ੍ਹਾਂ ਦਾ ਇਹੋ ਕੰਮ ਹੈ ਕਿ ਜੱਗ ਨਿਰਵਿਘਨ ਸੰਪੂਰਨ ਨਾ ਹੋਵੇ। ਸੋ ਇਹ ਸਵਾ ਲਖ ਪਵਿਤ੍ਰ ਗੁਰਬਾਣੀ ਦੇ ਪਾਠ ਜਿਨ੍ਹਾਂ ਨੂੰ ਨਾ ਭਾਏ, ਉਨ੍ਹਾਂ ਅਖਬਾਰਾਂ ਰਾਹੀਂ ਲੋਕਾਂ ਨੂੰ ਗਲਤ ਗਲਾਂ ਦਸ ਦਸ ਕੇ ਮਕਰ ਲਾਕੇ ਸਾਰੇ ਸਿਖ ਪੰਥ ਵਿਚ ਝੂਠ ਦੇ ਆਧਾਰ ਤੇ ਤਰਥਲੀ ਮਚਾ ਦਿਤੀ। ਹੋ ਰਹੇ ਪਾਠਾਂ ਦਾ ਦ੍ਰਿਸ਼ ਦੇਖਕੇ ਭੀ ਉਨ੍ਹਾਂ ਦੇ ਆਗੂਆਂ ਨੂੰ ਏਹ ਕਹਿਣ ਦਾ ਸਾਹਸ ਨਹੀਂ ਹੋਇਆ ਕਿ ਇਸ ਵਿਚ ਕੋਈ ਬੇ-ਮਰਯਾਦਗੀ ਹੈ। ਉਨ੍ਹਾਂ ਇਕੋ ਗਲ ਫੜ ਲਈ ਕਿ ਪਾਠ ਹੁਣੇ ਬੰਦ ਕਰਾਉ। ਬਹੁਤ ਸਾਰੇ ਨਾਮਧਾਰੀ ਦੂਰੋਂ ਨੇੜਿਉਂ ਏਹ ਖਬਰ ਸੁਣਕੇ ਅਪਣੇ ਅਪਣੇ ਸ਼ਸਤ੍ਰ ਲੈਕੇ ਸ੍ਰੀ ਭੈਣੀ ਸਾਹਿਬ ਆ ਗਏ। ਸ੍ਰੀ ਸਤਿਗੁਰੂ ਜੀ ਨੇ ਏਹ ਦੇਖਿਆ ਕਿ ਪਾਠ ਹੁੰਦੇ ਰਹਿਣ ਨਾਲ ਏਨ੍ਹਾਂ ਲੋਕਾਂ ਦਾ ਇਜ਼ਤ ਮਾਣ ਘਟਦਾ ਹੈ। ਇਸੇ ਦੁਖ ਤੋਂ ਏਹ ਰੋਲਾ ਪਾ ਰਹੇ ਹਨ। ਸਿਖ ਪੰਥ ਅਗੇ ਹੀ ਛੋਟੇ ਛੋਟੇ ਕਈ ਦਲਾਂ ਅਤੇ ਅਤੇ ਸ੍ਰੇਣੀਆਂ ਵਿਚ ਵੰਡਿਆ ਜਾ ਚੁਕਾ ਹੈ। ਪਾਠ ਹੁੰਦੇ ਰਹਿਣ ਨਾਲ ਰੌਲਾ ਪੌਣ ਵਾਲਿਆਂ ਨੂੰ ਪੰਥ ਵਿਚ ਫੁਟ ਪੌਣ ਦਾ ਹੋਰ ਵੀ ਮੌਕਾ ਮਿਲਦਾ ਹੈ। ਤਾਂ ਤੇ ਜਿਸ ਤਰੀਕੇ ਵੀ ਫੁਟ ਪੈਣ ਤੋਂ

Sri Satguru Jagjit Singh Ji Elibrary NamdhariElibrary@gmail.com

ਬਚਿਆ ਜਾਵੇ, ਬਚਣਾ ਚਾਹੀਦਾ ਹੈ। ਸ੍ਰੀ ਸਤਿਗੁਰੂ ਨੇ ਹੁਕਮ ਦੇਕੇ ਪਾਠ ਬੰਦ ਕਰਵਾ ਦਿਤੇ। ਜਿਨ੍ਹਾਂ ਨੂੰ ਹੁੰਦਿਆਂ ਦੀ ਸ਼ੋਭਾ ਨਹੀਂ ਭਾਉਂਦੀ ਸੀ ਉਨ੍ਹਾਂ ਫਿਰ ਏਹ ਕਹਿਣਾ ਸ਼ੁਰੂ ਕੀਤਾ ਕਿ ਏਹ ਹੁਣ ਡਰਦੇ ਪਾਠ ਨਹੀਂ ਕਰਦੇ। ਬਾਦ ਵਿਚ ਉਹ ਏਹ ਵੀ ਮੰਨੇ ਕਿ ਏਹ ਰੌਲਾ ਪਾਠਾਂ ਵਿਰੁਧ ਨਹੀਂ ਸਗੋਂ ਇਕ ਸਿਆਸੀ ਬਦਲਾ ਲੈਣਾ ਸੀ। ਫਿਰ ਵੀ ਸ੍ਰੀ ਸਤਿਗੁਰੂ ਜੀ ਨੇ ਕੁਛ ਨਹੀਂ ਆਖਿਆ ਅਤੇ ਪੰਥਕ ਮੇਲ ਵਾਸਤੇ ਜਤਨ ਸਦਾ ਹੀ ਜਾਰੀ ਰਖੇ ਹਨ।

ਸੰਤ ਫਤਹਿ ਸਿੰਘ ਜੀ ਅਤੇ ਮਾਸਟਰ ਤਾਰਾ ਸਿੰਘ ਜੀ ਇਸ ਸ੍ਰਿਸ਼ਟੀ ਤੇ ਅਜੇ ਵਿਦਮਾਨ ਸਨ ਜਦੋਂ ਦੋਹਾਂ ਵਿਚ ਵਿਰੋਧ ਕਾਫੀ ਵਧ ਗਿਆ ਸੀ। ਇਹ ਦੋਵੇਂ ਨਾਮਧਾਰੀ ਸਿਧਾਂਤ ਦੇ ਵਿਰੋਧੀ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਦਾ ਪਰਸਪਰ ਮੇਲ ਕਰੌਣ ਦੇ ਜਤਨ ਕੀਤੇ। ਲੁਧਿਹਾਣੇ ਵਿਚ ੧ ਜਾਂ ੨ ਇਕਤ੍ਰਤਾ ਹੋਈਆਂ ਵੀ ਪਰ ਏਨ੍ਹਾਂ ਦੇ ਆਪਣੇ ਥਾਂ ਅੜੇ ਰਹਿਣ ਕਰਕੇ ਜਤਨ ਸਫਲ ਨਾ ਹੋ ਸਕੇ। ਇਹ ਕਰਤੱਵ ਸਦਭਾਵਨਾ ਦਾ ਪ੍ਰਤਖ ਪ੍ਰਮਾਣ ਹੈ ਜੋ ਕਿ ਇਸ ਘਰ ਦੀ ਪ੍ਰੰਪਰਾ ਹੈ।

ਇਸ ਸਾਲ (ਸੰਮਤ ੨੦੩੯) ਬਸੰਤ ਪੰਚਮੀ ਵਾਲੇ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਦੀ ਖੁਸ਼ੀ ਵਿਚ ਲੁਧਿਆਣੇ ਸ਼ਹਿਰ ਵਿਚ ਕਢੇ ਗਏ ਮਹਾਨ ਜਲੂਸ ਵਿਚ ਪੰਜਾਬ ਦੇ ਸਾਰੇ ਹੀ ਧਾਰਮਿਕ ਅਤੇ ਰਾਜਨੀਤਕ ਹਿੰਦੂ ਸਿਖ ਸੱਜਣੀਆਂ ਅਤੇ ਦਲਾਂ ਦਾ ਖੁਸ਼ੀ ਨਾਲ ਸ਼ਾਮਲ ਹੋਣਾ ਸ੍ਰੀ ਸਤਿਗੁਰੂ ਜੀ ਵਲੋਂ ਕੀਤੇ ਗਏ ਸਦਭਾਵਨਾ ਵਰਤਾਉ ਦਾ ਪ੍ਰਤਖ ਪ੍ਰਮਾਣ ਹੈ।

ਰੁਬਾਈ

ਲਾ ਕੇ ਲਾਰਾ ਚਲਾ ਗਿਆ ਤੂੰ ਮਾਹੀਆ, ਕਿਹੜੇ ਦੇਸ ਵੇ
ਮੈਂ ਲਭਦੀ ਲਭਦੀ ਹਾਰੀ, ਤੂੰ ਕਿਹੜਾ ਪਾਇਆ ਵੇਸ ਵੇ
ਹੁਣ ਤੇ ਤਾਹਨੇ ਖਾ ਖਾ ਦਿਲ ਵੀ ਟੁਟਾ
ਜਿਥੇ ਵੀ ਤੂੰ ਹੈਂ ਵੇ ਲੁਕਿਆ ਮੁੜਿਆ ਆਪਣੇ ਦੇਸ ਵੇ।

ਸੁਖਵਿੰਦਰ ਸਿੰਘ

Sri Satguru Jagjit Singh Ji Elibrary NamdhariElibrary@gmail.com

ਸਿਖ ਪ੍ਰੰਪਰਾ ਅਨੁਸਾਰ

ਸਾਡਾ ਪਹਿਰਾਵਾ

ਦਲੀਪ ਸਿੰਘ ਨਾਮਧਾਰੀ
ਲੁਧਿਆਣਾ

"ਸਾਮ ਕਹੈ ਸੇਤੰਬਰ ਸੁਆਮੀ
ਸਚਿ ਮਹਿ ਆਛੈ ਸਾਚਿ ਰਹੇ ।"
(ਆਸਾ ਦੀ ਵਾਰ)

ਗੁਰਬਾਣੀ ਉਪ੍ਰੋਕਤ ਸ਼ਬਦਾਂ ਵਿਚ ਦਰਸਾਉਂਦੀ ਹੈ ਕਿ ਸਤਿਜੁਗ ਦੇ ਸਮੇਂ ਦਾ ਪਹਿਰਾਵਾ ਸਫ਼ੇਦ ਹੈ। ਵੈਸੇ ਵੀ ਸਫ਼ੇਦ ਰੰਗ ਅਮਨ ਏਕਤਾ ਤੇ ਸਦਭਾਵਨਾ ਦਾ ਪ੍ਰਤੀਕ ਹੋਣ ਕਰਕੇ ਸਭ ਰੰਗਾਂ ਤੋਂ ਉਚਤਮ ਮੰਨਿਆ ਗਿਆ ਹੈ। ਬਾਕੀ ਦੇ ਰੰਗ ਲਾਲ, ਹਰਾ, ਪੀਲਾ, ਸੰਤਰੀ ਤੇ ਨੀਲਾ-ਕਾਲਾ ਇਸ ਤੋਂ ਹੇਠਾਂ ਹਨ। ਹਰ ਰੰਗ ਆਪਣਾ ਪ੍ਰਭਾਵ ਛਡਦਾ ਹੈ। ਸਤਿਜੁਗੀ ਪਹਿਰਾਵਾ ਹੋਣ ਦੇ ਨਾਤੇ ਸਫ਼ੇਦ ਬਸਤਰ ਜੁਗਾਂ ਜੁਗਾਂ ਤੋਂ ਚਲਦੇ ਆ ਰਹੇ ਹਨ। ਜੋਗੀ ਸੰਨਿਆਸੀਆਂ ਨੇ ਭਗਵੇ ਕਪੜੇ ਪਾ ਕੇ ਭੇਸ ਬਦਲ ਲਿਆ। ਇਸੇ ਤਰ੍ਹਾਂ ਕਲਿਜੁਗ ਦੇ ਸਮੇਂ ਵਿਚ ਮੁਸਲਮਾਨਾਂ ਨੇ ਕਾਲਾ-ਨੀਲਾ ਰੰਗ ਪਹਿਰਨਾ ਸ਼ੁਰੂ ਕਰ ਦਿਤਾ। ਗੁਰਬਾਣੀ ਦਾ ਇਹ ਸ਼ਬਦ

"ਕੋਈ ਓਢੈ ਨੀਲ (ਮੁਸਲਮਾਨ)
ਕੋਈ ਸਪੇਦ ।" (ਹਿੰਦੂ)

(ਸੰਤ ਫ਼ਤਹਿ ਸਿੰਘ ਜੀ ਗੁਰਦੁਆਰਾ ਗਜ਼ਟ 'ਚੋਂ)

ਸਾਫ਼ ਦਰਸਾਉਂਦਾ ਹੈ ਕਿ ਨੀਲਾ ਰੰਗ ਮੁਸਲਮਾਨਾਂ ਦਾ ਲਿਬਾਸ ਹੈ ਤੇ ਸਪੇਦ ਹਿੰਦੂ ਧਰਮ ਦਾ।

ਸਾਡਾ ਪਹਿਰਾਵਾ ਸਿਖ ਪ੍ਰੰਪਰਾ ਅਨੁਸਾਰ ਤੇ ਗੁਰੂ ਸਾਹਿਬਾਂ ਦੇ ਆਸ਼ੇ ਅਨੁਸਾਰ ਹੀ ਹੋਣਾ ਚਾਹੀਦਾ ਹੈ। ਸਭ ਗੁਰੂ ਸਾਹਿਬਾਨ ਨੇ ਸਫ਼ੇਦ ਬਸਤਰਾਂ ਨੂੰ ਹੀ ਪਹਿਨਿਆ ਹੈ। ਹਾਂ ਕਿਸੇ ਕੌਤਕ ਦੇ ਸਮੇਂ ਜੇ ਕਰ ਭੇਸ ਬਦਲਿਆ ਵੀ ਹੈ ਤਾਂ ਬਹੁਤ ਥੋੜੇ ਸਮੇਂ ਲਈ। ਫਿਰ ਗੁਰੂ ਤਾਂ ਸਮਰਥ ਹੁੰਦਾ ਹੈ ਤੇ ਉਸਦਾ ਵਿਚਰਨਾ, ਇਸ ਦੁਨੀਆਂ ਨੂੰ ਸਿੱਧੇ ਰਾਹੇ ਪਾਉਣ ਹਿਤ ਹੀ ਹੁੰਦਾ ਹੈ। ਜੇ ਕਰ ਗੁਰੂ ਨਾਨਕ ਦੇਵ ਜੀ ਨੂੰ ਮੱਕੇ ਜਾਣ ਲਗਿਆਂ ਨੀਲੇ ਰੰਗ ਦੇ ਬਸਤਰ ਪਾਉਣੇ ਪਏ

"ਬਾਬਾ ਫਿਰ ਮਕੇ ਗਯਾ,
ਨੀਲ ਬਸਤ੍ਰ ਧਾਰੇ ਬਨਵਾਰੀ ॥"
—ਵਾਰ ੧, ਪਉੜੀ ੩੨

ਤਾਂ ਇਸ ਲਈ ਕਿ ਮੁਸਲਮਾਨਾਂ ਦਾ ਪਹਿਰਾਵਾ ਨੀਲਾ-ਕਾਲਾ ਸੀ ਅਤੇ ਮੱਕੇ ਜਾਣ ਲਈ ਮੁਸਲਮਾਨੀ ਭੇਖ ਬਨਾਉਣਾ ਬਹੁਤ ਜ਼ਰੂਰੀ ਸੀ, ਨਹੀਂ ਤਾਂ ਉਥੇ ਪਹੁੰਚਣਾ ਮੁਸ਼ਕਿਲ ਹੀ ਹੈ। ਮੱਕੇ ਦੀ ਯਾਤਰਾ ਤੋਂ ਬਾਅਦ ਗੁਰੂ ਸਾਹਿਬ ਨੇ ਉਹ ਬਸਤ੍ਰ ਫਿਰ ਨਹੀਂ ਪਹਿਨੇ। ਇਸੇ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਸਾਹਿਬ ਤੋਂ ਨਿਕਲਣ ਉਪ੍ਰੰਤ ਉੱਚ ਦੇ ਪੀਰ ਬਨਣ ਲਈ ਨੀਲਾ ਪਹਿਰਾਵਾ ਪਾਉਣਾ ਪਿਆ। ਨਾਨਕ ਪ੍ਰਕਾਸ਼ ਵਿਚ ਲਿਖਿਆ ਮਿਲਦਾ ਹੈ :—.

"ਉਚ ਜਹਾਂ ਸਯਦ ਬਹੁ ਬਾਸੀ।"

ਭਾਵ ਉਚ ਉਹ ਜਗ੍ਹਾ ਹੈ, ਜਿਥੇ ਬਹੁਤ ਸਯਦ ਵਸਦੇ ਹਨ। ਗੁਰੂ ਸਾਹਿਬ ਜੀ ਨੇ ਉੱਚ ਦੇ ਪੀਰ ਬਨਣ ਲਈ ਸਯਦਾਂ ਜੈਸਾ ਭੇਸ ਕੀਤਾ, ਜੋ ਇਸਲਾਮ ਧਰਮ

Sri Satguru Jagjit Singh Ji Elibrary NamdhariElibrary@gmail.com

ਮੰਨਣ ਵਾਲਿਆਂ ਦਾ ਪਹਿਰਾਵਾ ਸੀ ।

ਪਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਬਸਤ੍ਰਾਂ ਨਾਲ ਢਿਲਵੀਂ ਪੁੱਜੇ ਤਾਂ ਉਥੋਂ ਦੇ ਸੋਢੀ ਕੌਲ ਰਾਇ ਜੀ ਨੇ ਇਨ੍ਹਾਂ ਵਸਤ੍ਰਾਂ ਨੂੰ ਉਤਾਰਨ ਲਈ ਬੇਨਤੀ ਕੀਤੀ ਅਤੇ ਚਿੱਟੇ ਬਸਤ੍ਰ ਪਹਿਨਣ ਲਈ ਦਿਤੇ । ਭਾਈ ਸੰਤੋਖ ਸਿੰਘ ਜੀ ਇਸ ਬਾਰੇ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨੀਲੇ ਕਪੜੇ ਉਤਾਰ ਲੀਰ ਲੀਰ ਕਰ ਅੱਗ ਵਿਚ ਸਾੜੇ ਅਤੇ ਆਸਾ ਦੀ ਵਾਰ ਦੀ ਇਹ ਤੁਕ ਉਲਟਾਈ :—

"ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲ ਕੀਆ ॥"

ਜੁਲਤ ਅੰਗੀਠਾ ਅਗਨ ਅਗਾਰੀ ।
ਨੀਲਾਂਬਰ ਲੇ ਹਾਥ ਮਝਾਰੀ ।
ਲੀਰ ਪਾੜ ਕਰ ਤਿਸ ਤੇ ਸਤਿਗੁਰ ।
ਸ੍ਰੀ ਮੁਖ ਤੇ ਤੁਕ ਏਵ ਉਚਰ ਕਰ ।
ਨੀਲ ਬਸਤਰ ਲੇ ਕਪੜੇ ਫਾੜੇ
ਤੁਰਕ ਪਠਾਣੀ ਅਮਲੁ ਗਇਆ ।
ਪਠ ਕਰ ਤਤ ਛਿਨ ਲੀਰ ਜੁ ਕਰ ਮਹਿ,
ਅਗਨ ਬਿਖੈ ਪਟ ਡਾਰ ਦਇਆ ।
ਪੁਨਹ ਪਾੜ ਕਰ ਤਿਮਹੀ ਪਠ ਕਰ
ਪਾਵਕ ਪਾਵਤ ਛਾਰ ਕਇਆ ।
ਚੀਰਤ ਚੀਰ ਕਰਤ ਲਘੁ ਲਘੁ ਕੋ
ਅਚਰਜ ਸਭ ਕੇ ਰਿਦੇ ਭਇਆ ।

ਇਸ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ "ਮਹਾਨ ਕੋਸ਼" ਪੰਨਾ ੫੬੫ ਤੇ ਲਿਖਦੇ ਹਨ :—

ਢਿਲਵਾਂ ਕਲਾਂ :—

"ਇਸ ਤੋਂ ਇਕ ਫ਼ਰਲਾਂਗ ਪੱਛਮ ਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ, ਇਥੇ ਕਲਗੀਧਰ ਸੋਢੀ ਸਾਹਿਬ ਕਉਲ ਜੀ ਦੇ ਘਰ ਬਿਰਾਜੇ ਹਨ । ਕਉਲ ਜੀ ਦੀ ਬੇਨਤੀ ਮੰਨ ਕੇ ਮਾਛੀਵਾੜੇ ਵਾਲਾ ਨੀਲਾ ਬਾਣਾ ਉਤਾਰ ਕੇ ਚਿੱਟੇ ਬਸਤਰ ਧਾਰਨ ਕੀਤੇ ।" ਗੁਰੂ ਸਾਹਿਬ ਨੇ ਨੀਲੀ ਚਾਦਰ ਅੱਗ ਵਿਚ ਸਾੜਨ ਸਮੇਂ ਬਚਨ ਕੀਤਾ :—

"ਨੀਲ ਬਸਤ੍ਰ ਲੈ ਕਪੜੇ ਫਾਰੇ
ਤੁਰਕ ਪਠਾਣੀ ਅਮਲ ਗਇਆ ।"

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਸਵਰਗੀ ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਏ ਇਸ ਘਟਨਾ ਨੂੰ ਇਉਂ ਕਲਮਬੰਦ ਕਰਦੇ ਹਨ :—

ਡੇਰਾ ਕਰਕੇ ਗੁਰੂ ਜੀ ਨਹਾਉਣ ਲਗੇ,
ਨੀਲੀ ਲਾਹ ਪੁਸ਼ਾਕ ਰਖਾ ਲਈ ਨੇ ।
ਕਉਲ ਚਿੱਟੀ ਪੁਸ਼ਾਕ ਲਿਆ ਰਖੀ,
ਨੀਲੀ ਆਖ ਕੇ ਇਹ ਉਠਾ ਲਈ ਨੇ ।
ਏਹ ਸਤਿਗੁਰੋ ਤੁਸਾਂ ਨੂੰ ਫਬਦੀ ਨਹੀਂ,
ਚਿੱਟੀ ਪਹਿਰ ਲਉ ਅਰਜ ਸੁਨਾ ਲਈ ਨੇ ।
ਉਹਦਾ ਵੇਖ ਪਰੇਮ ਕਰਤਾਰ ਸਿੰਘਾ,
ਚਕ ਉਹ ਪੁਸ਼ਾਕ ਹੀ ਪਾ ਲਈ ਨੇ ।
ਕੇਸ ਹਰੇ ਕਰ ਕੇ ਚੋਜੀ ਸਤਿਗੁਰੂ ਜੀ,
ਚਲ ਪਾਸ ਅੰਗੀਠੇ ਦੇ ਜਾਂਵਦੇ ਨੇ ।
ਲੀਰਾਂ ਕਰ ਕੇ ਨੀਲੀ ਪੁਸ਼ਾਕ ਦੀਆਂ,
ਵਿਚ ਅਗ ਦੇ ਪਾ ਜਲਾਂਵਦੇ ਨੇ ।
ਨਾਲੇ ਫੂਕਦੇ ਜਾਂਵਦੇ ਪੁਸ਼ਾਕ ਡਾਈਂ,
ਨਾਲੇ ਤੁਕ ਏਹ ਪੜ੍ਹ ਸੁਨਾਂਵਦੇ ਨੇ ।

ਯਥਾ :—

"ਨੀਲ ਬਸਤ੍ਰ ਲੈ ਕਪੜੇ ਫਾੜੇ,
ਤੁਰਕ ਪਠਾਣੀ ਅਮਲ ਗਇਆ ।"
ਸੁਣ ਕਉਲ ਜੀ ਨੇ ਪਾਸੋਂ ਟੋਕ ਕੀਤੀ,
ਸ਼ਬਦ ਉਲਟਣੇ ਕਿਸ ਤਰ੍ਹਾਂ ਭਾਵਨੇ ਨੇ ।
ਰਾਮ ਰਾਇ ਨੇ ਤੁਕ ਉਲਟਾਈ ਹੈਸੀ,
ਗੁਰੂ ਉਸ ਨੂੰ ਮੁਖ ਨਾ ਲਾਵਨੇ ਨੇ ।
ਤੁਸਾਂ "ਪਹਿਰੇ" ਦੇ ਥਾਂ "ਫਾੜੇ" ਆਖਿਆ ਏ,
"ਗਯਾ" "ਕੀਯਾ" ਵੀ ਉਲਟ ਦਿਸਾਂਵਦੇ ਨੇ ।
ਸ਼ਬਦ ਉਲਟਿਆ ਵਾਰ ਪਰਿਵਾਰ ਸਾਰਾ,
ਸ੍ਰੀ ਕਲਗੀਧਰ ਬਤਾਂਵਦੇ ਨੇ ।
ਸਬਦ ਉਲਟੇ ਬਿਨਾ ਕਰਤਾਰ ਸਿੰਘਾ,
ਕਾਬੂ ਤੁਰਕ ਨ ਕਿਸੇ ਦੇ ਆਂਵਦੇ ਨੇ ।

(ਦਸਮੇਸ਼ ਪ੍ਰਾ: ੪੪੯. ੯ਵੀਂ ਪਉੜੀ)

Sri Satguru Jagjit Singh Ji Elibrary NamdhariElibrary@gmail.com

"ਗੁਰੂ ਗੋਬਿੰਦ ਸਿੰਘ ਮਾਰਗ" ਨਾਮੀ ਪੁਸਤਕ ਜੋ ਕਿ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵਲੋਂ ਛਾਪੀ ਗਈ ਹੈ, ਦੇ ਪੰਨਾ ਨੰ: ੨੭ ਤੇ ਲਿਖਿਆ ਹੈ :—

"ਕੁਝ ਦਿਨ ਦੀਨਾ ਕਾਂਗੜ ਵਿਚ ਠਹਿਰਣ ਉਪ੍ਰੰਤ ਗੁਰੂ ਜੀ ਨੇ ਬਰਾੜਾਂ ਦੇ ਦੇਸ਼ ਵਿਚ ਭ੍ਰਮਣ ਕੀਤਾ। ਇਸ ਸਿਲਸਿਲੇ ਵਿਚ ਭਗਤਾ ਭਾਈ ਕਾ, ਗੰਡੂ ਕੀ ਬੋਹ, ਡੋਡ, ਵਾਂਦਰ, ਬਰਗਾੜੀ, ਵਹਿਬਲ, ਗੁਰੂਸਰ, ਜੈਤੋ, ਮਲੂਕਾ, ਕੋਠਾ ਗੁਰੂ, ਲੰਭਵਾਲੀ, ਦਿਲਵਾਂ ਸੋਦੀਆਂ, ਕੋਟ ਕਪੂਰਾ ਆਦਿ ਵਿਚ ਪਧਾਰੇ। ਦਿਲਵਾਂ ਸੋਦੀਆਂ ਵਿਚ ਗੁਰੂ ਸਾਹਿਬ ਦੇ ਕੁਝ ਰਿਸ਼ਤੇਦਾਰ ਰਹਿੰਦੇ ਸਨੇ। ਜਦੋਂ ਉਨ੍ਹਾਂ ਪਾਸ ਗਏ ਤਾਂ ਆਪ ਜੀ ਨੇ ਨੀਲੇ ਬਸਤਰ ਉਤਾਰ ਦਿਤੇ ਤੇ ਦੂਜੇ ਕਪੜੇ ਪਹਿਨ ਲਏ : ਨੀਲੇ ਕਪੜੇ ਜੋ ਮਾਛੀਵਾੜੇ ਤੋਂ ਪਾਈ ਆਉਂਦੇ ਸਨ, ਲੀਰਾਂ ਲੀਰਾਂ ਕਰਕੇ ਅੱਗ ਵਿਚ ਸਾੜ ਦਿਤੇ ਅਤੇ ਕਿਹਾ :—

"ਨੀਲ ਬਸਤ੍ਰ ਲੇ ਕਪੜੇ ਫਾੜੇ,
ਤੁਰਕ ਪਠਾਣੀ ਅਮਲ ਗਇਆ।"

ਜਦ ਉਨ੍ਹਾ ਦੇ ਸੰਬੰਧੀ ਸੋਢੀ ਕੌਲ ਨੇ ਕਿਹਾ ਕਿ ਅਸਲੀ ਤੁਕ ਤਾਂ ਹੋਰ ਹੈ ਤਾਂ ਜਵਾਬ ਦਿਤਾ :—

ਗੁਰ ਕਹਯੋ ਹਮ ਸਰਬੰਸ ਗਾਰ,
ਤੁਕ ਪਲਟਾਈ ਹਿਤ ਉਪਕਾਰ।"

ਇਹ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਛੀਵਾੜੇ ਤੋਂ ਓੱਚ ਦਾ ਪੀਰ ਬਨਣ ਸਮੇਂ ਨੀਲੇ ਜਾਂ ਸੁਰਮਈ ਕਪੜੇ ਪਾਉਣੇ ਪਏ ਪਰ ਉਹ ਉਨ੍ਹਾਂ ਦਾ ਬਾਣਾ ਨਹੀਂ ਸੀ ਅਤੇ ਫਿਰ ਉਨ੍ਹਾਂ ਦੇ ਸਿਖਾਂ ਦਾ ਕਿਵੇਂ ਬਣ ਗਿਆ ? ਗੁਰੂ ਗੋਬਿੰਦ ਸਿੰਘ ਜੀ ਨੇ ਮੁਸਲਮਾਨ ਫੌਜਾਂ ਨੂੰ

"ਬਰੰਗੇ ਮਗਸ ਸ਼ਾਹ ਪੋਸ਼ ਆਮਦਮ।"

ਅਰਥਾਤ ਮੱਖੀ ਰੰਗੇ ਲਿਖਿਆ ਹੈ ਅਤੇ ਸਿੰਘਾਂ ਦੇ ਬਾਣੇ ਦਾ ਰੰਗ ਸਫੇਦ ਹੀ ਲਿਖਿਆ ਹੈ .—

"ਸਵੇਤ ਸਿੰਘ ਧਰ ਰੂਪ ਦਿਖਾਵੈ।
ਦਾਮਨ ਗਰਜ ਸ਼ਬਦ ਮੁਖ ਆਵੈ।"

ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਵੇਂ ਲਿਖਦੇ ਹਨ :—

"ਸੁਧੇ ਦਾੜ੍ਹੇ ਮੁਛ ਅਛ, ਦਸਤਾਰੇ ਸਵੇਤ ਸਵੱਛ,
ਕਟਿ ਪ੍ਰਤਛ ਕਛ ਪਛ ਦਿਢ ਧਾਰਤੇ।"

ਇਨ੍ਹਾਂ ਉਪਰੋਕਤ ਪ੍ਰਮਾਣਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰੂ ਕੇ ਸਿੰਘਾਂ ਦੀਆਂ ਦਸਤਾਰਾਂ ਸਫੇਦ ਰੰਗ ਦੀਆਂ ਸਨ ਅਤੇ ਫਿਰ ਨੀਲੇ ਕਾਲੇ ਰੰਗ ਦੇ ਬਸਤਰ ਪਹਿਨਣਾ ਗੁਰੂ ਸਿਖ ਪ੍ਰੰਪਰਾ ਤੋਂ ਉਲਟ ਹੈ ਅਤੇ ਜੇ ਨੀਲੇ ਕਾਲੇ ਪਹਿਨ ਕੇ ਅਸੀਂ ਆਪਣੇ ਆਪ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਜਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਿਖ ਅਖਵਾਈਏ ਤਾਂ ਇਸ ਦਾ ਇਹ ਭਾਵ ਹੈ ਕਿ ਸਾਡੇ ਮਨਾਂ ਵਿਚ ਗੁਰੂ ਸਾਹਿਬਾਂ ਦੀ ਜ਼ਰਾ ਜਿੰਨੀ ਵੀ ਕਦਰ ਨਹੀਂ। ਉਨ੍ਹਾਂ ਸ਼ਹੀਦਾਂ ਦੀ ਜਿਨ੍ਹਾਂ ਨੇ ਸਿਖੀ ਪ੍ਰੰਪਰਾ ਨੂੰ ਬਚਾਉਣ ਹਿਤ ਆਪਣਾ ਆਪ ਕੁਰਬਾਨ ਕਰ ਦਿਤਾ ਨੂੰ ਸਾਡੀ ਵਲੋਂ ਕੋਈ ਸ਼ਰਧਾਂਜਲੀ ਨਹੀਂ।

ਦਸਤਾਰ ਭਾਰਤ ਦੀ ਪ੍ਰਾਚੀਨ ਪ੍ਰੰਪਰਾ ਅਨੁਸਾਰ ਸਰੀਰ ਦੇ ਪਹਿਨਣ ਵਾਲਿਆਂ ਕਪੜਿਆਂ ਦਾ ਹੀ ਇਕ ਅੰਗ ਹੈ। ਵੇਦਾਂ ਸ਼ਾਸ਼ਤਰਾਂ 'ਚ ਇਸ ਨੂੰ 'ਉਸ਼ਨੀਸ' ਸ਼ਬਦ ਨਾਲ ਸੰਬੋਧਨ ਕੀਤਾ ਗਿਆ ਹੈ ਜਿਸਦਾ ਭਾਵ ਸਿਰ ਨੂੰ ਗਰਮੀ ਤੋਂ ਬਚਾਉਣਾ। ਇਸ ਨੂੰ ਤ੍ਰੇਤੇ ਜਾਂ ਦੁਆਪੁਰ ਯੁਗ ਵਿਚ ਕਿਰੀਟ, ਮੁਕਟ, ਤਾਜ ਆਦਿ ਦੇ ਤੌਰ ਤੇ ਰਾਜੇ ਮਹਾਰਾਜੇ ਸਰਦਾਰ ਲੋਕ ਪਹਿਨਦੇ ਹੁੰਦੇ ਸਨ ਜਿਸ ਦਾ ਰੂਪ ਬਦਲਕੇ ਦਸਤਾਰ (ਪਗੜੀ) ਅਜ ਤੋਂ ੬-੭ ਹਜ਼ਾਰ ਪਹਿਲਾਂ ਦੇ ਵਰ੍ਹਿਆਂ ਵਿਚ ਅਸੀਰੀਅਨ ਜਾਂ ਬੇਬੀਲੋਨੀਅਨ ਰਾਜਿਆਂ ਦਾ ਸ਼ਿੰਗਾਰ ਸੀ। ਇਸੇ ਤਰ੍ਹਾਂ ਆਦਿ ਕਾਲ ਤੋਂ ਚਲੀ ਆ ਰਹੀ ਦਸਤਾਰ ਨੂੰ ਗੁਰੂ ਸਾਹਿਬਾਂ ਨੇ ਵੀ ਅਪਣਾਇਆ ਅਤੇ ਨੀਚ ਤੋਂ ਨੀਚ ਨੂੰ ਵੀ ਸਰਦਾਰੀ ਬਖਸ਼ੀ। ਗੁਰਬਾਣੀ ਵਿਚ ਦਰਜ ਹੈ :

"ਸਾਬਤ ਸੂਰਤਿ ਦਸਤਾਰ ਸਿਰਾ"

ਇਸ ਤਰ੍ਹਾਂ ਜਿਹੜੇ ਗੁਰੂ ਸਾਹਿਬਾਂ ਦਾ ਸਤਿਕਾਰ ਕਰਨਾ ਲੋਚਦੇ ਹਨ, ਉਨ੍ਹਾਂ ਨੂੰ ਗੁਰੂ ਬਾਣੀ ਦਾ ਆਦਰ ਕਰਨਾ ਜ਼ਰੂਰੀ ਹੈ। ਦਸਤਾਰ ਗੁਰੂ ਕੇ ਸਿਖਾਂ ਲਈ ਉਹੀ ਹੈ

Sri Satguru Jagjit Singh Ji Elibrary NamdhariElibrary@gmail.com

ਜਿਹੜੀ ਕਿ ਗੁਰੂ ਸਾਹਿਬ ਪਹਿਨਦੇ ਆਏ ਹਨ, ਜਿਹੜੀ ਪੰਜ ਪਿਆਰਿਆਂ ਦੇ ਸਿਰਾਂ ਤੇ ਸੋਭਦੀ ਹੈ। ਇਸੇ ਨੂੰ ਮਹਾਨ ਕੋਸ਼ 'ਚ ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਮੁਖੀ ਦਸਤਾਰਾ' ਲਿਖਿਆ ਹੈ। ਪਰ ਇਸ ਦੇ ਉਲਟ ਅਜ ਚਿੱਟੀਆਂ ਦਸਤਾਰਾਂ ਦੀ ਜਗ੍ਹਾ ਵਖੋ ਵਖਰੇ ਰੰਗਾਂ ਤੇ ਵਖੋ ਵਖਰੇ ਡਿਜ਼ਾਈਨਾਂ ਦੀਆਂ ਨੋਕਦਾਰ ਟੇਢੀਆਂ ਪੱਗਾਂ ਬੰਨ੍ਹੀਆਂ ਜਾ ਰਹੀਆਂ ਹਨ। ਇਸ ਟੇਢੀ ਪਗ ਬਾਰੇ ਗੁਰਬਾਣੀ 'ਚ ਭਗਤ ਕਬੀਰ ਜੀ ਇਉਂ ਵਰਨਣ ਕਰਦੇ ਹਨ :

"ਟੇਢੀ ਪਾਗ ਟੇਢੇ ਚਾਲੇ
ਲਾਗੇ ਬੀਰੇ ਖਾਨ।
ਭਾਉ ਭਗਤਿ ਸਿਉ ਕਾਜ ਨ ਕਛੂਐ,
ਮੇਰੋ ਕਾਮ ਦੀਵਾਨ।"

—ਕੇਦਾਰਾ ਕਬੀਰ ਜੀਉ

ਇਸ ਤਰ੍ਹਾਂ ਇਹ ਟੇਢੀ ਪੱਗ ਹੰਕਾਰ ਦੀ ਨਿਸ਼ਾਨੀ ਤੇ (ਸਿੰਗਾਰ ਰਸੀ) ਗਿਰਾਵਟ ਦੀ ਸੂਚਕ ਦਸਕੇ ਅਯੋਗ ਤੇ ਮਿਥਿਆ ਕਰਾਰ ਦਿਤੀ ਹੈ। ਇਤਿਹਾਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਤੋਂ ਬਾਅਦ ਮਹਾਰਾਜਾ ਸ਼ੇਰ ਸਿੰਘ ਨੇ ਇਸ ਗੁਰਮੁਖੀ ਦਸਤਾਰੇ ਨੂੰ ਤੇ ਸਿਖੀ ਪਹਿਰਾਵੇ ਨੂੰ ਬਦਲਿਆ। ਗਿਆਨੀ ਗਿਆਨ ਸਿੰਘ ਜੀ ਇਸ ਬਾਰੇ ਇਉਂ ਵਰਨਣ ਕਰਦੇ ਹਨ :

ਕਬਿਤ

ਔਰੈਂ ਰੀਤ ਔਰੈਂ ਮੀਤ ਔਰੈਂ ਪ੍ਰਤੀਤ ਪ੍ਰੀਤ
ਖਾਨ ਪਹਿਰਾਨ ਗਯਾਨ ਮਾਨ ਔਰੈਂ ਜਨ ਕੈ।
ਛਾਰੇ ਦਸਤਾਰੇ ਸਾਵੇ ਭਾਰੇ ਹੈਂ ਸੰਭਾਰੇਂ ਅਛੈਂ
ਕਛੈਂ ਤਜ ਗਏ ਧੋਤੀ ਸੁਧੁ ਤੰਗ ਤਨਕੈ।
ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ
ਜਿਨੈ ਦੇਖ ਸਿਖੀ ਕੰਬੇ ਤੁਰਕ ਗਨ ਕੈ।
ਸਿਖੀ ਦਸਮੇਸ਼ ਕੀ ਸੁਕੀ ਅਪਰਦੇਸ ਕੀ ਅਸਿੱਖੀ
ਪਰੀ ਪੇਸ਼ਗੀ ਫਿਨਾਰ ਬਨ ਠਨਕੈ।

ਮਹਾਰਾਜ ਸ਼ੇਰ ਸਿੰਘ ਨੇ ਸਭ ਤੋਂ ਪਹਿਲਾਂ ਅੰਗਰੇਜ਼ ਦਾ ਅਸਰ ਕਬੂਲਿਆ ਅਤੇ ਫਿਰ ਦੇਖਾ ਦੇਖੀ ਬਾਕੀ ਦੇ ਸਿਖਾਂ ਨੇ। ਇਹ ਹਾਲਾਤ ਇਥੋਂ ਤਕ ਆ ਗਏ ਕਿ :

"ਕੋਈ ਬਾਰ ਪਾਰੈਂ ਉਚੈਂ ਨਾਕ ਨੋਚੈਂ ਮੋਚਨੇ ਲੈ
ਕੋਈ ਖੋਚੈਂ ਲਾਤਨ ਕੋ ਸੋਚੈਂ ਨ ਲਖਾਇ ਹੈਂ।
ਕੋਊ ਦਾੜ੍ਹੇ ਹੀ ਉਖਾੜੈਂ ਮੂਛੈਂ ਪਾੜੈਂ ਝਾੜਨ ਜਿਉਂ
ਪੂਛੈਂ ਸੇਤ ਫਾੜੈਂ ਕੋਊ ਸਾੜੈਂ ਦਵਾ ਲਾਇ ਹੈਂ।
ਬਗਲੈਂ ਉਪਾਰੈਂ ਕੋਊ ਭੌਹੈਂ ਸੋ ਹੈਂ ਕੀ ਉਖਾਰੈਂ
ਨਾਸਿਕਾ ਕੋ ਫਾਰੈਂ ਹਾਥ ਮਾਥ ਪੈ ਚਲਾਇ ਹੈਂ।
ਸਿਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ।
ਹਾਇ ਵੈ ਕਸਾਈ ਰਹੇ ਸਿਖੀ ਗਊ ਘਾਇ ਹੈਂ।

—ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਜੀ

ਸਿਖ ਆਪਣੀਆਂ ਬੀਬੀਆਂ ਦਾੜ੍ਹੀਆਂ, ਮੁੱਛਾਂ, ਕੇਸ, ਨਕ, ਲਤਾਂ, ਬਾਹਵਾਂ ਦੀ, ਕਛਾਂ ਤੇ ਭਰਵਟਿਆਂ ਦੇ ਵਾਲਾਂ ਨੂੰ ਮੋਚਨਿਆਂ, ਦਵਾਈਆਂ ਤੇ ਹੋਰ ਢੰਗ ਤਰੀਕਿਆਂ ਨਾਲ ਖਤਮ ਕਰਨ ਲਗ ਪਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਗਊ ਰੂਪੀ ਸਿਖੀ ਨੂੰ ਇਹ ਕਸਾਈ ਖਤਮ ਕਰੀ ਜਾ ਰਹੇ ਹਨ। ਇਸ ਹਿਸਾਬ ਨਾਲ ਉਦੋਂ ਤੋਂ ਲੈ ਕੇ ਹੁਣ ਤਕ ਉਸ ਗਊ ਰੂਪੀ ਸਿਖੀ ਦਾ ਤਾਂ ਬੀ ਵੀ ਨਾਸ ਹੋ ਗਿਆ ਹੋਣੈ।

ਉਸ ਵਕਤ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਬਣਾਏ ਹੋਏ ਖਾਲਸੇ ਵਿਚੋਂ ਸਿਰਫ ਢਾਈ ਸਿਖ ਹੀ ਲਭੇ ਸਨ ਜਿਸ ਕਰਕੇ ਸੰਮਤ ੧੯੧੪ ਬਿ: ਦੀ ਵਿਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਪ ਨੇ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਪੰਜ ਸਿਖਾਂ ਨੂੰ ਛਕਾ ਕੇ ਸਿੱਖੀ ਸੁਧਾਰ ਦਾ ਮੁਢ ਬੰਨ੍ਹਿਆ। ਅਤੇ ਭਾਰਤ ਦੀ ਜੰਗੇ ਅਜ਼ਾਦੀ (ਸੁਤੰਤਰਤਾ ਸੰਗਰਾਮ) ਦਾ ਪ੍ਰਥਮ ਚਿਟਾ ਝੰਡਾ (ਧਵਜ) ਜੋ ਸੱਚ, ਸੁਚਮ, ਸਾਦਗੀ, ਅਮਨ ਤੇ ਏਕਤਾ ਦਾ ਸਰੂਪ ਹੈ ਜਿਸਨੂੰ ੧੨ਵੀਂ ਪਾਤਸ਼ਾਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵਿਸਾਖੀ ਦੇ ਸ਼ੁਭ ਦਿਹਾੜੇ ੧ ਵਿਸਾਖ ਸੰਮਤ ੧੯੧੪ (ਮੁਤਾਬਕ 13 ਅਪ੍ਰੈਲ ਸੰਨ 1857) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਤ ਖਾਲਸਾ ਅਥਵਾ ਨਾਮਧਾਰੀ ਪੰਥ ਸਾਜਣ ਸਮੇਂ ਸਥਾਪਤ ਕੀਤਾ।

ਸੋ ਸਿਖ ਪ੍ਰੰਪਰਾ ਅਨੁਸਾਰ ਗੁਰਸਿਖਾਂ ਦਾ ਪਹਿਰਾਵਾ ਸਫੇਦ ਬਸਤਰ ਜਿਸ ਵਿਚ ਗੁਰਮੁਖੀ

Sri Satguru Jagjit Singh Ji Elibrary NamdhariElibrary@gmail.com

ਦਸਤਾਰਾ, ਕਲੀਆਂ ਵਾਲਾ ਕੁੜਤਾ, ਚੂੜੀਦਾਰ ਪਾਜਾਮਾ, ਰੇਪ ਕਛਿਹਰਾ ਆਦਿ ਹੋਣਾ ਚਾਹੀਦਾ ਹੈ। ਬੀਬੀਆਂ ਲਈ ਵੀ ਸਫੇਦ ਕਲੀਆਂ ਵਾਲਾ ਕੁੜਤਾ, ਚੂੜੀਦਾਰ ਸੁਥਨ (ਸਲਵਾਰ), ਰੇਪ ਕਛਿਹਰਾ ਤੇ ਦੁਪੱਟਾ ਹੋਣਾ ਚਾਹੀਦਾ ਹੈ।

ਕਛਿਹਰਾ ਗੋਡੇ ਦੀ ਚਪਣੀ ਤੋਂ ਤਿੰਨ ਉਂਗਲ ਉੱਚਾ ਅਤੇ ਕੁੜਤਾ ਕਛਿਹਰੇ ਤੋਂ ਥੋੜਾ ਜਿਹਾ ਉੱਚਾ ਹੋਣਾ ਚਾਹੀਦਾ ਹੈ। ਵਧੀਆ ਕਾਟ ਨਾਲ ਕੱਟ ਕੇ ਸੀਤੇ ਹੋਏ ਬਸਤਰ ਅਤੇ ਸੋਹਣੀ ਦਸਤਾਰ ਸਿਰ ਤੇ ਬੰਨੀ ਹੋਈ ਇਕ ਆਮ ਸਿਖ ਨੂੰ ਵੀ ਸਰਦਾਰ ਜੀ ਤੇ ਸੰਤ ਜੀ ਬਣਾਉਂਦੀ ਹੈ ਪਰ ਜੇਕਰ ਇਹੀ ਬਸਤਰ ਖੁਲ੍ਹੇ ਡੁਲ੍ਹੇ ਤੇ ਵਲੇਟੇ ਮਾਰ ਕੇ ਹੋਰ ਹੀ ਤਰ੍ਹਾਂ ਦੀ ਬੰਨੀ ਹੋਈ ਪਗ ਜਾਂ ਗੁਰਮੁਖੀ ਪਹਿਰਾਵੇ ਤੋਂ ਉਲਟ ਹੋਰ ਹੀ ਤਰ੍ਹਾਂ ਦੇ ਪਾਏ ਹੋਏ ਬਸਤਰ ਉਸੇ ਮਨੁਖ ਨੂੰ ਹੋਰ ਹੀ ਨਾਂ ਨਾਲ ਬੁਲਾਉਣ ਤੇ ਮਜਬੂਰ ਕਰ ਦੇਂਦੇ ਹਨ।

ਗੁਰਸਿਖਾਂ ਦੇ ਪਹਿਰਾਵੇ ਹਮੇਸ਼ਾ ਉਹੀ ਹੋਣੇ ਚਾਹੀਦੇ ਹਨ ਜੋ ਗੁਰੂ ਨੂੰ ਚੰਗੇ ਲਗਣ ਅਤੇ ਸਿਖ ਨੂੰ ਖੁਸ਼ੀਆਂ ਪ੍ਰਾਪਤ ਹੋ ਸਕਣ। ਸਾਡਾ ਪਹਿਨਣਾ, ਵਿਚਰਨਾ ਤੇ ਜੀਊਣਾ ਸਭੋ ਕੁਝ ਸਤਿਗੁਰੂ ਦੇ ਹੁਕਮ ਅਨੁਸਾਰ ਹੀ ਹੋਣਾ ਚਾਹੀਦਾ ਹੈ। ਨਾਮਧਾਰੀ ਕਾਟ ਦਾ ਪਹਿਰਾਵਾ ਗੁਰਸਿਖਾਂ ਵਾਲਾ ਪਹਿਰਾਵਾ ਹੈ, ਫਿਰ ਇਸ ਨੂੰ ਪਹਿਨਣ ਤੋਂ ਝਿਜਕ ਕਿਉਂ। ਇਸ ਪਹਿਰਾਵੇ ਨੂੰ ਪਾਉਣ ਨਾਲ ਹੀ ਕਈ ਤਰ੍ਹਾਂ ਦੀਆਂ ਬੁਰੀਆਂ ਲ੍ਹਾਨਤਾਂ ਤੋਂ ਬਚਿਆ ਜਾ ਸਕਦਾ ਹੈ, ਕਈਆਂ ਬੁਰਾਈਆਂ ਤੋਂ ਦੂਰ ਹੋਇਆ ਜਾ ਸਕਦਾ ਹੈ। ਚੰਗੇ ਗੁਣਾਂ ਦੇ ਧਾਰਨੀ ਬਨਣ ਲਈ, ਚੰਗਾ ਅਖਵਾਉਣ ਵਾਸਤੇ ਇਹ ਜ਼ਰੂਰੀ ਹੈ ਕਿ ਗੁਰਮੁਖੀ ਪਹਿਰਾਵਾ ਪਾਇਆ ਜਾਏ। ਇਹ ਸਿਖ ਦੀ ਗੁਰੂ ਨਾਲ ਸਾਂਝ ਜੁ ਪੈਦਾ ਕਰਦਾ ਹੈ ਅਤੇ ਖੁਸ਼ੀਆਂ ਦਾ ਹੱਕਦਾਰ ਜੁ ਬਣਾਉਂਦਾ ਹੈ। ਸੋ ਸਭ ਮਾਈ, ਭਾਈ, ਬੱਚੇ, ਜਵਾਨ ਇਸ ਪਹਿਰਾਵੇ ਨੂੰ ਵਰਤੋਂ ਵਿਚ ਲਿਆਉਣ। ਸਭ ਸੂਬੇ, ਜਥੇਦਾਰ, ਪ੍ਰਚਾਰਕ, ਸੇਵਕ ਤੇ ਪ੍ਰਧਾਨ, ਸਕੱਤਰ ਇਸ ਗੱਲ ਤੇ ਪਹਿਰਾ ਦੇਣ ਕਿ ਜਿਥੇ ਉਹ ਆਪ ਨਾਮਧਾਰੀ ਸਿਖ ਪਹਿਰਾਵੇ ਦੇ ਧਾਰਨੀ ਹੋਣ ਉਥੇ ਆਪਣੇ ਪਰਿਵਾਰ, ਆਪਣੇ ਰਿਸ਼ਤੇ ਨਾਤੇ ਤੇ ਦੋਸਤਾਂ ਮਿਤਰਾਂ ਨੂੰ ਇਸ ਪਾਸੇ ਲਈ ਪ੍ਰੇਰਨ। ਸ੍ਰੀ ਸਤਿਗੁਰੂ ਜੀ ਪਾਸ ਵੀ ਇਹੀ ਅਰਦਾਸ ਹੈ ਜੁ ਉਹ ਸਭ ਸਿਖਾਂ ਤੇ ਕ੍ਰਿਪਾ ਦ੍ਰਿਸ਼ਟੀ ਰਖਦੇ ਹੋਏ ਸਭ ਨੂੰ ਆਪਣਾ ਹੀ ਬਣਾਈ ਰਖਣ।

ਰੁਬਾਈ

ਕੀ ਅਣਹੋਣੀ ਹੋਈ ਮੈਥੋਂ ਕਿਉਂ ਵਿਛੋੜ ਗਿਆ ਹੈਂ ਤੂੰ।
ਦਿਲ ਦੀਆਂ ਦਿਲ ਵਿਚੇ ਰਹੀਆਂ, ਐਵੇਂ ਕਰ, ਕਲੋਲ ਰਿਹਾ ਹੈ ਤੂੰ।
ਛੇਤੀ ਕਰ ਹੁਣ ਹੁਣ ਜਲਦੀ ਆ ਜਾਂ
ਕਿਉਂ ਜਿੰਦੜੀ ਨੂੰ ਮਿਟੀ ਵਿਚ ਰੋਲ ਰਿਹਾ ਹੈਂ ਤੂੰ।

ਸੁਖਵਿੰਦਰ ਸਿੰਘ

Sri Satguru Jagjit Singh Ji Elibrary NamdhariElibrary@gmail.com

ਸਿੱਖ ਪ੍ਰੰਪਰਾ ਵਿਚ ਗਊ ਦੀ ਮਹਾਨਤਾ

ਆਤਮਾ ਸਿੰਘ ਸਨਖਤ੍ਰਵੀ

ਆਮ ਤੌਰ ਤੇ ਕੁਝ ਮਜ਼ਬਾਂ ਤੇ ਮੁਲਕਾਂ ਵਲੋਂ ਗਊ ਦਾ ਸਬੰਧ ਕੇਵਲ ਹਿੰਦੂਆਂ ਤੇ ਭਾਰਤ ਨਾਲ ਹੀ ਜੋੜਿਆ ਜਾਂਦਾ ਹੈ। ਜਦੋਂ ਕਿ ਕੁਦਰਤ ਨੇ ਜੋ ਗੁਣ ਗਊ ਵਿਚ ਪਾਏ ਹੋਏ ਹਨ, ਉਨ੍ਹਾਂ ਦਾ ਸਬੰਧ ਹਰ ਮਨੁੱਖ ਮਾਤ੍ਰ ਉਸੇ ਤਰ੍ਹਾਂ ਹੀ ਵਿਆਪਿਕ ਰੂਪ ਹੈ, ਜਿਵੇਂ ਪੌਣ, ਪਾਣੀ, ਪ੍ਰਿਥਵੀ, ਅਕਾਸ਼, ਗਰਮੀ, ਸਰਦੀ, ਸੂਰਜ, ਚੰਦ੍ਰਮਾ, ਆਦਿਕਾਂ ਦਾ ਸਬੰਧ ਦੁਨੀਆਂ ਭਰ ਦੇ ਸਭ ਜੀਵਾਂ ਜੰਤਾਂ ਨਾਲ ਹੈ।

ਮਿਸਾਲ ਦੇ ਤੌਰ ਤੇ ਗਊ ਦਾ ਦੁੱਧ, ਗੋਬਰ, ਮੂਤ੍ਰ ਤੇ ਬੈਲ (ਬਿਨਾ ਕਿਸੇ ਮਜ਼ਬੀ ਜਾਂ ਮੁਲਕੀ ਵਿਤਕਰੇ ਦੇ) ਹਰ ਪ੍ਰਾਣੀ ਮਾਤ੍ਰ ਵਾਸਤੇ ਹੀ ਸੁਖਦਾਈ ਤੇ ਲਾਭਕਾਰੀ ਹੁੰਦੇ ਹਨ। ਹੋਰ ਤੇ ਹੋਰ ਜਦੋਂ ਕਿਸੇ ਵੀ ਨਵਜੰਮੇ ਬੱਚੇ ਨੂੰ ਆਪਣੀ ਜਨਣੀ ਮਾਤਾ ਦਾ ਦੁੱਧ ਕਿਸੇ ਕਾਰਨ ਮੁਆਫਿਕ ਨਾ ਆਵੇ ਜਾਂ ਪ੍ਰਾਪਤ ਨਾ ਹੋਵੇ, ਤਾਂ ਉਸ ਵਕਤ ਗਊ ਦਾ ਦੁਧ ਹੀ ਅਜਿਹਾ ਸਮਝਿਆ ਜਾਂਦਾ ਹੈ, ਜੋ ਉਸ ਬੱਚੇ ਨੂੰ ਅਰੋਗਤਾ ਅਤੇ ਜੀਅ ਦਾਨ ਦੇ ਸਕਦਾ ਹੈ : ਏਹੋ ਕਾਰਨ ਹੈ ਕਿ ਗਊ ਨੂੰ 'ਮਾਤਾ' ਦੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ।

ਫਿਰ ਮਨੁੱਖੀ ਜੀਵਨ ਅੰਨ ਤੇ ਆਧਾਰਤ ਹੋਣ ਤੇ ਅਨਾਜਾਂ ਦਾ ਉਤਪਾਦਨ ਉਪਜਾਊ ਧਰਤੀ ਤੇ ਨਿਰਭਰ ਹੈ। ਭਾਂਵੇਂ ਧਰਤੀ ਕਿਤਨੀ ਹੀ ਉਪਜਾਊ ਕਿਉਂ ਨਾ ਹੋਵੇ ਬਿਨਾਂ ਹਲ ਵਾਹੁਣ ਦੇ ਧਰਤੀ ਵਿਚੋਂ ਅਨਾਜ ਦਾ ਉਤਪਾਦਨ ਅਸੰਭਵ ਹੈ। ਹਲ ਵਾਹੁਣ ਦਾ ਕੰਮ ਜਿਤਨਾ ਚੰਗਾ ਬੈਲ ਕਰ ਸਕਦੇ ਹਨ ਹੋਰ ਜਾਨਵਰ ਨਹੀਂ ਕਰ ਸਕਦੇ। ਅੱਜ ਦੇ ਜੁਗ ਵਿਚ ਭਾਵੇਂ ਅਨਾਜ ਉਤਪਾਦਨ ਦਾ ਸਾਰਾ ਕੰਮ ਮਸ਼ੀਨਰੀ ਨਾਲ ਹੀ ਹੋ ਰਿਹਾ, ਪਰ ਫਿਰ ਵੀ ਬੈਲਾਂ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਸਗੋਂ ਬੈਲ ਹੀ ਇਕ ਅਜਿਹਾ ਜਾਨਵਰ ਹੈ ਜੋ ਮਨੁੱਖੀ ਲੋੜਾਂ ਤੇ ਵਿਵਹਾਰਾਂ ਵਿਚ ਬਾਕੀ ਦੇ ਸਭ ਕਿਸਮਾਂ ਦੇ ਜਾਨਵਰਾਂ ਨਾਲੋਂ ਵਧੇਰਾ ਕਾਰਆਮਦ ਤੇ ਸਹਾਇਕ ਹੋ ਸਕਦਾ ਹੈ।

ਜਿਥੇ ਮਨੁੱਖ ਤੋਂ ਲੈ ਕੇ ਬਹੁਤ ਸਾਰੇ ਪਸ਼ੂ ਪੰਛੀਆਂ ਦਾ ਮਲ, ਮੂਤ੍ਰ, ਅਪਵਿਤ੍ਰ ਤੇ ਮਲੀਨ ਮੰਨਿਆ ਜਾਂਦਾ ਹੈ, ਓਥੇ ਗਊ ਦੇ ਗੋਬਰ ਤੇ ਮੂਤ੍ਰ ਨੂੰ ਪਵਿੱਤ੍ਰ ਜਾਣਿਆ ਜਾਂਦਾ ਹੈ। ਸਗੋਂ ਵਿਗਿਆਨੀਆਂ ਦੇ ਕੀਤੇ ਤਜਰਬਿਆਂ ਅਨੁਸਾਰ ਗੋਬਰ ਦਾ ਲੇਪਨ ਪਵਿੱਤ੍ਰਤਾ ਦੇ ਨਾਲ ਕਈ ਬੀਮਾਰੀਆਂ ਦੇ ਕੀਟਾਣੂਆਂ ਨੂੰ ਭੀ ਨਾਸ਼ ਕਰਦਾ ਹੈ। ਗਊ ਮੂਤ੍ਰ ਸੂਤਕੀ ਬੀਮਾਰੀਆਂ ਦੀਆਂ ਔਸ਼ਧੀਆਂ ਵਿਚ ਖਾਸ ਅਹਿਮੀਅਤ ਰਖਦਾ ਹੈ।

ਇਹਨਾਂ ਅਨਗਿਣਤ ਗੁਣਾਂ ਵਾਲੀ ਗਊ ਨੂੰ ਪਤਾ ਨਹੀਂ 'ਕਿਉਂ' ਤੇ 'ਕਦੋਂ' ਤੋਂ ਕੁਝ ਮੁਲਕਾਂ ਤੇ ਮਜ਼ਬਾਂ ਨੇ ਅਕਾਰਨ ਹੀ ਘਾਤ ਕਰਨ ਤੇ ਇਸ ਦਾ ਅਭਖ (ਮਾਸ) ਖਾਣਾ ਸ਼ੁਰੂ ਕਰ ਦਿਤਾ ਹੈ ? ਹੋ ਸਕਦਾ ਹੈ ਕਿ ਹੋਰ ਵੀ ਕਈ ਮਜ਼ਬ ਤੇ ਮੁਲਕ ਗਊ ਘਾਤ ਦਾ ਦੁਰਵਿਵਹਾਰ ਕਰਦੇ ਹੀ ਹੋਣਗੇ, ਪਰ ਮੁਸਲਮਾਨ ਤੇ ਈਸਾਈ ਮਜ਼ਬ ਦੇ ਮੁਲਕਾਂ ਨੇ ਇਸ ਦੁਰ-ਕਰਮ ਨੂੰ ਅਪਣੇ ਦੀਨ ਈਮਾਨ ਦੀਆਂ ਰਿਵਾਇਤਾਂ ਨਾਲ ਜੋੜ ਰਖਿਆ ਹੋਇਆ ਹੈ।

ਜਿਥੇ ਕਦੇ ਗਊ ਘਾਤ ਦਾ ਦੁਰਵਿਵਹਾਰ ਗੈਰ ਭਾਰਤੀ ਮੁਲਕਾਂ ਵਿਚ ਹੀ ਹੋਇਆ ਕਰਦਾ ਸੀ।

Sri Satguru Jagjit Singh Ji Elibrary NamdhariElibrary@gmail.com

ਓਥੇ ਸਮੇਂ ਦੇ ਪ੍ਰੀਵਰਤਨ ਨਾਲ ਜਦੋਂ ਭਾਰਤ ਉਤੇ ਗੈਰ ਮੁਲਕੀ ਤੁਰਕਾਂ, ਮੁਗਲਾਂ, ਪਠਾਣਾਂ ਦਾ ਕਬਜ਼ਾ ਹੋਇਆ, ਉਸ ਵਕਤ ਤੋਂ ਭਾਰਤ ਵਿਚ ਵੀ ਗਊ ਹਤਿਆ ਹੋਣੀ ਸ਼ੁਰੂ ਹੋ ਗਈ। ਜਿਸ ਦਾ ਸੰਕੇਤ ਭਾਈ ਗੁਰਦਾਸ ਨੇ ਭੀ ਇਸ ਤਰ੍ਹਾਂ ਦਿਤਾ :

"ਠਾਕੁਰ ਦੁਆਰੇ ਢਹਿ ਕੇ ਤਿਹ ਠਉੜੀ ਮਸੀਤ ਉਸਾਰਾ॥ ਮਾਰਨ ਗਊ ਗ਼ਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ॥"

ਤਥਾ—ਵਰਤਿਆ ਪਾਪ ਜਗਤ੍ਰ ਤੇ ਧਉਲ ਉਡੀਣਾ ਨਿਸਦਿਨ ਰੋਆ॥ ਬਾਝੁ ਦਇਆ ਬਲਹੀਣ ਹੋਇ ਨਿਘਰ ਚਲੋ ਰਸਾਤਲਿ ਟੋਆ॥ ਖੜਾ ਇਕ ਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ॥ ਥੰਮੈ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗ ਵਿਚ ਕੋਆ॥

੧-੨੨ (ਭਾਈ ਗੁਰਦਾਸ)

ਭਾਈ ਜੀ ਦੇ ਕਥਨ ਅਨੁਸਾਰ ਧਰਤੀ ਅਥਵਾ ਧੌਲ ਦੀ ਬੇਨਤੀ ਪ੍ਰਵਾਨ ਕਰਕੇ ਗਊ ਗ਼ਰੀਬ ਤੇ ਧਰਮ ਦੀ ਰਖਿਆ ਵਾਸਤੇ :—

"ਸੁਣੀ ਪੁਕਾਰ ਦਾਤਾਰ ਪ੍ਰਭਿ ਗੁਰੂ ਨਾਨਕ ਜਗ ਮਾਹਿ ਪਠਾਯਾ॥"

ਗੁਰੂ ਨਾਨਕ ਜੀ ਨੇ ਅਵਤਾਰ ਧਾਰ ਕੇ ਪਹਿਲਾਂ ਤਲਵੰਡੀ (ਨਨਕਾਣੇ) ਵਿਚ ਜਿਥੇ ਬਾਲ ਲੀਲ੍ਹਾ ਕਰਦਿਆਂ ਪ੍ਰੋਹਤ, ਪੰਡਿਤ, ਕਾਜ਼ੀ, ਮੁਲਾਂ ਰਾਇਬੁਲਾਰ ਆਦਿਕਾਂ ਨੂੰ ਆਪਣੀ ਨੂਰਾਨੀ ਸ਼ਕਤੀ ਨਾਲ ਪ੍ਰਭਾਵਿਤ ਕੀਤਾ, ਓਥੇ ਸੁਲਤਾਨਪੁਰ ਲੋਧੀ ਆਪਣੀ ਭੈਣ (ਬੇਬੇ ਨਾਨਕੀ) ਦੇ ਪਾਸ ਨਿਵਾਸ ਸਮੇਂ, ਇਕ ਹਿੰਦੂ (ਬ੍ਰਾਹਮਨ) ਚੁੰਗੀ ਮੁਹੱਰਰ ਨੂੰ ਇਸ ਵਾਸਤੇ ਖੂਬ ਤਾੜਨਾ ਕੀਤੀ, ਕਿ ਉਹ ਇਕ ਗ਼ਰੀਬ ਬ੍ਰਾਹਮਣ ਨੂੰ ਦਾਨ ਵਜੋਂ ਮਿਲੀ ਗਊ ਨੂੰ ਸ਼ਹਿਰ ਵਿਚ ਇਸ ਵਾਸਤੇ ਨਹੀਂ ਜਾਣ ਦੇ ਰਿਹਾ ਕਿ ਉਸ ਪਾਸ ਚੁੰਗੀ ਦਾ ਟੈਕਸ ਦੇਣ ਲਈ ਟਕਾ ਨਹੀਂ ਹੈ। ਜਿਹਾ ਕਿ :—

"ਗਊ ਬ੍ਰਾਹਮਣ ਕਉ ਕਰ ਲਾਵਹੁ ਗੋਬਰ ਤਰਣ ਨ ਜਾਈ॥"

ਅਰਥਾਤ—ਗਊ ਤੇ ਗ਼ਰੀਬ ਬ੍ਰਾਹਮਣ ਨੂੰ ਟੈਕਸ ਵਾਸਤੇ ਦਿਤਨਾ ਤੰਗ ਕਰਨ ਵਾਲੇ ਬ੍ਰਾਹਮਣ ਤੇਰਾ ਗੋਬਰ ਦੇ ਲੇਪਨ ਨਾਲ ਤਾਂ ਉਧਾਰ ਨਹੀਂ ਹੋਣਾ? ਸਗੋਂ ਸਰਬ ਵਿਆਪਕ ਈਸ਼ਵਰੀ ਧਰਮ ਨੂੰ ਗੁਰੂ ਜੀ ਨੇ ਧੌਲ (ਬੈਲ) ਦੇ ਨਾਮ ਨਾਲ ਹੀ ਸੰਬੋਧਨ ਕੀਤਾ ਹੋਇਆ ਹੈ। ਜਿਵੇਂ ਕਿ :—

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥...... ਜਪੁਜੀ ੧੫

ਏਥੇ ਹੀ ਬਸ ਨਹੀਂ ਸਿੱਖ ਸਮਾਜ ਦੇ ਸਿਰਜਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਥਾਂ ਜੈਨੀ ਸਾਧੂਆਂ ਨਾਲ ਗੋਸ਼ਟ ਕਰਦਿਆਂ ਪਾਣੀ ਦੇ ਗੁਣਾਂ ਦਾ ਵਰਨਣ ਕਰਦਿਆਂ ਇਸ ਦੇ ਨਾਲ ਹੀ ਗਊ ਅਤੇ ਇਸ ਦੇ ਦੁੱਧ ਘਿਉ ਦੀ ਮਹੱਤਤਾ ਅਥਵਾ ਯਗ ਹਵਨ ਦੀ ਮਹਾਨਤਾ ਦਾ ਨਿਰੂਪਣ ਇਸ ਤਰ੍ਹਾਂ ਕੀਤਾ ਹੋਇਆ ਹੈ :—।

ਵੁਠੈ ਅੰਨੁ ਕਮਾਦੁ ਕਪਾਹਾ ਸਭ ਸੈ ਪੜਦਾ ਹੋਵੈ॥ ਵੁਠੈ ਘਾਹ ਚਰਹਿ ਨਿਤ ਸੁਰਹੀ ਸਾ ਧਨ ਦਹੀ ਵਿਲੋਵੈ॥ ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥

(ਵਾਰ ਮਾਝ ਮ: ੧ ਪੰਨਾ ੧੫੦)

ਇਤਹਾਸਿਕ ਪੱਧਰ ਤੇ ਜਦ ਗੁਰੂ ਜੀ ਭਾਈ ਗੁਰਦਾਸ ਦੇ ਲਿਖਣ ਅਨੁਸਾਰ ਕਿ :—

ਬਾਬਾ ਫਿਰਿ ਮਕੇ ਗਿਆ ਨੀਲ ਬਸਤ੍ਰ ਧਾਰੇ ਬਨਵਾਰੀ॥ ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ॥ ਬੈਠਾ ਜਾਇ ਮਸੀਤਿ ਵਿਚਿ ਜਿਥੈ ਹਾਜੀ ਹਜਿ ਗੁਜਾਰੀ॥

ਅਰਥਾਤ—ਜਦ ਗੁਰੂ ਜੀ ਮੁਸਲਮਾਨਾ ਪਹਿਰਾਵਾ ਧਾਰਨ ਕਰਕੇ ਮੱਕੇ ਗਏ ਤਾਂ ਓਥੇ ਪਹੁੰਚ ਕੇ ਮਸੀਤ ਵਿਚ ਬੈਠ ਕੇ ਗੁਰੂ ਜੀ ਨੇ ਜਿਸ ਨਿਰਭੈਤਾ ਨਾਲ ਹਿੰਦੂ ਧਿਰਮ ਦਾ ਪ੍ਰਚਾਰ ਕੀਤਾ, ਉਸ ਦਾ ਪਤਾ ਭਾਈ ਬਾਲੇ ਦੀ ਜਨਮਸਾਖੀ ਵਿਚੋਂ ਮੱਕੇ ਮਦੀਨੇ ਦੀ

Sri Satguru Jagjit Singh Ji Elibrary NamdhariElibrary@gmail.com

ਗੋਸਟ ਤੋਂ ਵਿਸਥਾਰ ਪੂਰਵਿਕ ਲਗਦਾ ਹੈ।

ਏਸੇ ਹੀ ਗੋਸਟ ਵਿਚ ਮੱਕੇ ਦੇ ਕਾਜੀਆਂ ਤੇ ਹਾਜੀਆਂ ਨੂੰ ਹਿੰਦੂ ਇਜ਼ਮ ਦੇ ਆਵਾਗਵਨ (ਚੌਰਾਸੀ ਲੱਖ ਜੂਨ) ਦਾ ਮੁੰਡਨ ਤੇ ਮੁਸਲਮਾਨੀ ਇਜ਼ਮ ਅਨੁਸਾਰ ਕਿਆਮਤ ਰੂਹ ਕੈਦੀ ਦੇ ਰੂਪ ਵਿਚ ਰਹਿਣ ਦਾ ਖੰਡਨ ਕਰਦਿਆਂ ਫੁਰਮਾਇਆ ਕਿ :—ਹਰ ਪਾਪੀ ਆਦਮੀ (ਚਾਹੇ ਮੁਸਲਮਾਨ ਹੋਵੇ ਜਾਂ ਹੋਰ) ਦੀ ਰੂਹ ਮਰਨ ਤੋਂ ਬਾਦ :

"ਲਖ ਚਉਰਾਸੀਹ ਜੋਨ ਵਿਚ ਭੰਭਲਭੂਸੇ ਖਾਹਿ"
"ਜੂਨ ਗਊ ਦੀ ਭੋਗ ਕੇ ਫਿਰ ਆਦਮ ਜੋਨੀ ਪਾਇ ॥"

ਅਰਥਾਤ ਚੌਰਾਸੀ ਜੂਨ ਤੋਂ ਨਜਾਤ ਦਿਵਾਉਣ ਵਾਲੀ ਕੇਵਲ ਗਊ ਦੀ ਜੂਨ ਹੀ ਮੰਨੀ ਗਈ ਹੋਈ ਹੈ।

ਹਿੰਦੂ ਮੁਸਲਮਾਨਾਂ ਨੂੰ ਬਗਾਨੇ ਹੱਕ ਦੀ ਦੁਰਵਰਤੋਂ ਕਰਨ ਤੋਂ ਰੋਕਣ ਵਾਸਤੇ ਬਾਬਾ ਜੀ ਨੇ ਗਊ-ਸੂਅਰ ਦੀ ਸੀਮਾਂ ਵਿਚ ਹੀ ਸੀਮਿਤ ਕੀਤਾ ਹੋਇਆ ਹੈ, ਕਿ :—

"ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥ ਗੁਰ ਪੀਰ ਹਾਮਾ ਤਾਂ ਭਰੇ ਜਾਂ ਮੁਰਦਾਰ ਨ ਖਾਇ ॥"

ਇਸ ਤੋਂ ਬਗੈਰ ਮੱਕੇ ਦੀ ਗੋਸ਼ਟ ਵਿਚ ਖਟ (ਛੇ) ਹੱਤਿਆਂ ਦਾ ਜਿਥੇ ਬਿਓਰਾ ਦਿਤਾ ਹੋਇਆ ਹੈ, ਓਥੇ ਗਊ-ਘਾਤ ਕਰਨ ਨੂੰ ਸਭ ਤੋਂ ਪਹਿਲੀ ਹੱਤਿਆ ਦਸਿਆ ਹੋਇਆ ਹੈ। ਜਿਹਾ ਕਿ :—

ਗਊ, ਬ੍ਰਾਹਮਣ, ਮਾਰੀਐ ਗੋਤ੍ਰੀ ਹਤ, ਕਰਾਇ।
ਰਿਣ ਹਤਿਆ, ਕੰਨਿਆ ਹਤਯਾ, ਵਿਸ੍ਰਾਸ ਘਾਤ, ਅਧਿਕਾਇ। ਕੋਟ ਛਿਨਵੇਂ ਪਾਪ ਸਮ ਹੱਤਿਆ ਇਕ ਕਹਾਇ।......

ਇਹ ਗੋਸ਼ਟ ਕਰਦਿਆਂ ਜਦ ਕਾਜੀ ਰੁਕਨ ਦੀਨ ਨੇ ਗਊ-ਸੂਰ ਦੀ ਮਹੱਤਤਾ ਜਾਨਣੀ ਚਾਹੀ ਤਾਂ ਗੁਰੂ ਜੀ ਨੇ ਫੁਰਮਾਇਆ :—

"ਨਾਨਕ ਆਖੇ ਰੁਕਨ ਦੀਨ ਲਿਖਿਆ ਵਿਚ ਕਿਤਾਬ। ਗਊ ਸੂਅਰ ਨੂੰ ਮਾਰਿਆਂ ਲਗਨ ਬਹੁਤ ਅਜ਼ਾਬ। ਗਊ ਚੌਦਵਾਂ ਰਤਨ ਹੈ ਕਾਮਧੇਨ ਤਿਹ ਨਾਮ। ਪੂਜਨ ਸਭ ਅਵਤਾਰ ਤਿਹ ਕਰਕੇ ਮਾਤ ਸਮਾਨ। ਸ਼ੀਰ ਜਿਨਾਂ ਦਾ ਪੀਵੀਐ ਤਿਸ ਮਾਰਿਆਂ ਬਹੁਤ ਗੁਨਾਹ। ਨਾਨਕ ਆਖੇ ਰੁਕਨਦੀਨ ਭੁਖਿਆਂ ਹੋਇ ਪਨਾਹ ਤੁਟੀਆ ਰੋਮਾ ਗਊ ਦੀਆਂ ਦੁਧ ਜੋ ਮਿਲਿਆ ਸੋ ਖਾਇ ਜਾਂ ਰਸਾਤਲ ਵਾਸ ਲੈਣ ਜੋਨ ਸਰਪ ਦੀ ਪਾਇ। ਪੁਣੇ ਬਿਨਾ ਦੁਧ ਗਊ ਦਾ ਖਾਂਦਿਆਂ ਗਇਆ ਪਤਾਲ। ਜੋ ਗਊ ਸੂਅਰ ਦਾ ਮਾਸ ਖਾਣ ਤਿਨਾ ਵਡੇ ਜੰਜਾਲ।

(੨੨ ਜਵਾਬ ਪੰਨਾ ੧੫੯)

ਮਦੀਨੇ ਦੀ ਗੋਸਟ ਵਿਚ ਮੁਸਲਮਾਨਾਂ ਬਾਬਤ ਦਸਦੇ ਹਨ :—

ਲੈ ਫੁਰਮਾਨ ਖੁਦਾਇ ਦਾ ਆਏ ਮੁਸਲਮਾਨ।
ਮਾਰਨ ਗਊ ਗਰੀਬ ਦਿਤੇ ਭੁਲਾਵੇ ਸ਼ੈਤਾਨ।

ਅਰਥਾਤ—ਖੁਦਾ ਤੋਂ ਨੇਕੀ ਤੇ ਰਹਿਮਦਿਲੀ ਦਾ ਫੁਰਮਾਨ ਲੈ ਕੇ ਮੁਸਲਮਾਨ ਆਏ ਸਨ। ਪਰ ਇਹਨਾਂ ਨੂੰ ਸ਼ੈਤਾਨ ਨੇ ਭੁਲਾ ਦਿਤਾ ਅਰ ਇਹ ਸਗੋਂ ਗਊ ਗਰੀਬ ਨੂੰ ਮਾਰਨ ਲਗ ਗਏ।

ਗੁਰੂ ਜੀ ਨੇ ਜਪੁਜੀ ਵਿਚ ਧੌਲ ਦੇ ਗੁਣਾਂ ਅਨੁਸਾਰ ਇਸ ਨੂੰ ਧਰਮ ਦੇ ਨਾਮ ਨਾਲ ਵਰਣਨ ਕੀਤਾ ਓਥੇ ਗਊ ਦੇ ਗੁਣਾਂ ਨੂੰ ਧਿਆਨ ਵਿਚ ਰਖਦਿਆਂ ਧਰਤੀ ਨੂੰ ਗਊ ਦਾ ਸੰਕੇਤ ਦਿਤਾ। ਜਿਹਾ ਕਿ :—

'ਧਰਤੀ ਗਊ ਸਰੂਪ ਹੈ ਅਹਿਨਿਸ ਕਰੇ ਪੁਕਾਰ।
ਹੈ ਕੋਈ ਐਸਾ ਸਾਧ ਜੋ ਮੈਨੂੰ ਲਏ ਉਬਾਰ।
ਦੁਖੀ ਪੁਕਾਰੇ ਰੈਨ ਦਿਨ ਪਾਪਾਂ ਭਾਰੀ ਹੋਇ।
ਵਡਾ ਪਾਪ ਗਊ ਬਧ ਹੈ,ਜਿਸ ਪਰ ਸਾਰੀ ਲੋਇ।
ਖਲੋਤੀ ਇਕ ਹੀ ਪੈਰ ਪਰ ਤ੍ਰੈ ਪਾ ਹੋਵੇ ਨਾਸ।
ਜਾਇ ਕੁੰਭੀ ਪੈਰ ਫਾਹਿ ਸਭ ਪਰਜਾ ਹੋਵੇ ਨਾਸ।

ਸਗੋਂ ਗਊ ਦੇ ਨਾਲ ਹੋਰ ਵੀ ਗਰੀਬ ਜਾਨਵਰਾ ਦੀ ਰਖਿਆ ਕਰਨ ਵਾਸਤੇ ਗੁਰੂ ਜੀ ਇਮਾਮ ਕਮਾਲ ਦੀਨ ਨੂੰ ਫੁਰਮਾਂਦੇ ਹਨ :—

Sri Satguru Jagjit Singh Ji Elibrary NamdhariElibrary@gmail.com

'ਗਊ ਭੈਂਸ ਤੇ ਮੁਰਗੀਆਂ ਹੋਇ ਹੈਵਾਨ ਗਰੀਬ।
ਤਿਹ ਪਰ ਛੁਰੀ ਹਰਾਮ ਹੈ ਖਾਵਨ ਤਿਨਾ ਪਲੀਤ।'

ਇਸੇ ਤਰ੍ਹਾਂ ਸਿੱਖੀ ਸਮਾਜ ਦੇ ਸਿਰਜਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ 'ਗਊ ਰਖਯਾ' ਸਿਖੀ ਧਰਮ ਦਾ ਇਕ ਖਾਸ ਕਰਤਵਯ ਦਸਿਆ, ਓਥੇ ਸਿੱਖਾਂ ਨੂੰ ਹਰ ਪ੍ਰਕਾਰ ਦੇ ਜੀਵਾਂ ਦੀ ਹਿੰਸਾ ਕਰਨ ਤੋਂ ਵਿਵਰਜਤ ਕੀਤਾ। ਇਸ ਸਬੰਧ ਵਿਚ ਇਕ ਪ੍ਰਸੰਗ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਤਿਹਾਸ ਵਿਚ ਆਉਂਦਾ ਹੈ ਕਿ ਇਕ ਦਿਨ ਗੁਰੂ ਜੀ ਖਡੂਰ ਤੋਂ ਗੋਇੰਦਵਾਲ ਜਾ ਰਹੇ ਸਨ ਤਾਂ ਇਕ ਸੀਹਾਂ ਉਪਲ ਨਾਮੇ ਸਿੱਖ ਅਪਣੇ ਪੁਤ੍ਰਾਂ ਦੇ ਮੁੰਡਨ ਦੀਆਂ ਰੀਤਾਂ ਵਾਸਤੇ ਸੌ ਬਕਰਾ (ਬ੍ਰਾਦਰੀ ਦੀ ਰੋਟੀ ਵਾਸਤੇ) ਲਿਆਉਂਦੇ ਰਸਤੇ ਵਿਚ ਗੁਰੂ ਜੀ ਨੂੰ ਮਿਲ ਪਿਆ। ਉਸ ਨੂੰ ਗੁਰੂ ਜੀ ਨੇ ਉਪਦੇਸ਼ ਦਿਤਾ ਕਿ :—

ਇਤਨੇ ਜੀਵਨ ਹਿੰਸਾ ਕਰੇ।
ਪਾਪ ਬਿਸਾਲ ਅਪਨੇ ਸਿਰ ਧਰੇ।
ਅਬ ਤੋ ਸੁਗਮ ਜਾਨਅਹਿ ਕਰਬੋ।
ਅੰਤ ਮਹਾਂ ਦੁਖ ਨਰਕਨ ਪਰਿਬੋ।
ਦੇਹਿ ਸਾਧਨ ਜਮ ਕੇ ਦੂਤ।
ਤਹਾਂ ਨ ਪਹੁੰਚੇ ਬੰਧਪ ਪੂਤ।
ਜਿਨ ਕੇ ਹਿਤ ਅਘ ਕਰਮ ਕਰਾਇ।
ਤਹਾਂ ਨ ਰੰਚਕ ਹੋਤ ਸਹਾਇ।......
ਧਰਮ ਰਾਇ ਜਬ ਕਰ ਹੈ ਲੇਖਾ।
ਲਹੈ ਮਹਾਂ ਦੁਖ ਰਹੈ ਨ ਸੇਖਾ।......
(ਸੂਰਜ ਪ੍ਰਕਾਸ਼ ਰੁਤ ੧, ਅੰਸੂ ੨੬)

ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਇਕ ਥਾਂ ਗਊ-ਘਾਤਕ ਮਨੁੱਖ ਨੂੰ ਕੋੜ੍ਹੀ ਤੇ ਫਿਟਕਿਆ ਹੋਇਆ ਪਾਪੀ ਪੁਰਸ਼ ਦਸਿਆ ਹੋਇਆ ਹੈ ਜਿਹਾ ਕਿ :—

ਬ੍ਰਾਹਮਣ, ਕੈਲੀ ਘਾਤ, ਕੰਞਕਾਂ,
ਅਣਚਾਰੀ ਕਾ ਧਾਨ।
ਫਿਟਕ ਫਿਟਕਾ ਕੋੜ ਬਦੀਆ,
ਸਦਾ ਸਦਾ ਅਭਿਮਾਨ।
(ਪੰਨਾ ੧੪੧੩)

ਗਊ ਦਾ ਸਿਖ ਪ੍ਰੰਪਰਾ ਨਾਲ ਕੀ ਸਬੰਧ ਹੈ, ਇਸ ਦਾ ਪ੍ਰਮਾਣ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਲੀ ਘਟਨਾ ਤੋਂ ਸਿੱਖ ਇਤਿਹਾਸਾਂ ਤੋਂ ਇਸ ਤਰ੍ਹਾਂ ਮਿਲਦਾ ਹੈ :—

ਚੰਦੂ ਦੁਸ਼ਟ ਨੇ ਗੁਰੂ ਜੀ ਨੂੰ ਤਤੀ ਲੋਹ, ਤਤੇ ਰੇਤੇ, ਉਬਲਦੀ ਦੇਗ ਦੇ ਬਾਰੇ ਕਸ਼ਟ ਦੇਣ ਉਪ੍ਰੰਤ (ਜਦੋਂ ਗੁਰੂ ਜੀ ਨੇ ਰਸਨਾ ਕਰਕੇ ਕੋਈ ਬਚਨ ਨ ਕੀਤਾ) ਤਾਂ ਉਸ ਨੇ ਗੁਰੂ ਜੀ ਨੂੰ ਕਿਹਾ :—
ਕਿ ਮੇਰੀ ਗਲ ਮੰਨ ਲਵੋ, ਨਹੀਂ ਤਾਂ

"ਧੇਨਚਰਮ ਕੋ ਲੇ ਕਰ ਗੀਲਾ।
ਲਪਟਾਵਹਿ ਜੇਤਕ ਤੁਵ ਡੀਲਾ।"

ਅਰਥਾਤ—ਤੁਹਾਨੂੰ ਗਊ ਦੇ ਗਿਲੇ ਤੇ ਕਚੇ ਚਮੜੇ ਵਿਚ ਮੜ੍ਹ ਦਿਤਾ ਜਾਵੇਗਾ।

ਦੁਸ਼ਟ ਚੰਦੂ ਦੀ ਇਸ ਮੰਦੀ ਭਾਵਨਾ ਨੂੰ ਸੁਣਕੇ ਅਪਨਾ ਮੋਨ ਬਰਤ ਖੋਲਦਿਆਂ ਗੁਰੂ ਜੀ ਬਚਨ ਕੀਤਾ :

"ਸ੍ਰੀ ਅਰਜਨ ਸੁਨ ਕਰਿ ਸਭ ਸ੍ਰੋਨ।
ਬੋਲੇ ਬਾਕ ਜਿਨਹੁ ਚਿਤ ਡੋ ਨ।
ਅਬ ਹਮ ਰਾਵੀ ਚਹਤ ਸ਼ਨਾਨ।
ਸੇਵਕ ਪੰਚ ਸੰਗ ਦਿਹੁ ਆਨ।"

ਇਸ ਬਹਾਨੇ ਨਾਲ ਸਚੇ ਪਾਤਸ਼ਾਹ ਰਾਵੀ ਉਤੇ ਜਾਕੇ ਜੋਤੀ ਜੋਤ ਸਮਾ ਗਏ। ਪਰ ਗਊ ਧਰਮ ਦੀ ਪਾਲਣਾ ਨੂੰ ਠੇਸ ਨਾ ਲਗਣ ਦਿਤੀ।

(ਵਿਸਥਾਰ ਲਈ ਵੇਖੋ ਸੂਰਜ ਪ੍ਰਕਾਸ਼ ਰਾਸ ੪ ਅੰਸ਼ ੩੬-੩੭)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਗਊ ਰਖਿਆ

ਸ੍ਰੀ ਦਸਮੇਸ਼ ਪਿਤਾ ਜੀ ਨੇ ਜਿਥੇ ਈਸ਼ਵਰੀ ਸ਼ਕਤੀ ਦਾ ਧਿਆਨ ਧਰਕੇ ਇਹ ਵਰਦਾਨ ਮੰਗਿਆ ਕਿ

"ਦੇਹੁ ਸ਼ਿਵਾ ਬਰ ਮੁਹਿ ਇਹਾ
ਸੁਭ ਕਰਮਨ ਤੇ ਕਬਹੂੰ ਨ ਟਰੋਂ"

ਉਥੇ ਉਸ ਮਹਾਂ ਸ਼ਕਤੀ ਤੋਂ ਇਹ ਆਗਿਆ ਵੀ ਮੰਗੀ ਕਿ :

"ਯਹੀ ਦੇਹਿ ਆਗਿਆ ਤੁਰਕਨ ਗਹਿ ਖਪਾਊਂ
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ।"

Sri Satguru Jagjit Singh Ji Elibrary NamdhariElibrary@gmail.com

ਹੇ ਵਰ ਦਾਤਾ ਸ਼ਕਤੀ :

"ਯਹੀ ਆਸ ਪੂਰਨ ਕਰੋ ਤੁਮ ਹਮਾਰੀ ।
ਮਿਟੇ ਕਸਟ ਗਊਅਨ ਛੁਟੈ ਖੇਦ ਭਾਰੀ ।"

ਸਗੋਂ :

"ਯਹੀ ਬੇਨਤੀ ਖਾਸ ਹਮਰੀ ਸੁਣੀਜੈ ।
ਅਸੁਰ ਮਾਰ ਕਰਿ ਰੱਛ ਗਊਅਨ ਕਰੀਜੈ ।"

—ਉਗ੍ਰਦੰਤੀ ਸ੍ਰੀ ਮੁਖਵਾਕ ਪਾ: ੧੦

ਏਹੋ ਵਜਾ ਸੀ ਕਿ ਅਨੰਦਪੁਰ ਤੋਂ ਪ੍ਰਸਥਾਨ ਕਰਾਉਣ ਵਾਸਤੇ ਜਿਥੇ ਕੂਟਲਨੀਤੀ ਵਾਲੇ ਪਹਾੜੀ ਰਾਜਿਆਂ ਨੇ ਜਦ ਹੋਰ ਕੋਈ ਚਾਰਾ ਨਾ ਚਲਦਾ ਵੇਖਿਆ ਤਾਂ ਗਊ ਦੀ ਸਹੁੰ (ਇਸ ਵਾਸਤੇ ਖਾਧੀ, ਕਿ ਕਿਲੇ ਵਿਚੋਂ ਜਦੋਂ ਆਪ ਬਾਹਰ ਨਿਕਲੋਗੇ ਤਾਂ ਅਸੀਂ ਬਿਲਕੁਲ ਤੁਹਾਡੇ ਸਮਾਨ ਦੀ ਲੁਟਮਾਰ ਜਾਂ ਫੌਜ ਦਾ ਪਿਛਾ ਨਹੀਂ ਕਰਾਂਗੇ) ਖਾਧੀ ਤਾਂ ਸ੍ਰੀ ਕਲਗੀਧਰ ਉਨ੍ਹਾਂ ਦੀ ਇਸ ਕਪਟਨੀਤੀ ਨੂੰ ਵੀ ਚੰਗੀ ਤਰ੍ਹਾਂ ਜਾਣਦੇ ਹੋਏ ਵੀ ਕੇਵਲ ਗਊ ਦੀ ਸੱਪਥ (ਸੌਂਹ) ਤੇ ਜਿਵੇਂ ਵਿਸਵਾਸ਼ ਕਰਕੇ ਅਨੰਦਪੁਰ ਕਿਲੇ ਨੂੰ ਛਡਨ ਦਾ ਪ੍ਰੋਗਰਾਮ ਬਣਾਇਆ, ਸੂਰਜ ਪ੍ਰਕਾਸ਼ ਵਿਚ ਇਸਦਾ ਸਾਰਾ ਵਰਣਨ ਇਸ ਤਰ੍ਹਾਂ ਕੀਤਾ ਹੋਇਆ ਹੈ :

"ਸੁਨ ਧੰਮੇ ਸਭ ਬਿਖੈ ਬਖਾਨੀ
ਗੁਰੂ ਧਰਮ ਦਿਢ ਧਾਰੀ ।
ਹਿੰਦਨ ਬਿਖੈ ਧੇਨ ਕੋ ਦਿਜਬਰ
ਇਸ ਤੇ ਪਰੈ ਨ ਭਾਰੀ ।੧੫।
ਦੇਹ ਗੁਰੂ ਕੀ ਆਨ ਅਨੰਦਪੁਰ
ਤਯਾਗਹੁ ਇਤ ਕੋ ਬਾਧਾ ।
ਅਪਰ ਥਾਨ ਮਹਿ ਥਿਰ ਹ੍ਵੈ
ਰਹੀਐ ਮਿਟੇ ਬਾਦ ਕੋ ਤ੍ਰਾਸਾ ।੧੬।
ਕੇਤਕ ਸੁਨ ਕਰ ਕਹੈ ਨ ਨੀਕੀ
ਮਹਾਂ ਦੀਨਤਾ ਧਾਰੀ ।
ਰਾਜੇ ਹੋਇ ਰੰਕਤਾ ਠਾਨਹੁ
ਨਿਰਬਲ ਨਿਰਧਨ ਕਾਰੀ ।੧੭।
ਆਗੇ ਜਸ ਕੋ ਚੰਦ ਚੜ੍ਹਾਯੋ
ਮਾਰ ਖਾਇ ਹਟ ਆਏ ।
ਅਬ ਧੰਸੇ ਕੀ ਮਤਿ ਕੋ ਲੈ ਕੇ
ਲੇਹੁ ਪਰਮ ਪਦ ਪਾਏ ।੧੮।...
ਇਮ ਮਸਲਤ ਕਰ ਉਠੇ ਸਕਲ ਹੀ
ਧੰਮੇ ਉਦਮ ਲੀਨਾ ।
ਸੁੰਦਰ ਰਚੀ ਚੂਨ ਕੀ ਧੇਨੁ,
ਚਾਰ ਚਰਨ, ਤਿਹ ਕੀਨਾ ।੨੩।
ਭਾਨ, ਬਿਖਾਨ, ਪੂੰਛ, ਔ ਪ੍ਰਿਸ਼ਟੀ,
ਸਗਰੇ ਅੰਗ ਬਨਾਏ ।
ਤਿਮਰ ਸਮੇਤ ਰਾਤ ਜਬ ਹੋਈ
ਸੀਸ ਉਠਾਏ ਸਿਧਾਏ ।੨੪।
ਆਨ ਅਨੰਦਪੁਰ ਦ੍ਵਾਰ ਹੁਤੇ
ਜਿਹਗੋਪੈ ਲਿੰਪ ਸਯਾਨਾ ।
ਖਰੀ ਕਰੀ ਬਿਧ ਖਰੀ ਤਹਾਂ
ਤਬ ਡੋਰੀ ਗਰ ਬੰਧਾਨਾ ।੨੫।
ਪੁਰਯੋ ਚੌਂਕ ਧਰੇ ਕੁੱਛ ਅਛੱਤ
ਕੇਸਰ ਚੰਦਰ ਮਾਲਾ ।
ਅਰਚਨ ਚਰਚਨ ਕਰਕੇ ਸਭ
ਬਿਧੁ ਧੰਮਾ ਕੂਰ ਕੁਚਾਲਾ ।੨੬।
ਲਿਖਿਯੋ ਪੱਤ੍ਰ ਪਰ ਆਨ ਗਊ ਕੀ
ਤਯਾਗ ਅਨੰਦ ਪੁਰ ਜਾਵੋ ।
ਰਾਜਨ ਕੋ ਅਰ ਮਾਨ ਰਹੈ ਜਗ
ਨਿਕਟ ਬਸਹੁ ਸੁਖ ਪਾਵਹੂ ।੨੭।
ਏਕ ਬਾਰ ਤਜ ਕਿਤਕ ਸਮੈ ਮੈ
ਬਹੁਰ ਬਸੋ ਪੁਰ ਜਾਈ ।
ਇਮ ਲਿਖ ਕਰ ਕਾਗਦ ਦਿਗ ਰਖ ਕਰ
ਬਨਤਸਕਰ ਡਰ ਪਾਈ ।੨੮।

ਅਰਥਾਤ—ਧੰਮੇ ਸਮੇਤ ਕੁਝ ਪਹਾੜੀ ਰਾਜਿਆਂ ਅਨੰਦਪੁਰ ਦੇ ਵਡੇ ਦਰਵਾਜੇ ਅਗੇ (ਆਟੇ ਦੀ ਵਡੀ ਸਾਰੀ ਗਊ ਬਣਾ ਤੇ ਕਾਗਜ ਲਿਖ ਕੇ) ਸਭ ਕੁਝ ਰਖਕੇ ਆਪ ਚੋਰਾਂ ਵਾਂਗ ਡਰਕੇ ਹਨੇਰੀ ਰਾਤ ਵਿਚ ਆਪੋ ਆਪਣੇ ਘਰਾਂ ਵਲ ਦੌੜ ਗਏ ।

ਸਵੇਰੇ ਜਦ ਦ੍ਵਾਰ ਪਾਲ ਆਦਿਕਾਂ ਨੇ ਦਰਵਾਜ਼ਾ ਖੋਲਿਆ ਤਾਂ ਆਟੇ ਦੀ ਗਊ ਦਰ ਅਗੇ ਬਧੀ ਵੇਖਕੇ

Sri Satguru Jagjit Singh Ji Elibrary NamdhariElibrary@gmail.com

ਬੜੇ ਹੈਰਾਨ ਹੋਏ ਅਤੇ—

ਸ੍ਰੀ ਕਲਗੀਧਰ ਨਿਕਟ ਗਏ ਤਬ
ਦੌਰਤ ਜਾਇ ਬਤਾਈ ।
ਪ੍ਰਭ ਜੀ ਪੁਰ ਕੈ ਪੌਰ ਅੱਗ੍ਰ ਹੀ
ਕਿਨ ਇਹ ਬਨਤ ਬਨਾਈ ।੩੧।...
ਸੁਨ ਪ੍ਰਭ ਦਾਸ ਪਠਯੋ ਪੁਰ
ਪੌਰਹਿ ਜਾਇ ਤਬਹਿ ਲੇ ਆਵਾ ।
ਕਾਗਦ ਤਬੈ ਪੜ੍ਹਾਵਨ ਕੀਨਾ
ਜਬ ਲਿਖਿਯੋ ਸੁਨ ਪਾਵਾ ।੩੩।
ਆਨ ਗਊ ਸਹਿਨ ਸਕੇ ਪ੍ਰਭ,
ਤਤ ਛਿਨ ਕੀਨਸ ਤਯਾਰੀ ।
ਕੂਚ ਕਰਨ ਕੋ ਬਜਯੋ ਦਮਾਮਾ,
ਸਭ ਕੇ ਸ੍ਰਵਣ ਧੁਨ ਡਾਰੀ ।੩੪।
ਹੋਇ ਰੰਕ ਸਮ ਦਈ ਸਪੱਥ 'ਗਊ' ਹੈ,
ਫੈਹੁ ਰਾਜ ਸਮਾਜਾ ।
ਮਮ ਜੈਸੋ ਛਤ੍ਰੀ ਨਹਿ ਮਾਨੈ,
ਤੌ ਭੀ ਨੀਕ ਨ ਕਾਜਾ ।੪੩।...
ਜੋ ਹਮ ਧੇਨ ਸੌਂਪਥ ਨਹਿ ਮਾਨੈ,
ਆਨ ਕੌਨ ਰਬ ਮਾਨੈ ।
ਦਯਾ ਸਿੰਘ ਚਿਤ ਸਮਝ ਬਿਚਾਰਹੁ,
ਰਿਪ ਜੀਵਤ ਹਤ ਜਾਨੈ ।੪੫।

—ਗੁਰ ਪ੍ਰਤਾਪ ਸੂਰਜ ਰੁਤ ੪ ਅੰਸੂ ੩੭

ਸ੍ਰੀ ਦਸਮੇਸ਼ ਜੀ ਨੇ ਨਦੇੜ ਤੋਂ ਬੰਦੇ ਬਹਾਦਰ ਨੂੰ ਦੁਸਟਾਂ ਦੇ ਸੰਘਾਰਨ ਵਾਸਤੇ ਜਦ ਪੰਜਾਬ ਭੇਜਿਆ ਤਾ ਇਤਹਾਸ ਦਸਦਾ ਹੈ ਕਿ ਬੰਦਾ ਬਹਾਦਰ (ਸਿੰਘਾਂ ਸਮੇਤ) ਜਿਸ ਵੀ ਜ਼ਾਲਮ ਨਵਾਬ ਨੂੰ ਮਾਰਕੇ ਉਸ ਪਰਗਣੇ ਉਤੇ ਕਬਜ਼ਾ ਕਰਨ ਤਾਂ ਸਭ ਤੋਂ ਪਹਿਲਾਂ ਉਹ (ਸ੍ਰੀ ਦਸਮੇਸ਼ ਦੇ ਸਿਧਾਂਤ ਅਨੁਸਾਰ) ਉਸ ਇਲਾਕੇ ਵਿਚੋਂ ਗਊ ਹੱਤਯਾ ਬੰਦ ਕਰਵਾਉਂਦੇ। ਇਸ ਗਲ ਦਾ ਸਬੂਤ ਸਿਖ ਇਤਹਾਸਕਾਰਾਂ ਤੋਂ ਇਲਾਵਾ ਬਾਦਸ਼ਾਹ ਬਹਾਦਰ ਸ਼ਾਹ ਦਾ ਇਕ ਰਪੋਰਟਰ ਅਪਨੀ ਰਿਪੋਟ ਵਿਚ ਜੋ ਲਿਖਕੇ ਬਾਦਸ਼ਾਹ ਨੂੰ ਭੇਜਦਾ ਹੈ ਉਸਦਾ ਪੰਜਾਬੀ ਅਨੁਵਾਦ ਡਾ. ਗੰਡਾ ਸਿੰਘ ਨੇ ਇਸ ਤਰ੍ਹਾਂ ਕੀਤਾ ਹੋਇਆ ਹੈ—

(ਬੰਦਾ ਸਿੰਘ) ਖਾਲਸੇ ਦੀਆਂ ਸਭ ਫੌਜਾਂ ਦਾ ਸਨੀਚਰਵਾਰ ਤੋਂ ਸਰਹੰਦ ਤੇ ਕਬਜਾ ਹੋ ਗਿਆ ਹੈ। ਉਨ੍ਹਾਂ ਨੇ ਮੁਸਲਮਾਨਾਂ ਨੂੰ ਤਾਕੀਦ ਕੀਤੀ ਹੈ ਕਿ ਐਤਵਾਰ ਤੋਂ ਕੋਈ (ਗਊ ਆਦਿ) ਜਾਨਵਰ ਨਾ ਮਾਰਿਆ ਜਾਵੇ।

—(ਮਖ਼ਜ਼ਨ ਤਵਾਰੀਖ ਖਾਲਸਾ)
ਅ: ਡਾ. ਗੰਡਾ ਸਿੰਘ

ਜਿਸ ਤਰ੍ਹਾਂ ਬੰਦੇ ਬਹਾਦਰ ਨੇ ਕਾਬਜ ਸਭ ਪਰਗਣਿਆਂ ਵਿਚੋਂ ਗਊ-ਬਧ ਬੰਦ ਕਰਨ ਦੇ ਅਨੇਕਾਂ ਹੀ ਪ੍ਰਮਾਣ ਮਿਲਦੇ ਹਨ। ਇਸੇ ਤਰ੍ਹਾਂ ਸਿਖ ਰਾਜ ਤੇ ਖਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਸਭ ਪੰਜਾਬ ਵਿਚ ਗਊ ਹਤਿਆ ਉਤੇ ਸਖਤ ਪਾਬੰਦੀ ਤੋਂ ਇਲਾਵਾ ਇਹ ਭੀ ਹੁਕਮ ਜਾਰੀ ਸੀ, ਕਿ ਪੰਜਾਬ ਦੇ ਰਸਤੇ ਏਧਰ ਓਧਰ ਜਾਂਦਾ ਕੋਈ ਸੈਲਾਨੀ ਜਾਂ ਹੁਕਮਰਾਨ 'ਗਊ ਮਾਸ ਦਾ ਪ੍ਰਯੋਗ ਕਿਸੇ ਹਾਲਤ ਵਿਚ ਵੀ ਨਾ ਕਰੇ। ਪੰਜਾਬ ਵਿਚ ਇਨ੍ਹਾਂ ਹੁਕਮਾਂ ਉਤੇ ਸਖਤੀ ਨਾਲ ਅਮਲ ਕੀਤਾ ਕਰਵਾਇਆ ਜਾਂਦਾ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗਊ ਰਖਿਆ ਦੇ ਉਪਦੇਸ਼ ਦੀ ਪਾਲਣਾ ਕਰਦਿਆਂ ਨਾਮਧਾਰੀ ਧਰਮੀ ਸੂਰਬੀਰਾਂ ਨੇ ਜਿਵੇਂ ਬੁਚੜ ਬਧ ਕਰਕੇ ਕੁਰਬਾਨੀਆਂ ਦਿਤੀਆਂ, ਉਸਦੀ ਬਾਬਤ ਗਿ. ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਲਿਖਦੇ ਹਨ—

ਹਿੰਮਤ ਕਮਰ ਬਾਂਧ ਨਾਮਧਾਰੀ ਸਿੰਘੋਂ ਤਬ,
ਬੂਚੜ ਬਿਦਾਰੇ ਹਤਿਆਰੇ ਬਹੁ ਠੌਰ ਪੈ ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗਾਮੀ,
ਅੰਗ੍ਰੇਜ਼ੋਂ ਗਹਿ ਕੈ ਦੁਖਿਆਰੇ ਕੀਨੇ ਗੌਰ ਪੈ ।
ਦੇਨ ਲਾਗੇ ਫਾਂਸੀ ਜਬ ਆਏ ਕੂਕੇ ਖੁਦ ਤਬ,
ਕਾਤਲ ਸਬੂਤ ਆਪ ਥੀਏ ਸਭ ਤੌਰ ਪੈ ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਹਿ,
ਕੋਟਲੇ ਮਲੇਰ ਫੇਰ ਥਯੋ ਸਾਕਾ ਔਰ ਪੈ ।੨੫।
ਕੂਕੇ ਸਿੰਘ ਸਾਠ ਕੋ ਠਾਟ ਕੇ ਮਰਨ ਹਿਤ,
ਮਾਰ ਕੈ ਕਸਾਈਆਂ ਕੋ ਗਾਈਆਂ ਬਚਾਈਆਂ ।

Sri Satguru Jagjit Singh Ji Elibrary NamdhariElibrary@gmail.com

ਕੋਟਲੇ ਦੀ ਤੁਰਕਾਨੀ ਤੇ ਪਠਾਨੀ ਫੌਜ,
ਸਿੰਘਨ ਸੋਂ ਲੜੀ ਇਨੈ ਮਾਰ ਕੈ ਹਟਾਈਆਂ।
ਫੌਜ ਪਟਿਆਲੇ ਨੇ ਬਿਸਾਲੇ ਜਾਇ ਦਏ ਸੰਗ,
ਕਸਮੈਂ ਉਠਾਇ ਲਾਖ ਦੀਏ ਪਕੜਾਈਆਂ।
ਉੜੇ ਸੋਊ ਤੋਪੈਂ ਆਗੇ ਅਨੁਰਾਗੇ ਸ਼ਬਦੋਂ ਸੇ,
ਖੁਸ਼ੀ ਹੋਇ ਬਡਭਾਗੇ ਧਰਮ ਹਿਤਾਈਆਂ।੨੬।

ਜਿਥੇ ਗਊ ਗ਼੍ਰੀਬ ਦੀ ਰਖਿਆ ਵਾਸਤੇ ਅਨੇਕਾਂ ਨਾਮਧਾਰੀ ਸਿੰਘ ਤੋਪਾਂ, ਫਾਂਸੀਆਂ, ਕਾਲੇ ਪਾਣੀ ਦੀ ਸਜ਼ਾਵਾਂ ਦੁਆਰਾ ਸ਼ਹੀਦ ਹੋਏ ਉਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਿਦੇਸ਼ ਲਿਜਾਇਆ ਗਿਆ। ਪਰ ਬਿਦੇਸ (ਰੰਗੂਨ) ਜਾਕੇ ਵੀ ਸਚੇ ਪਾਤਸ਼ਾਹ ਅਪਣੇ ਹੁਕਮ ਨਾਮਿਆਂ ਵਿਚ ਲਿਖਕੇ ਭੇਜਦੇ ਰਹੇ, ਕਿ "ਸਾਨੂੰ ਗਊਆਂ ਦਾ ਬਹੁਤ ਦੁਖ ਹੈ, ਕਿਉਂਕਿ ਗਊਆਂ ਵਿਚ ਗੁਣ ਬਹੁਤ ਹਨ; ਅਉਗਣ ਕੋਈ ਭੀ ਨਹੀਂ"।

ਅਥਵਾ—"ਜੇ ਜੋ ਤਾਂ ਗੁਰੂ ਸਾਹਿਬ ਨੇ ਗਊਆਂ ਉਤੇ ਰਛਿਆ ਕੀਤੀ, ਤਾਂ ਕੀਤੀ। ਨਹੀਂ ਤਾਂ ਸਾਰੀ ਪ੍ਰਿਥਮੀ ਬੜਾ ਦੁਖ ਪਾਵੇਗੀ। ਕਿਸ ਕਰਕੇ ਗਾਂਈਂ ਤਾਂ ਬਿਲੇ ਖਾਇ ਲੈਣਗੇ, ਗਾਈ ਦੇ ਖਾਣੇ ਕਰਕੇ ਨ ਬੈਲ ਮਿਲੇਗਾ ਗਰੀਬਾਂ ਨੂੰ ਨ ਬਰਖਾ ਹੋਊਗੀ।...ਆਦਿਕ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚੀਨੀ ਵਾਲੇ ਪ੍ਰੀਤਮ ਦੀ ਅਜਿਹੀ ਇਛਾ ਪੂਰਤੀ ਵਾਸਤੇ ਜਿਥੇ ਸਭ ਨਾਮਧਾਰੀਆਂ ਨੂੰ ਘਰਾਂ ਵਿਚ ਗਊਆਂ ਪਾਲਣ ਦਾ ਹੁਕਮ ਦਿਤਾ ਉਥੇ ਪਹਿਲਾਂ ਸ੍ਰੀ ਭੈਣੀ ਸਾਹਿਬ ਤੇ ਫਿਰ ਸ੍ਰੀ ਜੀਵਨ ਨਗਰ ਗਊਆਂ ਦੇ ਵਡੇ ਵਡੇ ਫਾਰਮ ਬਣਾਏ, ਅਤੇ ਇਨ੍ਹਾਂ ਫਾਰਮਾਂ ਦੀਆਂ ਗਊਆਂ ਤੋਂ ੭੫ ਪੌਂਡ ਤਕ ਦੁਧ ਪ੍ਰਾਪਤ ਕੀਤਾ। ਉਥੇ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ ਇਨ੍ਹਾਂ ਫਾਰਮਾਂ ਦੁਆਰਾ ਸੈਂਕੜੇ ਗਊਆਂ ਦੀ ਪਾਲਣਾ ਪੋਸਣਾ ਕਰਕੇ ਤੇ ਸਭ ਨਾਮਧਾਰੀਆਂ ਨੂੰ ਘਰਾਂ ਵਿਚ ਗਊਆਂ ਰਖਣ ਦੀ ਪ੍ਰੇਰਣਾ ਦੇ ਕੇ ਗੁਰੂ ਨਾਨਕ ਦੇਵ ਜੀ ਦੇ ਅਪਨਾਏ ਗਊ ਰਖਿਆ ਦੇ ਸਿਧਾਂਤ ਨੂੰ ਅਮਲੀ ਰੂਪ ਦੇ ਰਹੇ ਹਨ। ਇਸਤਰ੍ਹਾਂ ਸਿਖ ਪ੍ਰੰਪਰਾ ਨਾਲ ਗਊ ਦਾ ਅਟੁਟ ਸਬੰਧ ਜੁੜਿਆ ਔਂਦਾ ਹੈ ਤੇ ਜੁੜਿਆ ਰਹੇਗਾ।

Sri Satguru Jagjit Singh Ji Elibrary NamdhariElibrary@gmail.com

ਲੁਧਿਆਣਾ ਸ਼ਹਿਰ ਵਿਖੇ

ਮਹਾਨ ਨਗਰ-ਕੀਰਤਨ

ਦਲੀਪ ਸਿੰਘ ਨਾਮਧਾਰੀ
ਪ੍ਰਧਾਨ ਸ: ਹਿੰ: ਨਾ: ਵਿਦਿਅਕ ਜਥਾ

ਦੁਨੀਆਂ ਦੇ ਇਤਿਹਾਸ ਨੂੰ ਆਰੰਭ ਕਾਲ ਤੋਂ ਹੀ ਅਨੇਕਾਂ ਮਹਾਂ ਪੁਰਖਾਂ, ਪੈਗੰਬਰਾਂ, ਅਵਤਾਰਾਂ, ਫ਼ਿਲਾਸਫ਼ਰਾਂ ਅਤੇ ਸਿਆਸਤਦਾਨਾਂ ਨੇ ਸ਼ਿੰਗਾਰਿਆ ਹੈ। ਉਸ ਦੀਆਂ ਹਨੇਰੀਆਂ ਰਾਹਾਂ ਨੂੰ ਆਪਣੇ ਵਿਚਾਰਾਂ, ਕਰਨੀਆਂ ਅਤੇ ਕੁਰਬਾਨੀਆਂ ਨਾਲ ਰੁਸ਼ਨਾਇਆ ਹੈ। ਪਰ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀ ਮਹਾਨ ਪ੍ਰਕਾਸ਼ਮਈ ਸ਼ਖਸੀਅਤ ਦੀ ਮਾਨਵਤਾ ਦੇ ਇਤਿਹਾਸ ਵਿਚ ਛਬ ਵਖਰੀ, ਪ੍ਰਤਿਭਾ ਨਿਰਾਲੀ, ਸ਼ਾਨ ਅਲੌਕਿਕ ਅਤੇ ਮਹਿਮਾ ਅਗਾਧ ਬੋਧ ਤੋਂ ਅਪਰੰਅਪਾਰ ਹੈ।

ਅਜ ਤਕ ਦੇ ਇਤਿਹਾਸ ਵਿੱਚ ਕਿਤੇ ਵੀ ਐਸੀ ਮਿਸਾਲ ਨਹੀਂ ਮਿਲਦੀ ਜਿਵੇਂ ਦਸਵੇਂ ਪਾਤਸ਼ਾਹ ਵਾਂਗ ਮਾਨਵਤਾ ਦੇ ਕਲਿਆਣ ਲਈ, ਜ਼ੁਲਮ ਅਨਿਆਏ ਅਤੇ ਕੱਟੜਵਾਦੀ ਫਿਰਕੂ ਸਮਾਜ ਦੇ ਖਿਲਾਫ਼ ਧਰਮ ਯੁਧ ਕਰਦਿਆਂ ਆਪ ਦੇਸ਼ੋਂ ਬਦੇਸ਼ ਹੋ ਗਏ ਅਤੇ ਮਹਾਨ ਆਦਰਸ਼ਾਂ ਦੀ ਪੂਰਤੀ ਲਈ ਏਨੀਆਂ ਕੁਰਬਾਨੀਆਂ ਕੀਤੀਆਂ ਹੋਣ ਅਤੇ ਬਾਣੀ ਦੇ ਇਨ੍ਹਾਂ ਸ਼ਬਦਾਂ ਨੂੰ ਅਮਲੀ ਰੂਪ ਵਿਚ ਸੱਚ ਕਰ ਵਿਖਾਇਆ ਹੋਵੇ।

"ਯਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥"

ਇਸੇ ਹੀ ਨਿਸ਼ਾਨੇ ਨੂੰ ਮੁਖ ਰਖ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਬਣਾਏ ਹੋਏ ਖਾਲਸੇ ਨੂੰ ਮੁੜ ਪਿਉਂਦ ਲਾ ਕੇ ਸੰਤ ਖਾਲਸਾ ਪੈਦਾ ਕਰ ਦਿਤਾ। ਇਹ ਕੋਈ ਵਖਰਾ ਮਜ਼੍ਹਬ ਨਹੀਂ ਸੀ ਸਿਰਜਿਆ ਗਿਆ ਅਤੇ ਨਾ ਹੀ ਕੋਈ ਦੁਨੀਆਵੀ ਸਲਤਨਤ ਹੀ ਕਾਇਮ ਕਰਨੀ ਸੀ। ਉਨ੍ਹਾਂ ਦਾ ਉਦੇਸ਼ ਸਿਰਫ਼ ਸਚਾਈ, ਇਨਸਾਫ਼, ਪ੍ਰਸਪਰ ਮੁਹੱਬਤ ਅਤੇ ਮਨੁਖੀ ਏਕਤਾ ਲਈ ਸੀ। ਏਹੀ ਉਦੇਸ਼ ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿਖੇ ਮੁਖ ਰਖੇ ਅਤੇ ਅਜ ਵਰਤਮਾਨ ਸਤਿਗੁਰੂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਇਨ੍ਹਾਂ ਦੇ ਅਨੁਸਾਰ ਹੀ ਸਿੱਖੀ ਨੂੰ ਸੇਧ ਦੇ ਰਹੇ ਹਨ। ਸਵਾ ਲਖ ਸਾਧਾਰਨ ਪਾਠਾਂ ਦੇ ਭੋਗ ਪਵਾਉਣੇ, ਮਹਾਨ ਸ਼ਤ ਚੰਡੀ ਹਵਨ ਯਗ ਕਰਨੇ, ਇਕ ਘੰਟਾ ਹਰ ਸਰੀਰ ਨੂੰ ਹਰ ਰੋਜ਼ ਨਾਮ ਸਿਮਰਨ ਕਰਨ ਦਾ ਹੁਕਮ ਦੇਣਾ, ਇਕ ਸਾਧਾਰਨ ਪਾਠ ਪ੍ਰਤੀ ਘਰ ਹਰ ਮਹੀਨੇ ਕਰਨ ਲਈ ਹੁਕਮ ਕਰਨਾ, ਕੀਰਤਨ ਦੀ ਪਰਿਪਾਟੀ ਉਵੇਂ ਹੀ ਕਾਇਮ ਰਖਣਾ ਆਦਿ ਨਿਤ ਦੇ ਹੋਰ ਕਾਰਜਾਂ ਤੇ ਅਜ ਅਸੀਂ ਮਾਣ ਕਰ ਸਕਦੇ ਹਾਂ ਕਿ ਇਸ ਤਰ੍ਹਾਂ ਦੇ ਘੋਰ ਕਲਿਜੁਗੀ ਸਮੇਂ ਵਿਚ ਵੀ ਅਜ ਸਾਨੂੰ ਇਸ ਪਾਸੇ ਲਾਈ ਜਾ ਰਹੇ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਉਦੇਸ਼ਾਂ ਸਚਾਈ, ਇਨਸਾਫ਼, ਪਰਸਪਰ ਮੁਹੱਬਤ ਅਤੇ ਮਨੁਖੀ ਏਕਤਾ ਦੀ ਮਸ਼ਾਲ ਨੂੰ ਹੋਰ ਨਿਖਾਰ ਦਿਤਾ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਮੁਖੀ ਸੇਵਾਦਾਰਾਂ ਨੇ ਨਾਮਧਾਰੀ ਸੰਗਤ ਲੁਧਿਆਣਾ ਦੇ ਨਾਲ ਮਿਲ ਕੇ 18 ਜਨਵਰੀ 1983 ਦੇ ਇਤਿਹਾਸਕ ਦਿਹਾੜੇ (ਜੋ ਕਿ 17-18 ਜਨਵਰੀ ਦੇ ਦੇਸ਼ ਆਜ਼ਾਦੀ ਲਈ ਤੋਪਾਂ ਅਗੇ ਉੱਡੇ ਮਹਾਨ ਸ਼ਹੀਦਾਂ ਨੂੰ ਸਮਰਪਿਤ) ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 168ਵੇਂ ਆਗਮਨ ਦਿਵਸ (ਬਸੰਤ ਪੰਚਮੀ) ਤੋਂ ਇਕ ਦਿਨ ਪਹਿਲਾਂ ਮਹਾਨ ਨਗਰ-ਕੀਰਤਨ ਯਾਤਰਾ ਕੀਤੀ।

ਹਜ਼ਾਰਾਂ ਨਰ ਨਾਰੀਆਂ ਦੀਆਂ ਹੁਮ ਹੁਮਾ ਕੇ ਜੁੜੀਆਂ ਭੀੜਾਂ ਦੇ ਵਿਚਕਾਰ ਉੱਚੀ ਜਗ੍ਹਾ ਤੇ ਸੁਸ਼ੋਭਿਤ ਹੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਯਾਤਰਾ ਨੂੰ ਆਰੰਭ ਕਰਨ ਲਈ ਆਪਣੀ ਖੁਸ਼ੀਆਂ ਭਰਪੂਰ ਅਸ਼ੀਰਵਾਦ ਦਿਤੀ। ਪੰਡਤ ਗੋਪਾਲ ਸਿੰਘ ਜੀ ਦੁਆਰਾ ਕੀਤੀ ਗਈ ਅਰਦਾਸ ਤੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿਚਕਾਰ ਇਸ ਨਗਰ ਕੀਰਤਨ

Sri Satguru Jagjit Singh Ji Elibrary NamdhariElibrary@gmail.com

ਯਾਤਰਾ ਦਾ ਆਰੰਭ ਸ੍ਰੀ ਸਤਿਗੁਰੂ ਰਾਮ ਸਿੰਘ ਮਿਊਨਿਸਪਲ ਪਾਰਕ ਪ੍ਰਤਾਪ ਨਗਰ ਲੁਧਿਆਣਾ ਤੋਂ ਠੀਕ ਦਿਨ ਦੇ 11-45 ਵਜੇ ਹੋਇਆ।

ਸਤਿਗੁਰੂ ਰਾਮ ਸਿੰਘ ਜੀ ਦੇ ਮਾਨਵੌਤਾ ਲਈ ਪਿਆਰ, ਉਨ੍ਹਾਂ ਦੀ ਵੀਰਤਾ, ਨਿਡਰਤਾ, ਪੂਰਨ ਨਾ-ਮਿਲਵਰਤਣ ਲਹਿਰ ਦੇ ਸੰਚਾਲਕ, ਸ਼ਹੀਦਾਂ ਦੇ ਸਿਰਤਾਜ, ਆਜ਼ਾਦੀ ਦੀ ਖਾਤਰ ਆਪ ਦੇਸ਼ ਤੋਂ ਬਦੇਸ਼ ਜਲਾਵਤਨ ਹੋ ਚੁਕੇ ਇਸ ਮਹਾਨ ਗੁਰੂ ਦੇ ਗੁਣ ਗਾਇਨ ਕਰਦੀ ਜਨਤਾ ਦੀਆਂ ਵਹੀਰਾਂ 200 ਦੇ ਕਰੀਬ ਟ੍ਰੈਕਟਰ, ਟਰਾਲੀਆਂ, ਟਰੱਕਾਂ ਤੇ ਬੱਸਾਂ ਆਦਿ ਵਿਚ ਸ਼ਹਿਰ ਵਿਚਲੇ ਬਣਾਏ ਗਏ 20 ਕਿਲੋਮੀਟਰ ਰੂਟ ਤੇ ਚਲਦੀਆਂ ਗਈਆਂ। ਪਿੰਡਾਂ, ਸ਼ਹਿਰਾਂ ਤੇ ਨਾਲ ਲਗਦੇ ਰਾਜਾਂ ਵਿਚੋਂ ਸੰਗਤ ਨੇ ਹਿੱਸਾ ਲਿਆ। ਹਰ ਧਰਮ, ਹਰ ਫਿਰਕੇ, ਹਰ ਸੰਪ੍ਰਦਾਏ, ਹਰ ਖਿਆਲ ਦੇ ਲੋਕਾਂ ਇਸ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜਨਮ ਸਫ਼ਲਾ ਕੀਤਾ। ਸਨਾਤਨ ਧਰਮ, ਆਰੀਆ ਸਮਾਜ, ਡੰਡੀ ਸ੍ਵਾਮੀ, ਅਕਾਲੀ ਜੱਥਾ ਸ਼ਹਿਰੀ, ਇਸਤ੍ਰੀ ਅਕਾਲੀ ਜੱਥਾ, ਰਾਮਗੜ੍ਹੀਆ ਫੈਡਰੇਸ਼ਨ, ਨਿਹੰਗ ਸਿੰਘਾਂ ਦਾ ਜੱਥਾ, ਮੁਸਲਮਾਨਾਂ ਦਾ ਜੱਥਾ, ਭਾਟੜੇ ਸਿੱਖਾਂ ਦਾ ਜੱਥਾ, ਸੰਤ ਸਿਆੜ੍ਹ ਵਾਲੇ, ਸੰਤ ਸਿਊੜੇ, ਸਿੱਧ ਸਰ ਵਾਲੇ ਅਤੇ ਹੋਰ ਕਈ ਸਾਧਾਂ ਦੇ ਜੱਥੇ ਸ਼ਾਮਲ ਹੋਏ। ਪੈਰ, ਪੈਰ ਉੱਪਰ ਬਗੈਰ ਕਿਸੇ ਵਿਤਕਰੇ ਦੇ ਸ਼ਹਿਰ ਦੇ ਲੋਕਾਂ ਨੇ ਇਸ ਅਨੋਖੀ, ਸੁੰਦਰ ਤੇ ਬੇਮਿਸਾਲ ਪੁਰ ਅਮਨ ਨਗਰ ਕੀਰਤਨ ਦੇ ਸੁਆਗਤ ਵਿਚ ਅੱਖੀਆਂ ਵਿਛਾਈਆਂ। ਵੀਹ ਕਿਲੋਮੀਟਰ ਲੰਬਾ ਮਾਰਗ ਜਿਸ ਨੂੰ ਸ਼ਹਿਰ ਨਿਵਾਸੀਆਂ ਨੇ ਸ਼ਹਿਰ ਦੇ ਸਾਰੇ ਚੌਂਕਾਂ ਨੂੰ ਫੁੱਲਾਂ ਦੀਆਂ ਝਾਲਰਾਂ ਤੇ 100 ਦੇ ਕਰੀਬ ਸੁੰਦਰ ਗੇਟ ਬਣਾ ਕੇ ਸ਼ਿੰਗਾਰਿਆ ਹੋਇਆਸੀ।

ਇਸ ਯਾਤਰਾ ਦੇ ਅੱਗੇ ਚਲ ਰਹੇ ਅਨੇਕਾਂ ਹੀ ਮੋਟਰ ਸਾਈਕਲ, ਸਕੂਟਰਾਂ ਤੇ ਸਵਾਰ ਨਾਮਧਾਰੀ ਨੌਜਵਾਨ, ਉਪ੍ਰੰਤ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥੇ ਦਾ ਸ਼ਬਦੀ ਜੱਥਾ ਜਿਹੜਾ ਕਿ ਸਾਰਾ ਪੰਧ ਪੈਦਲ ਹੀ ਮੋਰ ਦੀ ਚਾਲੇ ਨੱਚਦੇ, ਟੱਪਦੇ ਖੁਸ਼ੀ ਵਿਚ ਖੀਵੇ ਹੁੰਦੇ ਹੋਏ ਉੱਚੀਆਂ ਉੱਚੀਆਂ ਹੇਕਾਂ ਵਿਚ ਸ਼ਬਦ ਪੜ੍ਹਦੇ ਗੁਰੂ ਰਾਮ ਸਿੰਘ ਜੀ ਦੇ ਗੁਣ ਗਾਇਨ ਕਰਦੇ ਹੋਏ ਜਾ ਰਹੇ ਸਨ। ਉਪ੍ਰੰਤ ਲੁਧਿਆਣੇ ਦੇ ਗਤਕਾ-ਪਾਰਟੀ ਵਾਲੇ ਆਪਣੇ ਕਰਤਬ ਦਿਖਾਂਦੇ ਜਾਂਦੇ ਸਨ। ਫਿਰ ਪੰਜ ਚਿੱਟੇ ਰੰਗ ਦੇ ਅਰਬੀ ਨਸਲ ਦੇ ਘੋੜਿਆਂ ਤੇ ਸਫੇਦ ਝੁਲਦੇ ਹੋਏ ਝੰਡੇ ਹੱਥਾਂ 'ਚ ਫੜੀ ਪੰਜ ਸੂਰਬੀਰ ਤਿਆਰ ਬਰ ਤਿਆਰ ਬੈਠੇ ਹੋਏ ਸਨ।

ਇਨ੍ਹਾਂ ਦੇ ਪਿਛੇ ਜੀਪ 'ਚ ਬੈਠੇ ਜਾ ਰਹੇ ਸਨ :— ਸ੍ਰੀ ਹਰਵਿੰਦਰ ਸਿੰਘ ਜੀ ਹੰਸਪਾਲ ਐਮ. ਪੀ., ਸ੍ਰੀ ਓਮ ਪ੍ਰਕਾਸ਼ ਗੁਪਤਾ ਐਮ. ਐਲ. ਏ., ਸ: ਜਗਦੇਵ ਸਿੰਘ ਜੱਸੋਵਾਲ ਐਮ. ਐਲ. ਏ. ਤੇ ਹੋਰ ਪਤਵੰਤੇ ਸੱਜਣ ! ਫਿਰ ਹੋਰ ਕਾਰਾਂ ਤੋਂ ਬਾਅਦ ਸਨ ਟ੍ਰੈਕਟਰ, ਟਰਾਲੀਆਂ ਤੇ ਸ਼ਬਦੀ ਜੱਥਿਆਂ ਦਾ ਇਕ ਨਾ-ਮੁਕਣ ਵਾਲਾ 5 ਕਿਲੋਮੀਟਰ ਲੰਬਾ ਨਗਰ-ਕੀਰਤਨ (ਜਲੂਸ)। ਇਕ ਹੋਰ ਸਰਸੇ ਤੋਂ ਆਈ ਗਤਕਾ ਪਾਰਟੀ ਵੀ ਆਪਣੇ ਕਰਤਬ ਦਿਖਾਲਦੀ ਜਾ ਰਹੀ ਸੀ।

ਸਫੇਦ ਦਸਤਾਰਾਂ ਵਾਲੇ, ਨੀਲੀਆਂ-ਕਾਲੀਆਂ ਵ ਲੇ, ਪੀਲੀਆਂ ਟੋਪੀਆਂ ਵਾਲੇ ਤੇ ਹੋਰ ਰੰਗ ਬਰੰਗੀ ਪੱਗਾਂ ਵਾਲੇ ਇਸ ਜਲੂਸ ਵਿਚ ਸ਼ਾਮਲ ਸਨ। ਇਸ ਸਾਰੇ ਨਗਰ ਕੀਰਤਨ ਯਾਤਰਾ ਦੇ ਦੌਰਾਨ ਹਵਾਈ ਜਹਾਜ਼ ਰਾਹੀਂ ਫੁੱਲ ਸੁਟੇ ਜਾ ਰਹੇ ਸਨ।

ਹਰ ਤੀਜੀ ਟਰਾਲੀ ਤੇ ਲਾਊਡ ਸਪੀਕਰ ਦੁਆਰਾ, ਜਥੇਦਾਰ, ਪ੍ਰਚਾਰਕ ਵੱਡਕੀ-ਛੋਟਿਆਂ ਦੇ ਨਾਲ ਆਪਣੇ ਸ਼ਬਦੀ ਜਥਿਆਂ ਨਾਲ ਸ਼ਬਦ ਕੀਰਤਨ ਕਰ ਰਹੇ ਸਨ ਤੇ ਬਾਕੀ ਦੀ ਸੰਗਤ ਉਨ੍ਹਾਂ ਨਾਲ ਸਾਥ ਦੇ ਰਹੀ ਸੀ। ਇਕ ਟਰਾਲੀ ਤੇ ਸ਼ਹਿਰ ਦੇ ਮੰਨੇ ਹੋਏ ਉਦਯੋਗਕਾਰ ਮੈਸ: ਗੁਰਮੁਖ ਸਿੰਘ ਐਂਡ ਸੰਨਜ਼ ਦੇ ਵੱਡੇ ਸਪੁੱਤਰ ਸ: ਭਗਤ ਸਿੰਘ ਜੀ ਜੋ ਕਿ ਰਾਮਗੜ੍ਹੀਆ ਗੁਰਦੁਆਰਾ ਮਿਲਰ ਗੰਜ ਤੇ ਰਾਮਗੜ੍ਹੀਆ ਸਕੂਲਾਂ ਕਾਲਜਾਂ ਦੇ ਪ੍ਰਧਾਨ ਹਨ। ਆਦਮ ਕੱਦ ਦੀ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਨੂੰ ਫੁੱਲਾਂ ਨਾਲ ਸਜਾ ਆਪਣੇ ਸ਼ਬਦੀ ਜੱਥੇ ਨਾਲ ਕੀਰਤਨ ਕਰਦੇ ਜਾ ਰਹੇ ਸਨ। ਇਕ ਹੋਰ ਟਰਾਲੀ ਨਿਹੰਗ ਸਿੰਘਾਂ ਦੀ ਸ਼ਬਦ ਕੀਰਤਨ

Sri Satguru Jagjit Singh Ji Elibrary NamdhariElibrary@gmail.com

ਕਰਦੀ ਜਾ ਰਹੀ ਸੀ, ਦੰਡੀ ਸਵਾਮੀ ਵਾਲੇ ਪੀਲੀਆਂ ਟੋਪੀਆਂ ਪਹਿਨੀ ਗੀਤ ਗਾਂਦੇ ਜਾ ਰਹੇ ਹਨ। ਮੁਸਲ-ਮਾਨ ਕਵਾਲ ਮਲੇਰਕੋਟਲੇ ਵਾਲੇ ਸਤਿਗੁਰੂ ਰਾਮ ਸਿੰਘ ਜੀ ਨੂੰ ਕਵਾਲੀਆਂ ਰਾਹੀਂ ਪ੍ਰਤੱਖ ਹੀ ਸ਼ਬਦਾਂ ਰਾਹੀਂ ਪ੍ਰਗਟ ਕਰਦੇ ਜਾ ਰਹੇ ਸਨ। ਮਾਈਆਂ ਦੇ ਸ਼ਬਦੀ ਜਥੇ, ਨਾਮਧਾਰੀ ਸਿੰਘਾਂ ਦੇ ਹੱਲੇ ਦੇ ਸ਼ਬਦ ਪੜ੍ਹਨ ਵਾਲੇ ਜੱਥੇ ਇਕ ਅਨੋਖਾ ਹੀ ਨਜ਼ਾਰਾ ਪੇਸ਼ ਕਰੀ ਜਾ ਰਹੇ ਸਨ। ਸਭ ਏਨੇ ਮਸਤੀ ਦੇ ਵਿਚ ਰੰਗੇ ਸਨ ਕਿ ਪੰਜ ਘੰਟੇ ਲਗਾਤਾਰ ਉੱਚੀ ਅਵਾਜ਼ ਵਿਚ ਬੋਲਦੇ ਰਹਿਣ ਤੋਂ ਬਾਅਦ ਵੀ ਕਿਤੇ ਕੋਈ ਥਕੇਵਾਂ ਨਹੀਂ ਕਿਤੇ ਕੋਈ ਅਕੇਵਾਂ ਨਜ਼ਰ ਨਹੀਂ ਸੀ ਪੈ ਰਿਹਾ।

ਸ਼ਾਮ ਨੂੰ 5-6 ਦੇ ਦਰਮਿਆਨ ਇਸ ਜਲੂਸ ਦੀ ਸਮਾਪਤੀ ਵਾਪਸ ਸਤਿਗੁਰੂ ਰਾਮ ਸਿੰਘ ਮਿਯੂ-ਨਿਸਪਲ ਪਾਰਕ ਵਿਖੇ ਹੋਈ ਜਿਥੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਬਾਹਰੋਂ ਆਏ ਜਥਿਆਂ ਨੂੰ ਸਿਰੋਪੇ ਦੇ ਕੇ ਸਨਮਾਨਦੇ ਜਾ ਰਹੇ ਸਨ।

ਲੰਗਰ ਦੀ ਸੇਵਾ ਸੰਤ ਗੁਰਮੁਖ ਸਿੰਘ ਜੀ ਪ੍ਰਤਾਪ ਇੰਡਸਟਰੀਜ਼ ਵਾਲਿਆਂ ਆਪਣੇ ਜ਼ਿਮੇ ਲਈ ਹੋਈ ਸੀ। ਭਾਵੇਂ ਵਕਤ ਥੋੜ੍ਹੇ ਵਿਚ ਹੀ ਉਨ੍ਹਾਂ ਤਿਆਰੀ ਕੀਤੀ ਸੀ ਪਰ ਫਿਰ ਵੀ ਕਾਫ਼ੀ ਉੱਦਮ ਕਰ ਵਿਖਾਇਆ ਹੈ।

ਇਸ ਨਗਰ ਕੀਰਤਨ (ਯਾਤਰਾ) ਦੀ ਆਰੰਭ ਤੋਂ ਲੈ ਕੇ ਅਖੀਰ ਤਕ ਫੋਟੋਆਂ, ਮੂਵੀ ਨਾਲ ਸੰਤ ਮਹਿੰਦਰ ਸਿੰਘ ਜੀ ਮੋਰੋਂ ਨੇ ਕਾਫ਼ੀ ਸੇਵਾ ਕੀਤੀ ਹੈ। ਸ੍ਰੀ ਮਹਾਰਾਜ ਜੀ ਦੇ ਕੈਮਰੇ ਨਾਲ ਸੁਖੀ ਦੁਆਰਾ ਖਿੱਚੀਆਂ ਗਈਆਂ ਤਸਵੀਰਾਂ ਦਾ ਨਜ਼ਾਰਾ ਤਾਂ ਆਪ ਜੀ ਇਸ ਨਿਰੀਖਿਅਕ ਵਿਚ ਵੀ ਦੇਖ ਰਹੇ ਹੋਵੋਗੇ।

ਟ੍ਰੈਕਟਰ ਟਰਾਲੀਆਂ ਦੁਆਰਾ ਸੰਗਤ ਇਕੱਠੀ ਕਰਨ ਵਿਚ ਸੰਤ ਗੁਰਦੇਵ ਸਿੰਘ ਮਦਾਰ ਤੇ ਉਨ੍ਹਾਂ ਦਾ ਜੱਥਾ, ਸੰਤ ਦਿਆਲ ਸਿੰਘ ਜੀ ਫਗਵਾੜਾ, ਸੂਬਾ ਮੇਲਾ ਸਿੰਘ ਜੀ ਆਦਿ ਸੱਜਣਾਂ ਨੇ ਹਿੱਸਾ ਪਾਇਆ ਹੈ। ਸ਼ਹਿਰ ਦੇ ਪਤਵੰਤੇ ਸੱਜਣਾਂ ਸੰਤ ਸੁਰਿੰਦਰ ਸਿੰਘ ਜੀ, ਸੰਤ ਭੁਮਣ ਸਿੰਘ ਜੀ (ਸਾਰੀਆਂ ਟਰਾਲੀਆਂ ਤੇ ਤੇ ਸ਼ਤੀਰੀਆਂ ਇਨ੍ਹਾਂ ਵਲੋਂ ਹੀ ਰਖੀਆਂ ਸਨ) ਸੰਤ ਗੁਰਦਿਆਲ ਸਿੰਘ ਨਵਯੁਗ, ਜ: ਗੁਰਚਰਨ ਸਿੰਘ ਸਮੂਹ ਨਾਮਧਾਰੀ ਸੰਗਤ, ਮਾਟੀ-ਭਾਈ ਅਤੇ ਨਾਮਧਾਰੀ ਵਿਦਿਅਕ ਜੱਥੇ ਦੇ ਸਭ ਮੈਂਬਰਾਂ ਨੇ ਰਾਤ ਦਿਨ ਇਕ ਕਰਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆ ਪ੍ਰਾਪਤ ਕੀਤੀਆਂ ਹਨ। ਪੰਡਾਲ ਲਗਵਾਉਣਾ, ਸਟੇਜ ਸੈੱਟ ਕਰਨਾ ਇਹ ਸੇਵਾ ਸੰਤ ਜਸਬੀਰ ਸਿੰਘ ਜੀ ਨੇ ਨਿਭਾਈ। ਇਸ਼ਤਿਹਾਰਾਂ, ਕਾਰਡਾਂ, ਪੈਮਫਲਿਟ, ਮਾਟੋ, ਬੋਰਡ, ਅਖਬਾਰਾਂ, ਰੇਡਿਓ, ਟੈਲੀਵਿਜ਼ਨ ਵਾਲਿਆਂ ਤੇ ਸਾਰੀਆਂ ਸੰਸਥਾਵਾਂ ਨਾਲ ਸੰਪਰਕ ਕਰਕੇ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਨੂੰ ਸਿਰੇ ਚੜ੍ਹਿਆ ਵੇਖ ਅਤਿਅੰਤ ਖੁਸ਼ੀਆਂ ਦੇ ਪਾਤਰ ਹੋਰ ਬਹੁਤ ਸਾਰੇ ਸੱਜਣ-ਮਿੱਤਰ ਹਨ ਜਿਨ੍ਹਾਂ ਦੀ ਸੇਵਾ ਸ੍ਰੀ ਸਤਿਗੁਰੂ ਜੀ ਆਪ ਕਬੂਲ ਕਰਨ।

ਇਸ ਮਹਾਨ ਕਾਰਜ ਨੂੰ ਸਿਰੇ ਚੜ੍ਹਾਉਣ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ ਕੋਟ ਧੰਨਵਾਦ ਕਰਦਾ ਹਾਂ। ਸ੍ਰੀ ਮਹਾਰਾਜ ਬੀਰ ਸਿੰਘ ਜੀ ਜਿਨ੍ਹਾਂ ਨੇ ਆਪ ਉੱਦਮ ਕਰਕੇ ਦੂਰ ਦੁਰਾਡੇ ਸ਼ਹਿਰਾਂ, ਕਸਬਿਆਂ ਦੀ ਸੰਗਤਾਂ ਨੂੰ ਪ੍ਰੇਰਿਆਂ ਦਾ ਦਿਲੋਂ ਧੰਨਵਾਦੀ ਹਾਂ। ਹੋਰ ਇਸ ਨਗਰ ਕੀਰਤਨ ਨੂੰ ਸਫਲ ਬਣਾਉਣ ਵਾਲੇ ਤੇ ਇਸ ਵਿਚ ਸ਼ਾਮਲ ਸਭ ਸੰਗਤਾਂ ਦਾ ਬਹੁਤ ਧੰਨਵਾਦ ਕੀਤਾ ਜਾਂਦਾ ਹੈ।

ਅੰਤ ਵਿਚ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਖੇ ਅਰਦਾਸ ਕਰਦਾ ਹਾਂ ਕਿ ਇਸ ਤਰ੍ਹਾਂ ਦੇ ਹੋਰ ਪ੍ਰੋਗਰਾਮ ਆਪਣੇ ਸੇਵਕਾਂ ਕੋਲੋਂ ਕਰਾਉਣ ਜਿਸ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਮਨੁੱਖੀ ਏਕਤਾ ਆਜ਼ਾਦੀ ਪ੍ਰਸਪਰ ਪਿਆਰ, ਅਮਨ ਦਾ ਸੰਦੇਸ਼ ਕਸਤੂਰੀ ਦੀਆਂ ਖੁਸ਼ਬੋਆਂ ਵਾਂਗ ਸਾਰੇ ਸੰਸਾਰ ਵਿਚ ਫੈਲੇ। ਇਹ ਢੋਆ ਇਸ ਸੰਦੇਸ਼ ਦੇ ਸੰਚਾਰ ਦਾ ਸਾਧਨ ਹੈ। ਮੈਨੂੰ ਆਸ ਹੈ ਪਾਠਕ ਇਸ ਨੂੰ ਜੀਉ ਆਇਆਂ ਕਹਿਣਗੇ।

Sri Satguru Jagjit Singh Ji Elibrary NamdhariElibrary@gmail.com

ਵਿਸ਼ਵ ਸ਼ਾਕਾਹਾਰੀ ਕਾਨਫਰੰਸ 1957 ਦਿੱਲੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ: ਮੋਹਣ ਸਿੰਘ ਜੀ ਕੋਕਾ ਕੋਲਾ ਵਾਲੇ ਅਤੇ ਇਕ ਹੋਰ ਸੱਜਣ
ਕਾਨਫਰੰਸ ਵੱਲ ਪ੍ਰਵੇਸ਼ ਕਰਦੇ ਹੋਏ ।

ਲੁਧਿਆਣਾ ਵਿਖੇ 17 ਜਨਵਰੀ 1983 ਨੂੰ

ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਦਿਵਸ ਤੇ ਨਿਕਲੇ ਮਹਾਨ ਨਗਰ ਕੀਰਤਨ ਦੀਆਂ ਤਸਵੀਰਾਂ ਰਾਹੀਂ ਝਲਕੀਆਂ ।

ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਨਾਲ ਸਟੇਜ ਤੇ ਬੈਠੇ ਹਨ । ਦਲੀਪ ਸਿੰਘ ਨਾਮਧਾਰੀ ਮਾਈਕ ਤੇ ਨਗਰ ਕੀਰਤਨ ਨੂੰ ਤਰਤੀਬ ਵਾਰ ਦੱਸਣ 'ਚ ਵਿਅਸਤ ਨਜ਼ਰ ਆ ਰਹੇ ਹਨ ।

Sri Satguru Jagjit Singh Ji Elibrary NamdhariElibrary@gmail.com

ਮਹਾਨ ਨਗਰ ਕੀਰਤਨ

1. ਚਿੱਟੇ ਘੋੜਿਆਂ ਤੇ ਚਿੱਟੇ ਬਸਤਰ ਪਾਈ ਤੇ ਸਫੈਦ ਝੰਡੇ ਹੱਥ 'ਚ ਲਈ ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ।
2. ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ ਪੈਦਲ ਹੀ ਸ਼ਬਦ ਪੜ੍ਹਦਾ ਹੋਇਆ।
3. ਮੋਟਰ ਸਾਈਕਲ, ਸਕੂਟਰਾਂ ਤੇ ਸਵਾਰ ਇਸ ਯਾਤਰਾ ਦੇ ਅੱਗੇ ਅੱਗੇ ਚਲ ਰਹੇ ਹਨ।

Sri Satguru Jagjit Singh Ji Elibrary NamdhariElibrary@gmail com



ਮਹਾਨ ਨਗਰ ਕੀਰਤਨ

1. ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਅਸ਼ੀਰਵਾਦ ਲੈ ਕੇ ਜਾਂਦੇ ਹੋਏ ਟਰੈਕਟਰ ਟਰਾਲੀਆਂ ਤੇ ਬੈਠੇ ਹੋਏ ਵਖੋ ਵੱਖ ਇਲਾਕਿਆਂ ਦੇ ਜੱਥੇ।
2. ਗਿਆਨੀ ਭਗਤ ਸਿੰਘ ਜੀ ਪ੍ਰਧਾਨ ਰਾਮਗੜ੍ਹੀਆ ਸਕੂਲਾਂ, ਕਾਲਜਾਂ ਦੇ ਪ੍ਰਧਾਨ ਸਤਿਗੁਰੂ ਰਾਮ ਸਿੰਘ ਜੀ ਦੀ ਆਦਮ ਕੱਦ ਤਸਵੀਰ ਲੈ ਕੇ ਸ਼ਾਮਲ ਹੋਏ ।
3. [illegible] ਐਮ.ਐਲ.ਏ ਤੇ ਜਗਦੇਵ ਸਿੰਘ ਜਸੋਵਾਲ ਐਮ. ਐਲ. ਏ. ਵੀ ਸ਼ਾਮਲ ਹੋਏ ।

ਸੰਗਤ – ਸੰਦੇਸ਼

ਨਿਰੰਜਨ ਸਿੰਘ 'ਜਯੋਤੀ'
ਗੁਜਰਾਂਵਾਲੀਆ ਦਿਲੀ।

ਰਾਹੀਆ ਰਾਹੇ ਰਾਹ ਜਾਂਦਿਆ,
ਮੇਰਾ ਲੈ ਜਾਈਂ ਸੰਦੇਸ਼।
ਮੇਰਾ ਪ੍ਰੀਤਮ ਜਿਥੇ ਵੱਸਦਾ,
ਤੂੰ ਜਾ ਰਿਹਾ ਏਂ ਉਸ ਦੇਸ।
ਮੈਂ ਹਾਲੋਂ ਹੋਈ ਬੇਹਾਲ ਵੇ,
ਮੇਰੇ ਖੁਲ੍ਹੇ ਗਲ ਵਿਚ ਕੇਸ।
ਮੈਂ ਮਿੰਨਤ ਕਰਾਂ ਹੱਥ ਬੰਨ੍ਹ ਕੇ,
ਮੇਰਾ ਪੀਆ ਗਿਆ ਪ੍ਰਦੇਸ਼।
ਰਾਹੀਆ ਰਾਹੇ ਰਾਹ ਜਾਂਦਿਆ,
ਮੇਰਾ ਲੈ ਜਾਈਂ ਸੰਦੇਸ਼।
ਤੂੰ ਓਸ ਦੇਸ ਹੈ ਜਾ ਰਿਹਾ,
ਝਾਗ ਉਹ ਜਿਥੇ ਲਾ ਰਿਹਾ,
ਉਥੇ ਸੁੱਕੇ ਹਰੇ ਹੋ ਗਏ,
ਏਧਰ ਹਰੇ ਵੀ ਸੁਕੇ ਸੜ ਗਏ,
ਉਹ ਰਹਿਮਤਾਂ ਦਾ ਭੰਡਾਰ ਵੇ,
ਉਹ ਸਿਫ਼ਤਾਂ ਦਾ ਕਿਰਦਾਰ ਵੇ,
ਉਹ ਦੇ ਹੱਥ ਵਿਚ ਬਰਕਤ ਵਸਦੀ,
ਭੁਖ ਹੈ ਉਹ ਤੋਂ ਨੱਸਦੀ,
ਕਸ਼ਟ ਨਹੀਂ ਨੇੜੇ ਫਟਕਦੇ,
ਜਮ ਵੀ ਉਸ ਤੋਂ ਯਰਕਦੇ,
ਜਿਧਰ ਨਜ਼ਰ ਸਵੱਲੀ ਕਰ ਦਏ,
ਪਾਪ ਵੀ ਸਾਰੇ ਹਰ ਦਏ,
ਨਰਕ ਵੀ ਖਾਲੀ ਕਰ ਦਏ,
ਤੇ ਸਖਣੇ ਭਾਂਡੇ ਭਰ ਦਏ,
ਉਹ ਨੂਰ ਇਲਾਹੀ ਕੋਈ ਵੇ,
ਉਸ ਤੋਂ ਧਰਤੀ ਰੋਸ਼ਨ ਹੋਈ ਵੇ,
ਜਿਸ ਸਗਲੀ ਸ੍ਰਿਸ਼ਟੀ ਮੋਹੀ ਵੇ,
ਪਰ ਮੇਰੀ ਜਿੰਦੜੀ ਕੋਹੀ ਵੇ।
ਰਾਹੀਆ ਰਾਹੇ ਰਾਹ ਜਾਂਦਿਆ,
ਮੇਰਾ ਲੈ ਜਾਈਂ ਸੰਦੇਸ਼।
ਅੜਿਆ, ਗਲ ਵਿੱਚ ਪਲੂ ਪਾ ਲਵੀਂ,
ਤੇ ਸੀਸ ਵੀ ਜ਼ਰਾ ਝੁਕਾ ਲਵੀਂ
ਆਖੀਂ ਮੇਰੇ ਮਾਹੀ ਨੂੰ,
ਚੀਨੀ ਵਾਲੇ ਰਾਹੀ ਨੂੰ,
ਡਾਢੀ ਇਹ ਜੁਦਾਈ ਵੇ,
ਜਿਸ ਜਿੰਦੜੀ ਮਾਰ ਮੁਕਾਈ ਵੇ।
ਰਾਹੀਆ ਰਾਹੇ ਰਾਹ ਜਾਂਦਿਆ,
ਮੇਰਾ ਲੈ ਜਾਈਂ ਸੰਦੇਸ਼।
ਉਸ ਕਾਲੀ ਕੰਬਲੀ ਪਾ ਲਈ,
ਤੇ ਗੱਡੇ ਚੜ੍ਹ ਕੇ ਬਹਿ ਗਿਆ,
ਉਹ ਜਾਂਦੀ ਵਾਰੀ ਕਹਿ ਗਿਆ,
ਲਾਰੇ ਲੱਪੇ ਲਾ ਗਿਆ,
ਆਵਾਂਗਾ ਮੈਂ ਪਰਤ ਕੇ,
ਫਿਕਰ ਨਾ ਕਰਨੀਂ ਸੰਗਤੇ,
ਪਰ ਵਿਚ ਉਡੀਕਾਂ ਤੇਰੀਆਂ,
ਪੂਰੀ ਸਦੀ ਹੈ ਲੰਘ ਗਈ,
ਸਾਂਗ ਹਿਜਰ ਦੀ ਵੱਜਦੀ,
ਜੋ ਲਹੂ ਪੀ ਨਹੀਂ ਰਜਦੀ,
ਵੇਸ ਵਿਯੋਗਣ ਹੋ ਗਿਆ,
ਮੈਥੋਂ ਕੀ ਔਗੁਣ ਹੋ ਗਿਆ,

Sri Satguru Jagjit Singh Ji Elibrary NamdhariElibrary@gmail.com

ਰਗ ਵੀ ਪਾਲਾ ਪੈ ਗਿਆ,
ਸਰੀਰ ਵੀ ਤੀਲਾ ਹੋ ਗਿਆ,
ਸਾਹ ਵੀ ਠੰਡੇ ਹੋ ਗਏ,
ਮੌਤ ਦੇ ਕੰਢੇ ਹੋ ਗਏ,
ਤੈਨੂੰ ਕੀ ਕੀ ਦਸਾਂ ਗਿਣ ਕੇ,
ਕੀ ਕੀ ਅਸਾਂ ਤੇ ਬੀਤੀਆਂ,
ਮਿਤ੍ਰ ਵੀ ਦੁਸ਼ਮਨ ਹੋ ਗਏ,
ਭਾਗ ਤੱਤੀ ਦੇ ਸੌਂ ਗਏ,
ਸਾਵਨ ਛਹਿਬਰ ਲਾਈ ਵੇ,
ਫਿਰ ਵੀ ਮੈਂ ਤਿਹਾਈ ਵੇ,
ਪੌਣ ਵੀ ਗਈ ਨਿਓੜਾਈ ਵੇ,
ਮੈਂ ਫਿਰਦੀ ਵਾਂਗ ਸੁਦਾਈ ਵੇ,
ਪਰ ਤੂੰ ਨਾ ਵਾਗਾ ਮੋੜੀਆਂ,
ਪ੍ਰੀਤਾਂ ਕਿਉਂ ਨੇ ਤੋੜੀਆਂ,
ਸੰਗਤ ਹੈ ਕੁਰਲਾ ਰਹੀ,
ਤਰਲੇ ਭਾਵੇ ਪਾ ਰਹੀ,
ਵਾਗ ਘਰ ਨੂੰ ਮੋੜ ਵੇ,
ਮੋੜ ਵੇ ਚੀਨੀ ਵਾਲਿਆ,
ਰਾਹੀਆ ਰਾਹੇ ਰਾਹ ਜਾਂਦਿਆ,
ਮੇਰਾ ਲੈ ਜਾਈ ਸੰਦੇਸ਼ ।
ਵਿਚ ਉਡੀਕ ਦੇ ਸੋਹਣਿਆ,
ਮਾਹੀ ਮਨ ਨੂੰ ਮੋਹਨਿਆ,
ਸੰਤ ਚਵਿੰਡੇ ਤੁਰ ਗਏ,
ਚੁੱਪ ਵੀ ਚੁੱਪ ਨੇ ਕਰ ਗਏ,
ਚੂਰੇ ਗਿਲੀਏ ਲਾਲ ਵੀ,
ਰੱਬ ਨੂੰ ਪਿਆਰੇ ਹੋ ਗਏ,
ਕੇਸਰ ਕਿੱਲੀ ਮੁਹਾਵੀਏ,
ਜਵਾਹਰ ਮਿਰਚੋ ਵਾਲੀਏ,
ਕਈਆਂ ਤਨ ਤੇ ਲੀੜਾ ਲਿਆ ਨਾ,
ਰੋਵੀ ਖੰਨੀ ਉੱਤੇ ਹੀ,
ਉਹ ਗੁਜ਼ਾਰਾ ਕਰ ਗਏ,
ਵਿਚੋਂ ਵਿਛੋੜੇ ਹਰ ਗਏ,
ਤੇ ਪਰਤਾਪ ਤੇਰਾ ਵੀ ਤੁਰ ਗਿਆ,
ਪਰ ਤੂੰ ਨ੍ਹਾ ਵਾਗਾ ਮੋੜੀਆਂ,
ਮੋੜ ਵੇ ਚੀਨੀ ਵਾਲਿਆ,
ਵਾਗਾ ਘਰ ਨੂੰ ਮੋੜ ਵੇ,
ਹਾੜਾ ਹਾੜਾ ਹਾੜਾ ਓਏ,
ਜੁਦਾਈ ਦਾ ਇਹ ਪੁਆੜਾ ਓਏ,
ਉਹ ਭਾਦਾ ਬੇ ਪ੍ਰਵਾਹ ਓਏ,
ਉਹ ਨੂੰ ਤਰਸ ਨਹੀਂ ਆਉਂਦਾ ਰਤੀ ਵੇ,
ਆਸ ਹੈ ਟੁੱਟ ਟੁੱਟ ਜਾਂਵਦੀ,
ਜਿੰਦੜੀ ਮੁੱਕ ਮੁੱਕ ਜਾਂਵਦੀ,
ਵਾਗਾ ਘਰ ਨੂੰ ਮੋੜ ਵੇ,
ਮੋੜ ਵੇ ਚੀਨੀ ਵਾਲਿਆ,
ਰਾਹੀਆ ਰਾਹੇ ਰਾਹ ਜਾਂਦਿਆ,
ਮੇਰਾ ਲੈ ਜਾਈਂ ਸੰਦੇਸ਼ ।
ਬਿਨਾ ਦਰਸਦੇ ਪਿਆਰਿਆ,
ਸਗੋਂ ਸਹੀਆਂ ਤਾਹਨੇ ਦੇਂਦੀਆਂ,
ਲੋਕ ਵੀ ਮਿਹਣੇ ਮਾਰਦੇ,
ਯਕੀਨ ਵੀ ਠੇਡੇ ਖਾਂਵਦਾ,
ਧਰਵਾਸ ਵੀ ਟੁਟਦਾ ਜਾਂਵਦਾ,
ਹੁਣ ਹੋਰ ਨਾ ਅਜ਼ਮਾ ਵੇ,
ਫੇਰਾ ਘਰ ਨੂੰ ਪਾ ਵੇ,
ਮੈਂ ਲਵਾਂ ਬਲਾਵਾਂ ਤੇਰੀਆਂ,
ਅਰਜ਼ਾਂ ਮੰਨ ਤੂੰ ਮੇਰੀਆਂ,
ਵਾਗਾਂ ਘਰ ਨੂੰ ਮੋੜ ਵੇ,
ਮੋੜ ਵੇ ਚੀਨੇ ਵਾਲਿਆ,
ਰਾਹੀਆ ਰਾਹੇ ਰਾਹ ਜਾਂਦਿਆ,
ਮੇਰਾ ਲੈ ਜਾਈ ਸੰਦੇਸ਼,
ਮੈਂ ਮਿੰਨਤ ਕਰਾਂ ਹੱਥ ਬੰਨ੍ਹ ਕੇ,
ਮੇਰਾ ਪੀਆ ਗਿਆ ਪ੍ਰਦੇਸ਼ ।

Sri Satguru Jagjit Singh Ji Elibrary NamdhariElibrary@gmail.com

ਜਿਤੁ ਖਾਧੈ ਤਨਿ ਪੀੜੀਐ

ਜੇ. ਪੀ. ਸੰਗਤ ਸਿੰਘ ਸੇਠੀ
ਬੰਬਈ

ਪਵਿਤ੍ਰ ਬਾਣੀ ਦੇ ਮਹਾਨਵਾਕ :—

"ਗੁਰ ਸਿਖੀ ਕਾ ਕਰਮ ਇਹ,
ਗੁਰ ਫੁਰਮਾਏ ਗੁਰ ਸਿੱਖ ਕਰਣਾ"
(ਭਾ: ਗੁਰਦਾਸ ਜੀ)

ਅਨੁਸਾਰ ਸਿਖ ਕੇਵਲ ਉਹੋ ਹੀ ਅਖਵਾ ਸਕਦਾ ਹੈ ਜਿਹੜਾ ਕਿ ਗੁਰੂ ਹੁਕਮਾਂ ਅਥਵਾ ਗੁਰ ਉਪਦੇਸ਼ਾਂ ਉਤੇ ਅਮਲ ਕਰਦਾ ਹੋਵੇ ਅਥਵਾ ਜਿਹੜਾ ਗੁਰੂ ਦੀ ਇਛਾ ਅਤੇ ਗੁਰੂ ਆਗਿਆ ਅਨੁਸਾਰ ਜੀਵਨ ਬਤੀਤ ਕਰਦਾ ਹੋਵੇ ਕਿਉਂਕਿ :

"ਸੋ ਸਿਖੁ ਸਖਾ ਬੰਧਪ ਹੈ ਭਾਈ, ਜੋ ਗੁਰ ਕੇ ਭਾਣੇ ਵਿਚਿ ਆਵੈ" (ਰਾਗੁ ਸੋਰਠ ਪੰਨਾ ੬੦੧) ਗੁਰੂ ਕੇ ਭਾਣੇ ਜਾਂ ਗੁਰੂ ਆਗਿਆ ਵਿਚ ਰਹਿਣ ਵਾਲਾ ਹੀ ਸਿਖ ਸਖਾ ਅਖਵਾ ਸਕਣ ਦਾ ਹਕਦਾਰ ਹੈ ਪਰ ਇਸ ਦੇ ਉਲਟ ਗੁਰੂ ਦੇ ਉਲਟ ਗੁਰੂ ਦੇ ਭਾਣੇ ਦੇ ਵਿਰੁਧ :

"ਅਪਣੈ ਭਾਣੈ ਜੋ ਚਲੈ ਭਾਈ"

ਉਸ ਨੂੰ ਸਿਖ ਨਹੀਂ ਸਗੋਂ ਮਨਮੁਖ ਕਿਹਾ ਜਾਂਦਾ ਹੈ। ਗੁਰੂ ਕੇ ਸਿਖ ਲਈ ਗੁਰੂ ਸਾਹਿਬਾਂ ਦੇ ਪਵਿੱਤਰ ਹੁਕਮ ਹੀ ਉਸ ਦਾ ਭਾਣਾ ਹੈ। ਪਵਿਤ੍ਰ ਗੁਰੂਬਾਣੀ ਅਤੇ ਸਿਖ ਰਹਿਤ ਮਰਯਾਦਾ—ਵਿਚ ਉਲੀਕੇ ਗਏ ਜੀਵਨ-ਜ਼ਾਬਤਿਆਂ ਨੂੰ ਜਿਹੜਾ ਕੋਈ ਅਪਣੇ ਜੀਵਨ ਵਿਚ ਨਿਭਾ ਲਵੇ ਉਸ ਨੂੰ ਹੀ ਸਿਖ ਆਖਿਆ ਜਾ ਸਕਦਾ ਹੈ।

ਸਿਖੀ ਦੇ ਜੀਵਨ ਜ਼ਬਤ ਵਿਚ ਅਹਾਰ ਨੂੰ ਇਕ ਵਿਸ਼ੇਸ਼ ਮਹਾਨਤਾ ਦਿਤੀ ਗਈ ਹੈ ਕਿਉਂ ਜੋ ਅਹਾਰ ਉਤੇ ਹੀ ਮਨੁਖ ਦੇ ਵਿਚਾਰ ਨਿਰਭਰ ਕਰਦੇ ਹਨ। ਉਸ ਦੇ ਵਿਚਾਰਾਂ ਅਨੁਸਾਰ ਹੀ ਉਸ ਦੇ ਕਰਮ, ਕਿਰਤ, ਚਰਿਤ੍ਰ ਅਤੇ ਸੰਸਕਾਰ ਬਣਦੇ ਰਹਿੰਦੇ ਹਨ। ਅਤੇ ਇਹੋ ਕਰਮ, ਕ੍ਰਿਤ, ਚਰਿਤ੍ਰ ਅਤੇ ਸੰਸਕਾਰ ਹੀ ਸਹਿਜੇ ਸਹਿਜੇ ਉਸਦੀ ਸਮੁਚੀ ਸ਼ਖਸ਼ੀਅਤ ਬਣ ਜਾਂਦੇ ਹਨ।

ਮਨੁਖ ਦਾ ਰੋਜ਼ਾਨਾ ਜੀਵਨ ਵੀ ਮਨੁਖ ਦੇ ਕਰਮ, ਕਿਰਤ ਅਤੇ ਵਿਚਾਰਾਂ ਉਤੇ ਹੀ ਉਸਰਦਾ ਹੈ ਅਤੇ ਇਸੇ ਰੋਜ਼ਾਨਾ ਜੀਵਨ ਉਤੇ ਮਨੁਖ ਦੇ ਸਮੁਚੇ ਜੀਵਨ ਦੀ ਸਫਲਤਾ ਤੇ ਅਸਫਲਤਾ ਦਾ ਅਧਾਰ ਹੈ ਅਤੇ ਇਸ ਦੇ ਅਗੋਂ ਆ ਰਹੇ ਜੀਵਨ ਦੀ ਉਸਾਰੀ ਵੀ ਇਸੇ ਰੋਜ਼ਾਨਾ ਜੀਵਨ ਉਤੇ ਹੀ ਹੋਣੀ ਹੁੰਦੀ ਹੈ।

ਮੂਲ ਮੁਦਾ ਇਹ ਕਿ ਮਨੁਖ ਦੇ ਵਿਚਾਰ, ਉਸ ਦੇ ਕਰਮ, ਉਸ ਦੀ ਕਿਰਤ, ਚਰਿਤ੍ਰ, ਮਨੁਖ ਦਾ ਇਹ ਜੀਵਨ ਅਤੇ ਮਨੁਖ ਦਾ ਅਗਲਾ ਜਨਮ ਸਭ ਦੀ ਨੀਂਹ-ਮਨੁਖ ਦਾ ਅਹਾਰ ਜਾਂ ਮਨੁਖ ਦੀ ਖੁਰਾਕ ਹੈ। ਇਸ ਲਈ ਹੀ ਆਖਿਆ ਗਿਆ ਹੈ :—

ਜੇਹਾ ਅੰਨ ਤੇਹਾ ਮਨ
ਜਾਂ
"ਜਿਹਾ ਅਹਾਰ ਤੇਹੇ ਵਿਚਾਰ"

ਇਹੋ ਹੀ ਕਾਰਨ ਹੈ ਕਿ ਅਹਾਰ ਜਹੀ ਮਹੱਤਵ ਪੂਰਨ ਵਸਤੂ ਨੂੰ ਗੁਰੂ ਬਾਣੀ ਵਿਚ ਖਾਸ ਮਹੱਤਤਾ ਦਿਤੀ ਗਈ ਹੈ। ਇਸ ਲਈ ਇਸ ਵਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

ਸ੍ਰੀ ਆਦਿ ਗਰੰਥ ਸਾਹਿਬ ਦੀ ਸਮੁੱਚੀ ਬਾਣੀ ਗੁਰ ਸਿਖ ਨੂੰ ਨਾਮ ਸਿਮਰਨ ਦੀ ਪ੍ਰੇਰਨਾ ਦੇਂਦੀ ਹੈ।

Sri Satguru Jagjit Singh Ji Elibrary NamdhariElibrary@gmail.com

ਸਿਮਰਨ ਹੀ ਸਿਖੀ ਦੀ ਨੀਂਹ ਹੈ ਅਤੇ ਸਿਮਰਨ ਦਾ ਸਿਧਾ ਸੰਬੰਧ ਅਹਾਰ ਨਾਲ ਹੈ। ਸਿਮਰਨ ਕੇਵਲ ਤਦੇ ਹੀ ਹੋ ਸਕਦਾ ਹੈ ਜੇ ਕਰ ਅਹਾਰ ਠੀਕ ਹੋਵੇ। ਸ਼ਾਇਦ ਇਹੋ ਹੀ ਕਾਰਨ ਹੈ—ਕਿ ਪਵਿਤਰ ਗੁਰਬਾਣੀ ਨੇ ਸਿਖ ਦੇ ਅਹਾਰ ਉਤੇ ਪ੍ਰਤੀਬੰਧ ਲਗਾ ਰਖਿਆ ਹੈ—

ਬਾਬਾ ਹੋਰੁ ਖਾਣਾ ਖੁਸੀ ਖੁਆਰਿ
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲੈ ਵਿਕਾਰ

ਅਤੇ (ਪੰਨਾ ੧੬-੧੭)

ਅਲਪ ਅਹਾਰ ਸੁਲਪ ਸੀ ਨਿੰਦ੍ਰਾ
(ਰਾਮਕਲੀ ਪਾ: ੧੦)

ਦਾ ਸੁਨਹਿਰੀ ਅਸੂਲ ਕਾਇਮ ਕਰ ਦਿਤਾ ਹੈ। ਸਾਦਾ, ਸੱਵਛ, ਪਵਿਤ੍ਰ ਅਤੇ ਥੋੜਾ ਖਾਣਾ ਹੀ ਗੁਰਮਤਿ ਦੇ ਅਨਕੂਲ ਹੈ—

ਹਉ ਤਿਸੁ ਘੋਲਿ ਘੁਮਾਇਆ,
ਥੋੜਾ ਸਵੈਂ ਥੋੜਾ ਹੀ ਖਾਵੈ॥
(ਭਾ: ਗੁਰਦਾਸ ਜੀ ਪਉੜੀ ੧੨-੮)

ਖਾਣਾ ਕੇਵਲ ਜੀਉਣ ਮਾਤ੍ਰ ਲਈ ਹੀ ਹੋਣਾ ਚਾਹੀਦਾ ਹੈ ਜ਼ਬਾਨ ਦੇ ਚਸਕੇ, ਜੀਭ ਦੇ ਸੁਆਦ ਅਥਵਾ ਮਨ ਪਿਛੇ ਲਗ ਕੇ ਰੰਗ ਰੰਗ ਦੇ ਸੁਆਦੀ ਭੋਜਨ ਪਦਾਰਥ ਖਾਣ ਲਈ ਜੀਊਣਾ ਸੁਭਵਾਨਾਂ ਦਾ ਕਰਮ ਨਹੀਂ ਹੈ ਸਗੋਂ ਅਜੇਹੇ ਮਨੁਖ ਨੂੰ ਗੁਰਬਾਣੀ ਨੇ— 'ਕੇਤੇ ਮੂਰਖ ਖਾਹੀ ਖਾਹੂ'-ਅਨੁਸਾਰ ਮੂਰਖ ਦੀ ਪਦਵੀ ਦਿਤੀ ਹੈ।

ਗੁਰਮਤਿ ਜਾਂ ਗੁਰੂ ਕੇ ਭਾਣੇ ਅਨੁਸਾਰ ਸਿਖ ਦਾ ਭੋਜਨ ਪਵਿਤਰ, ਸਾਦਾ, ਸਵਛ, ਹਲਕਾ ਅਤੇ ਛਲਚ-ਹਜ਼ਮ ਹੋਣਾ ਜ਼ਰੂਰੀ ਹੈ। ਇਸ ਵਿਚ ਕੋਈ ਤਾਮਸਿਕ ਵਸਤੂ ਨਹੀਂ ਹੋਣੀ ਚਾਹੀਦੀ। ਤਾਮਸਿਕ ਵਸਤੂਆਂ ਹਨ ਤਮਾਕੂ, ਸ਼ਰਾਬ, ਮਾਸ੍ਰ ਮਛੀ, ਚਰਸ, ਅਫੀਮ, ਹੋਰ ਕਿਸੇ ਪ੍ਰਕਾਰ ਦੀ ਨਸ਼ੀਲੀ ਵਸਤੂ ਚਟਪਟੇ ਮਸਾਲੇ ਤੇ ਚਟਨੀਆਂ ਅਚਾਰ ਆਦਿ॥

ਉਪ੍ਰੋਕਤ ਵਰਨਣ ਕੀਤੀਆਂ ਤਾਮਸਿਕ ਵਸਤੂਆਂ ਦੇ ਸੇਵਨ ਨਾਲ ਤਨ ਵਿਚ, ਕਾਮ ਚੇਸ਼ਟਾ ਅਤੇ ਮਨ ਵਿਚ ਅਵਸ਼ ਹੀ ਵਿਚਾਰ ਉਤਪਨ ਹੁੰਦੇ ਹਨ। ਤਮੋਗੁਣੀ ਖਾਧ ਤਮੋਗੁਣੀ ਵਿਚਾਰ ਪੈਦਾ ਕਰਦੀ ਹੈ। ਇਹ ਤਮੋਗੁਣੀ ਵਿਚਾਰ ਮਨ ਨੂੰ ਸਿਮਰਨ ਵਲ ਜਾਣ ਹੀ ਨਹੀਂ ਦੇਂਦੇ। ਸਿਮਰਨ ਸਿਖੀ ਦਾ ਅਧਾਰ ਹੈ। ਜੇ ਸਿਖੀ ਚੋਂ ਸਿਮਰਨ ਨੂੰ ਕਢ ਦਿਤਾ ਜਾਏ ਤਾਂ ਪਿਛੇ ਰਹਿ ਹੀ ਕੁਝ ਨਹੀਂ ਜਾਂਦਾ। ਕਿਉਂ ਜੋ—

"ਨਾਨਕ ਕੈ ਘਰਿ ਕੇਵਲ ਨਾਮੁ"
(ਰਾਗੁ ਭੈਰਉ-੧੧੩੬)

ਜੇ ਨਾਮੁ ਹੀ ਨਾ ਰਿਹਾ ਤਾਂ ਸਿਖੀ ਕਿਸ ਗਲ ਦੀ ਰਹੇਗੀ। ਪਰ ਜਿਥੇ ਮਾਸ ਖਾਣ ਦਾ ਸੁਆਦ ਹੋਵੇ ਉਥੇ ਇਹ ਨਾਮ ਰਹਿ ਹੀ ਨਹੀਂ ਸਕਦਾ:

ਰਸੁ ਘੋੜੇ ਰਸੁ ਸੇਜ, ਰਸੁ ਮੰਦਰ, ਰਸੁ ਮਿਠਾ, ਰਸੁ ਮਾਸੁ
ਏਤੇ ਰਸੁ ਸਰੀਰ ਕੇ, ਕੈ ਘਟਿ ਨਾਮੁ ਨਿਵਾਸ।
(ਸ੍ਰੀ ਰਾਗੁ ਪੰਨਾ ੧੫)

(ਰਸੁ ਘੋੜੇ) ਰਾਜ ਦਾ ਸੁਆਦ (ਰਸੁ ਸੇਜਾ) ਭੋਗ ਦਾ ਸੁਆਦ, (ਰਸੁ ਮੰਦਰ) ਸੰਪਤੀ ਤੇ ਜੈਦਾਦ ਦਾ ਨਸ਼ਾ, (ਰਸੁ ਮਿਠਾ) ਖਾਣ ਦਾ ਚਸਕਾ, (ਰਸੁ ਮਾਸ) ਮਾਸ ਖਾਣ ਦਾ ਠਰਕ ਜਿਥੇ ਉਪ੍ਰੋਕਤ ਇਤਨੇ ਸੁਆਦ ਪਏ ਹੋਣ ਜਾਂ ਇਹਨਾਂ ਚੋਂ ਕੋਈ ਸੁਆਦ ਵੀ ਹੋਵੇ ਉਥੇ ਨਾਮ ਦਾ ਟਿਕਾਉ ਕਿਵੇਂ ਹੋ ਸਕਦਾ ਹੈ?

ਇਹੋ ਹੀ ਕਾਰਨ ਹੈ ਕਿ ਪਵਿਤ੍ਰ ਗੁਰੂ ਬਾਣੀ ਅਤੇ ਸਿਖ ਰਹਿਤ ਮਰਯਾਦਾ ਵਿਚ ਉਪ੍ਰੋਕਤ ਵਸਤੂਆਂ ਦੇ ਸੇਵਨ ਦੀ ਸਖਤ ਮਨਾਹੀ ਹੈ।

ਮਾਸ ਖਾਣ ਵਾਲਿਆਂ ਲਈ ਬਾਣੀ ਦੀ ਚਿਤਾਉਣੀ ਹੈ—

ਮਾਸੁ ਖਾਣਿ ਗਲ ਵਢਿ ਕੈ,
ਹਾਲ ਤਿਨਾੜਾ ਕਉਣ ਹੋਵਸੀ।
(ਭਾ: ਗੁਰਦਾਸ ਜੀ ੨੫-੧੭)

ਕੁਹਿ ਕਸਾਈ ਬਕਰੀ,
ਲਾਇ ਲੂਣਿ ਸੀਖ ਮਾਸ ਪਰੋਆ।
ਹਸਿ ਹਸਿ ਬੋਲੇ ਕੁਹੀਂਦੀ,

Sri Satguru Jagjit Singh Ji Elibrary NamdhariElibrary@gmail.com

ਖਾਧੇ ਅਕੁ ਹਾਲ ਇਹੁ ਹੋਆ ।
ਮਾਸ ਖਾਨ ਗਲ ਛੁਰੀ ਦੇ,
ਹਾਲ ਤਿਨਾੜਾ ਕਉਣ ਅਲੋਆ ।

(ਭਾ: ਗੁਰਦਾਸ ਜੀ ੩੭-੨੧)

ਕੁਹੀ ਜਾਣ ਵਾਲੀ ਬਕਰੀ ਹਸਕੇ ਕਹਿੰਦੀ ਹੈ ਕਿ ਸਾਰੀ ਉਮਰ ਮੈਂ ਅਕ ਤੇ ਘਾਹ ਆਦਿ ਹੀ ਖਾਂਦੀ ਆਈ ਹਾਂ ਕਿਸੇ ਨੂੰ ਕਦੇ ਕੋਈ ਦੁਖ ਨਹੀਂ ਦਿਤਾ ਫਿਰ ਵੀ ਮੇਰਾ ਹਾਲ ਇਹ ਹੋ ਰਿਹਾ ਹੈ ਕਿ ਮੈਨੂੰ ਕੋਹਿਆ ਜਾ ਰਿਹਾ ਹੈ ਪਰ ਜੋਹੜੇ ਬੇਜ਼ਬਾਨ ਜੀਵਾਂ ਦੇ ਗਲਿਆ ਉਤੇ ਛੁਰੀਆਂ ਫੇਰ ਫੇਰ ਕੇ ਓਹਨਾਂ ਦਾ ਮਾਸ ਖਾਂਦੇ ਹਨ ਓਹਨਾ ਦਾ ਕੀ ਹਾਲ ਹੋਵੇਗਾ ?

ਜੀਅ ਬਧਹੁ ਸੁ ਧਰਮ ਕਰਿ ਥਾਪਹੁ
ਅਧਰਮ ਕਹਹੁ ਕਤ ਭਾਈ ।
ਆਪਸ ਕਉ ਮੁਨਿਵਰ ਕਰਿ ਥਾਪਹੁ,
ਕਾ ਕਉ ਕਹਹੁ ਕਸਾਈ ।

(ਮਾਰੂ—੧੧੦੩)

ਜੀਆਂ ਨੂੰ ਮਾਰਨ ਵਾਲਿਆਂ ਨੂੰ ਜੇ ਧਰਮੀ ਕਹਾਂਗੇ ਤਾਂ ਅਧਰਮੀ ਕੌਣ ਹਨ ? ਇਸ ਤਰ੍ਹਾਂ ਜੀਅ ਮਾਰ ਮਾਰ ਖਾਣ ਵਾਲੇ ਜੇ ਸਰੇਸ਼ਟ ਹਨ ਤਾਂ ਕਸਾਈ ਕਿਸ ਨੂੰ ਕਹੋਗੇ ? ਭਾਵ ਮਾਸਾ ਹਾਰੀਆਂ ਤੇ ਕਸਾਈਆਂ ਵਿਚ ਕੀ ਅੰਤਰ ਹੈ ?

ਕਬੀਰਜੀਅ ਜੋ ਮਾਰਹਿ ਜੋਰੁ ਕਰਿ,
ਕਹਤੇ ਹਹਿ ਜੁ ਹਲਾਲੁ ।
ਦਫਤਰੁ ਦਈ ਜਬ ਕਾਢਿ ਹੈ,
ਹੋਇਗਾ ਕਉਨੁ ਹਵਾਲੁ ।

(ਪੰਨਾ-੧੯੯ ਸਲੋਕ ੧੩੭੫)

ਰਬ ਦੇ ਬੇਜ਼ਬਾਨ ਜੀਆਂ ਨੂੰ ਮਾਰ ਕੇ ਆਪਣੇ ਦਿਲ ਦੀ ਤਸਲੀ ਦੇ ਲਈ ਤੂੰ ਪਿਆ ਇਸ ਨੂੰ ਹਲਾਲ ਆਖ ਪਰ ਪਤਾ ਉਦੋਂ ਲਗੇਗਾ ਜਦੋਂ ਤੇਰੇ ਕਰਮਾ ਦਾ ਹਿਸਾਬ ਹੋਵੇਗਾ ਤੇ ਲੇਖਾ ਦੇਣਾ ਪਵੇਗਾ ।

ਰੋਜ਼ਾ ਧਰੈ, ਮਨਾਵੈ ਅਲਹੁ,
ਸੁਆਦਿਤ ਜੀਅ ਸੰਘਾਰੈ ।
ਆਪਾ ਦੇਖਿ ਅਵਰ ਨਹੀਂ ਦੇਖੈ,
ਕਾਹੇ ਕਉ ਝਖ ਮਾਰੇ ।

(ਆਸਾ ਪੰਨਾ ੪੮੩)

ਭਾਵੇਂ ਸਾਰੇ ਧਰਮ ਕਰਮ ਪਿਆ ਕਰੇ, ਜਿਤਨਾ ਮਰਜ਼ੀ ਹੈ ਪਾਠ ਪੂਜਾ ਵੀ ਕਰਦਾ ਰਹੇ, ਬੇਸ਼ਕ ਪਰਮਾਤਮਾ ਨੂੰ ਮਨਾਂਦਾ ਫਿਰੇ, ਪਰ ਜਦੋਂ ਆਪਣੇ ਸੁਆਦ ਲਈ ਬੇਜ਼ੁਬਾਨ ਮਾਸੂਮ ਜੀਵਾਂ ਨੂੰ ਮਾਰਨ ਲਗੇ ਆਪਣੇ ਚਸਕੇ ਦਾ ਖਿਆਲ ਤਾਂ ਰਖਦਾ ਹੈ ਪਰ ਉਸ ਜੀਵ ਦਾ ਧਿਆਨ ਨਹੀਂ ਕਰਦਾ ਤਾਂ 'ਝਖ' ਮਾਰਦਾ ਹੈ ਉਸ ਦੇ ਧਰਮ ਕਰਮ ਕਿਸੇ ਲੇਖੇ ਨਹੀਂ ।

ਬੇਦ ਪੜੈ ਮੁਖ ਮੀਠੀ ਬਾਣੀ,
ਜੀਆ ਕਹਤ ਨ ਸੰਗੈ ਪ੍ਰਾਣੀ ।

(ਗਾਉੜੀ—੨੦੧)

ਬੜੇ ਪਾਠ ਕਰਦਾ ਹੈ, ਬਾਣੀ ਬੜੀ ਕੰਠ ਹੈ। ਗਲਾ ਬੜਾ ਮਿਠਾ ਤੇ ਸੁਰੀਲਾ ਹੈ ਪਰ ਰਬ ਦੇ ਜੀਆ ਨੂੰ ਕੁਹਣ ਵੇਲੇ ਰਤਾ ਸ਼ਰਮ ਨਹੀਂ ਕਰਦਾ ਤਾਂ ਉਸ ਦੀ ਬਾਣੀ ਪੜ੍ਹੀ ਕਿਸੇ ਲੇਖੇ ਨਹੀਂ ।

ਬੇਦ ਕਤੇਬ ਕਹਹੁ ਮਤ ਝੂਠੇ,
ਝੂਠਾ ਜੋ ਨ ਬਿਚਾਰੈ ।
ਜਉ ਸਭ ਮਹਿ ਏਕ ਖੁਦਾਇ ਕਹਤ,
ਹਉ ਤਉ ਕਿਉ ਮੁਰਗੀ ਮਾਰੈ ।

(ਪ੍ਰਭਾਤੀ-ਪੰਨਾ ੧੩੫੦)

ਜਦ ਕਿ ਹਰ ਜੀਵ ਮਾਤ੍ਰ ਵਿਚ ਇਕੋ ਰੱਬ ਦੀ ਜੋਤ ਦਾ ਹੀ ਪ੍ਰਕਾਸ਼ ਮੰਨਦੇ ਹਾਂ ਤਾਂ ਕੀ ਜਿਹੜੀ ਮੁਰਗੀ ਵਢਦੇ ਹਾਂ ਉਸ ਵਿਚ ਉਹ ਰੱਬ ਵਿਦਮਾਨ ਨਹੀਂ ਹੈ ?

ਸਵੇਰ ਦੇ ਨਿਤਨੇਮ ਵਿਚ ਰੋਜ਼ ਹੀ ਤਾੜਨਾ ਕੀਤੀ ਜਾਂਦੀ ਹੈ ਅਤੇ ਨਿਤਾ ਪ੍ਰਤੀ ਚਿਤਾਓਣੀ ਦਿਤੀ ਜਾਂਦੀ ਹੈ ਕਿ ਕਿਸੇ ਦਾ ਗਲ ਵਢਣਾ ਹਤਿਆ ਹੈ ਤੇ ਹਤਿਆ ਕਰਨਾ ਪਾਪ ਹੈ ਅਤੇ ਇਸੇ ਤਰ੍ਹਾਂ ਪਾਪੀਆਂ ਵਾਂਗੂੰ ਹਤਿਆ ਕਰਕੇ ਜੀਵ ਦਾ ਖਾਣਾ "ਮਲ ਭਖ" ਭਾਵ (ਵਿਸ਼ਟਾ) ਖਾਣ ਬ੍ਰਾਬਰ ਹੈ—

Sri Satguru Jagjit Singh Ji Elibrary NamdhariElibrary@gmail.com

ਅਸੰਖ ਗਲਵਢਿ ਹਤਿਆ ਕਮਾਹਿ,
ਅਸੰਖ ਪਾਪੀ ਪਾਪੁ ਕਰ ਜਾਹਿ,
... ...
ਅਸੰਖ ਮਲੇਛ ਮਲੁ ਭਖ ਖਾਹਿ—(ਜਪੁਜੀ)

ਕਿਸੇ ਜੀਵ ਦਾ ਗਲ ਵਢ ਕੇ ਖਾਣਾ ਸਤੋ ਗੁਣੀ ਖਾਣਾ ਨਹੀਂ ਸਗੋਂ ਮਲੇਛ ਖਾਣਾ ਹੈ।
ਇਸ "ਤਨ ਪੀੜੀਐ" ਅਤੇ "ਮਨ ਮਹਿ ਚਲਹਿ ਵਿਕਾਰ" ਵਾਲੇ ਅਹਾਰ ਦਾ ਸੇਵਨ ਖਾਸ ਤੌਰ ਤੇ ਵਰਜਤ ਕੀਤਾ ਹੈ ਇਤਨੇ ਸਪਸ਼ਟ ਗੁਰ ਫੁਰਮਾਣਾਂ ਦੀ ਉਲੰਘਣਾ ਕਰਕੇ ਮਾਸ, ਮਛੀ, ਸ਼ਰਾਬ ਆਦਿ ਵਸਤੂਆਂ ਨੂੰ ਉਚੇਚੇ ਸੁਆਦਾ ਨਾਲ ਖਾਂਦੇ ਹੋਏ ਵੀ ਅਸੀਂ ਗੁਰੂ ਦੇ ਸਿਖ ਅਖਵਾਓਣ ਦਾ ਦਾਹਵਾ ਕਰਦੇ ਹਾਂ ?

ਸਿਖ ਰਹਿਤ ਮਰਯਾਦਾ ਵਿਚ ਮਾਸ ਦਾ ਸੇਵਨ ਚਾਰ ਬਜਰ ਕੁਰਹਿਤਾਂ ਵਿਚ ਸ਼ਾਮਲ ਕਰਕੇ ਗੁਰ ਸਿਖਾਂ ਲਈ ਵਰਜਤ ਕਰਾਰ ਦਿਤਾ ਗਿਆ ਹੈ। ਕਿਤਨੀਆਂ ਹੀ ਭੁਲਾਂ ਗਲਤੀਆਂ ਤੇ ਅਵਗਿਆਵਾਂ ਸਿਖ ਕਰ ਲਵੇ ਉਹ ਬਖਸ਼ਿਆ ਜਾ ਸਕਦਾ ਹੈ ਪਰ ਚਾਰ ਬਜਰ ਕਰਹਿਤਾਂ ਵਿਚੋਂ ਜੇ ਇਕ ਵੀ ਉਸ ਤੋਂ ਹੋ ਜਾਵੇ ਤਾਂ ਉਹ ਸਿਖੀਓਂ ਖਾਰਜ ਕਰ ਦਿਤਾ ਜਾਂਦਾ ਹੈ। ਉਹਨਾਂ ਚਾਰ ਕੁਰਹਿਤਾਂ ਚੋਂ ਇਕ ਹੈ 'ਕੁਠਾ ਖਾਣਾ' ਕੁਠਾ ਤੋਂ ਭਾਵ ਹੈ ਮਾਸ (ਕੁਹਿਆ ਹੋਇਆ)।

ਸ਼ਬਦ ਕੁਠਾ ਕੁਹਣ ਧਾਤੂ ਤੋਂ ਨਿਕਲਿਆ ਹੈ ਕੁਹਣ ਦਾ ਭਾਵ ਹੈ ਕਿ ਤੇਜ਼ ਧਾਰ ਨਾਲ ਕਿਸੇ ਨੂੰ ਗਲਾ ਕਟ ਕੇ ਮਾਰਨਾ। ਇਸ ਤੋਂ ਸਪਸ਼ਟ ਹੈ ਕਿ ਕੁਠਾ ਭਾਵ ਮਾਸ ਹੈ। ਮਹਾਨ ਕੋਸ਼ ਨੇ ਵੀ ਕੁਠਾ ਦਾ ਭਾਵ ਮਾਸ ਹੀ ਲਿਖਿਆ ਹੈ। ਮਾਸ ਭਾਵੇਂ ਕਿਸੇ ਤਰੀਕੇ ਨਾਲ ਕਟਿਆ ਹੋਵੇ, ਸ਼ਾਹ ਰਗ ਕਟ ਕੇ ਜਾਂ ਇਕੋ ਵਾਰ ਨਾਲ, ਉਹ ਮਾਸ ਹੈ ਅਤੇ ਕੁਠਾ ਹੈ (ਕੋਹਿਆ ਗਿਆ) ਜਿਥੋਂ ਤੀਕ ਮਾਸ ਖਾਣ ਦਾ ਸਬੰਧ ਹੈ ਉਸ ਵਿਚ ਝਟਕੇ ਹਲਾਲ ਦਾ ਕੋਈ ਅੰਤਰ ਨਹੀਂ ਹੈ ਨਾ ਹੀ ਬਣੇ ਹੋਏ ਮਾਸ ਵਿਚ ਝਟਕੇ ਅਤੇ ਹਲਾਲ ਦੀ ਕੁਝ ਪਛਾਣ ਹੀ ਹੈ। ਇਹ ਤਾਂ ਮਾਸਾਹਾਰੀਆਂ ਅਤੇ ਜਬਾਨ ਦੇ ਚਸਕੇ ਮਾਰਿਆ ਨੇ ਕੁਠੇ ਦੇ ਮੁਕਾਬਲੇ ਵਿਚ ਇਕ ਸ਼ਬਦ ਝਟਕਾ ਢੂੰਡ ਕੇ ਆਪਣੇ ਲਈ ਮਾਸ ਜਹੀ ਘ੍ਰਿਣਤ ਵਸਤੂ ਖਾ ਸਕਣ ਦਾ ਰਾਹ ਕਢ ਰਖਿਆ ਹੈ" ਨਹੀਂ ਤਾਂ ਸਰਬਤ ਰਹਿਤ ਨਾਮਿਆਂ ਵਿਚ ਅਤੇ ਹੁਕਮਨਾਮਿਆਂ ਵਿਚ ਕਿਧਰੇ ਝਟਕਾ ਸ਼ਬਦ ਵਰਤ ਕੇ ਕਿਸੇ ਨੂੰ ਇਸ ਦੇ ਖਾਣ ਦੀ ਆਗਿਆ ਨਹੀਂ ਦਿਤੀ ਗਈ ਹਰ ਥਾਵੇਂ ਮਾਸ ਖਾਣ ਦੀ ਮਨਾਹੀ ਹੀ ਕੀਤੀ ਗਈ ਹੈ। ਕੁਠਾਂ ਤੋਂ ਭਾਵ ਹੈ ਮਾਸ. ਉਹ ਭਾਵੇਂ ਬਕਰੇ ਦਾ ਹੋਵੇ, ਮੁਰਗੇ ਦਾ ਹੋਵੇ, ਗਾਂ, ਮਛ ਦਾ ਜਾਂ ਕਿਸੇ ਹੋਰ ਪਸ਼ੂ ਪੰਛੀ ਦਾ।

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿਖ ਰਹਿਤ ਮਰਯਾਦਾ ਦਾ ਖਰੜਾ ਬਨਾਣ ਵੇਲੇ ਪਵਿਤ੍ਰ ਗੁਰਬਾਣੀ ਦੇ ਆਸ਼ੇ ਨੂੰ ਹਮੇਸ਼ਾ ਸਾਹਮਣੇ ਰਖਿਆ ਅਤੇ ਉਹਨਾਂ ਨੇ ਸਿਖ ਮਰਯਾਦਾ ਦੀ ਘਾੜਤ ਬਿਲਕੁਲ ਉਹੋ ਹੀ ਰਖੀ ਜਿਹੜੀ ਕਿ ਪਹਿਲੇ ਨੌ ਸਤਿਗੁਰੂ ਸਾਹਿਬਾਨ ਘੜ ਗਏ ਸਨ। ਗੁਰਬਾਣੀ ਤਾਂ ਸਪਸ਼ਟ ਆਖਦੀ ਹੈ—

ਉਨ ਝਟਕਾ, ਉਨ ਬਿਸਮਲ ਕੀਆ
ਦਇਆ ਦੋਹਾਂ ਤੇ ਭਾਗੀ।

ਝਟਕਾ ਲਿਆ ਜਾਂ ਹਲਾਲ, ਫਰਕ ਹੀ ਕੀ ਹੈ ? ਜੀਅ ਘਾਤ ਤਾਂ ਦੋਹਾਂ ਨਾਲ ਹੀ ਹੋ ਜਾਂਦਾ ਹੈ। ਜੀਅ ਘਾਤ ਤਦ ਹੀ ਹੁੰਦਾ ਹੈ ਜਦੋਂ ਮਨ ਚੋਂ ਦਇਆ ਤੇ ਰਹਿਮ ਉਡ ਜਾਂਦਾ ਹੈ। ਜੇ ਦਇਆ ਨਾ ਰਹੀ ਤਾਂ ਫਿਰ ਸਿਖੀ ਕਿਥੇ, ਮਨੁਖਤਾ ਕਿਥੇ ?
ਸਤਿਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ—

ਮਜ਼ਨ ਤੇਗ਼ੇਬਰ ਖ਼ੂਨੇ ਕਸਬੇ ਬਾ ਦਰੇਗ
(ਜਫਰਨਾਮਾ)

ਕਿਸੇ ਦੀ ਗਰਦਨ ਉਤੇ ਬੇ ਦਰੇਗ ਛੁਰੀ ਨਾ ਚਲਾ। ਸਤਿਗੁਰੂ ਆਪ ਜਿਹੜੇ ਕਿਸੇ ਦੀ ਗਰਦਨ ਉਤੇ ਬੇਦਰੇਗ ਛੁਰੀ ਚਲਾਣ ਤੋਂ ਰੋਕਦੇ ਹਨ ਕੀ ਬੇਜ਼ਬਾਨ ਜੀਆਂ ਦੇ ਘਾਤ ਦੀ ਆਗਿਆ ਦੇ ਸਕਦੇ ਹਨ ?

Sri Satguru Jagjit Singh Ji Elibrary NamdhariElibrary@gmail.com

ਸਿਖ ਮਤ ਵਿਚ ਜੀਵਾਂ ਉਤੇ ਦਇਆ ਕਰਨਾ ਅਠਸਠ ਤੀਰਥਾਂ ਦੇ ਸਰਬਤ ਪੁਨਾਂ ਦੇ ਬਰਾਬਰ ਮੰਨਿਆ ਗਿਆ ਹੈ।

ਅਠਸਠ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ
(ਬਾਰਹਮਾਹ)

ਇਹਨਾਂ ਸੁਆਦਤਿ ਜੀਅ ਸੰਘਾਰਿਆਂ ' ਨੇ ਇਕ ਹੋਰ ਚਲਾਕੀ ਕੀਤੀ ਹੋਈ ਹੈ। ਉਹ ਇਹ ਕਿ ਚੂੰਕਿ ਸ਼ਬਦ" "ਮਹਾਂ ਪ੍ਰਸਾਦ" ਗੁਰਬਾਣੀ ਵਿਚ ਕਈ ਵੇਰ ਵਰਤਿਆ ਗਿਆ ਹੈ ਅਤੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਇਸ ਲਈ ਇਹਨਾਂ ਮਾਸਾਹਾਰੀਆਂ ਨੇ ਕਮਾਲ, ਚਤੁਰਾਈ ਤੇ ਸਿਆਣਪ ਨਾਲ ਇਸ ਮਾਸ ਦਾ ਨਾਉ ਹੀ ਮਹਾਂ ਪ੍ਰਸਾਦ ਰਖ ਦਿਤਾ ਹੈ ਹਾਲਾਂ ਕਿ ਪੁਰਾਤਨ ਗਰੰਥਾਂ ਅਨੁਸਾਰ ਮਹਾਂ ਪ੍ਰਸਾਦ ਕੇਵਲ ਕੜਾਹ ਪ੍ਰਸਾਦ ਲਈ ਵਰਤਿਆ ਗਿਆ ਹੈ—

ਸਾਧ ਸੰਗਤ ਅਸਨ ਬਸਨ ਕੈ ਮਹਾ ਪ੍ਰਸਾਦਿ,
ਸੋਈ ਤੌ ਅਸਾਧ ਸੰਗ ਬਿਸਮ ਅਹਾਰ ਹੈ।
(ਭਾ: ਗੁਰਦਾਸ ਜੀ)

ਸੋ ਮਹਾਂ ਪ੍ਰਸਾਦ ਕੜਾਹ ਪ੍ਰਸ਼ਾਦ ਨੂੰ ਹੀ ਕਹਿਆ ਗਿਆ ਹੈ। ਇਸ ਪਵਿਤਰ ਸ਼ਬਦ ਨੂੰ ਮਾਸ ਜੇਹੀ ਘ੍ਰਿਣਤ ਤੇ ਤਾਮਸਕ ਵਸਤੂ ਲਈ ਵਰਤਣਾ ਬਿਲਕੁਲ ਉਚਿਤ ਨਹੀਂ ਹੈ।

ਸਾਰੇ ਸਿਖ ਇਤਿਹਾਸ ਵਿਚ ਅਤੇ ਗੁਰੂ ਜੀਵਨ ਚਿਤ੍ਰਾਵਲੀਆਂ ਵਿਖੇ ਕਿਸੇ ਗੁਰੂ ਸੰਬੰਧੀ ਮਾਸ ਸੇਵਨ ਕਰਨ ਦਾ ਕਿਧਰੇ ਕੋਈ ਸੰਕੇਤ ਨਹੀਂ ਮਿਲਦਾ, ਕਿਸੇ ਸਮੇਂ ਵੀ ਇਹ ਵਸਤੂ ਸਿਖਾਂ ਦੇ ਸਮੂਹਕ ਭੋਜਨ ਦਾ ਹਿਸਾ ਰਹੀ ਹੋਵੇ।

ਇਤਿਹਾਸ ਵਿਚ ਇਕ ਥਾਂ ਜਦੋਂ ਦਸਮੇਸ਼ ਜੀ ਉਚ ਦੇ ਪੀਰ ਦੇ ਭੇਸ ਵਿਚ ਸਨ ਤਾਂ ਉਚ ਦੇ ਪੀਰ ਦੇ ਮੁਸਲਮਾਨ ਸ਼ਰਧਾਲੂਆ ਵਲੋਂ ਆਪ ਜੀ ਨੂੰ ਭੋਜਨ ਛਕਾਣ ਦਾ ਯਤਨ ਕੀਤਾ ਗਿਆ ਪਰ ਆਪ ਇਹ ਦੱਸ ਕੇ ਕਿ ਆਪ ਦਾਇਮੀ ਰੋਜ਼ੇ ਤੇ ਹਨ ਆਪ ਜੀ ਉਹ ਭੋਜਨ ਛਕਣ ਤੋਂ ਮੁਕਤ ਹੋ ਗਏ ਪਰ ਆਪ ਜੀ ਦੀ ਆਗਿਆ ਵਿਚ ਆਪ ਜੀ ਦੇ ਨਾਲ ਦੇ ਸਿੰਘਾਂ ਨੇ ਉਸ ਭੋਜਨ ਨੂੰ ਕ੍ਰਿਪਾਨ ਭੇਟ ਕਰਕੇ ਉਸ ਨੂੰ ਕੜਾਹ ਪ੍ਰਸਾਦ ਦੇ ਰੂਪ ਵਿਚ ਛਕਿਆ।

ਕਲਗੀਧਰ ਪਿਤਾ ਬਾਰੇ ਇਕ ਥਾਂ ਹੋਰ ਵੀ ਇਕ ਗਲਤ ਸਾਖੀ ਕਿਸੇ ਨੇ ਪ੍ਰਸਿਧ ਕਰ ਰਖੀ ਹੈ ਕਿ ਭਾਜੜਾਂ ਦੇ ਦਿਨਾਂ ਵਿਚ ਜਦ ਕਿ ਸਤਿਗੁਰੂ ਜੀ ਪਿਛੇ ਮੁਗਲ ਫੌਜ ਲਗੀ ਹੋਈ ਸੀ, ਸਤਿਗੁਰੂ ਜੀ ਨੇ ਇਕ ਰਾਤ ਇਕ ਮੁਗਲ ਕਾਜ਼ੀ ਦੇ ਘਰ ਕਟੀ ਅਤੇ ਉਸ ਦੇ ਘਰ ਹੀ ਭੋਜਨ ਕੀਤਾ। ਇਸ ਭੋਜਨ ਵਿਚ ਆਪ ਜੀ ਨੇ ਮਾਸ ਛਕਿਆ ਤੇ ਹਡੀਆਂ ਗੁਆਂਢੀ ਦੇ ਘਰ ਸੁਟਦੇ ਰਹੇ ਤੇ ਜਦੋਂ ਗੁਆਂਢੀ ਨੇ ਰੌਲਾ ਪਾਣ ਦਾ ਯਤਨ ਕੀਤਾ ਤਾਂ ਸਤਿਗੁਰੂ ਜੀ ਨੇ ਉਹਨਾਂ ਹਡੀਆਂ ਨੂੰ ਅਸ਼ਰਫੀਆਂ ਵਿਚ ਬਦਲ ਦਿਤਾ। ਇਹ ਸਾਖੀ ਮੂਲੋਂ ਹੀ ਗਲਤ ਅਤੇ ਨਿਰਮੂਲ ਹੈ ਅਤੇ ਕਿਸੇ ਸਿਖ ਦੋਖੀ ਦੀ ਪ੍ਰਸਿਧ ਕੀਤੀ ਜਾਪਦੀ ਹੈ ਕਿਉਂਕਿ ਇਸ ਵਿਚ ਸਭੋ ਕੁਝ ਬੇ ਸਿਰ ਪੈਰ ਦਾ ਹੀ ਹੈ। ਇਕ ਪਾਸੇ ਤਾਂ ਸਤਿਗੁਰੂ ਜੀ ਸ਼ਾਹੀ ਫੌਜ ਦੀ ਨਜ਼ਰਾਂ ਤੋਂ ਬਚਣ ਦਾ ਯਤਨ ਕਰ ਰਹੇ ਹਨ ਤੇ ਜੇ ਕਿਸੇ ਦੇ ਘਰ ਰਾਤ ਕਟਣ ਦਾ ਆਸਰਾ ਮਿਲਿਆ ਹੈ ਤਾਂ ਉਹ ਗੁਆਂਢੀਆਂ ਦੇ ਘਰ ਹਡੀਆਂ ਸੁਟ ਕੇ ਆਪਣੀ ਮੌਜੂਦਗੀ ਦਾ ਢੰਡੋਰਾ ਪਿਟਦੇ ਹੋਏ ਆਪਣੇ ਲਈ ਅਤੇ ਆਸਰਾ ਦੇਣ ਵਾਲੇ ਲਈ ਮੁਸੀਬਤਾਂ ਖੜੀਆਂ ਕਰਨ ਦੇ ਕਾਰਨ ਆਪ ਹੀ ਪੈਦਾ ਕਰਦੇ ਹਨ ਇਕ ਹਾਸੋ ਹੀਣੀ ਤੇ ਨਾ ਮੰਨਣਯੋਗ ਗਲ ਹੈ। ਅਤੇ ਦੂਜੀ ਗਲ ਇਹ ਹੈ ਕਿ ਸਤਿਗੁਰੂ ਇਤਨੇ ਅਸਭਯ ਅਤੇ ਅਸ਼ਿਸ਼ਟ ਸਨ ਕਿ ਓਹ ਇਹ ਵੀ ਨਹੀਂ ਸਨ ਜਾਣਦੇ ਕਿ ਕਿਸੇ ਦੂਜੇ ਦੇ ਘਰ ਜੂਠ ਸੁਟਣਾ ਸਭਯਤਾ ਵਿਰੋਧੀ ਕਰਮ ਹੈ।

ਜਿਹੜੇ ਮਾਸਾਹਾਰੀ ਸਿਖ ਸਤਿਗੁਰੂ ਜੀ ਦੇ ਇਸ ਜੀਵਨ ਚਰਿਤ੍ਰ ਦਾ ਲਾਭ ਉਠਾ ਕੇ ਮਾਸ ਖਾਣ ਨੂੰ ਅਯੋਗ ਨਹੀਂ ਮੰਨਦੇ ਉਹ ਇਥੋਂ ਇਸ ਗਲ ਤੋਂ ਵੀ ਝੂਠੇ ਪੈ ਜਾਂਦੇ ਹਨ ਕਿ ਸਤਿਗੁਰੂ ਜੀ ਨੇ ਜੋ ਮਾਸ ਇਕ

Sri Satguru Jagjit Singh Ji Elibrary NamdhariElibrary@gmail.com

ਮੁਸਲਮਾਨ ਦੇ ਘਰ ਖਾਧਾ ਹੋਵੇਗਾ ਓਹ ਕਦੇ ਵੀ ਝਟਕਾ ਨਹੀਂ ਹੋ ਸਕਦਾ ਹੈ। ਕੀ 'ਸਤਿਗੁਰੂ ਆਪ ਤਾਂ ਹਲਾਲ ਖਾ ਲੈਂਦੇ ਸਨ ਪਰ ਸਿਖਾਂ ਨੂੰ ਕੇਵਲ ਝਟਕਾ ਖਾਣ ਲਈ ਹੁਕਮ ਕਰਦੇ ਤੇ ਹਲਾਲ ਵਰਜਤ ਕਰਦੇ ਸਨ ? ਕੋਈ ਗਲ ਬਣਦੀ ਨਹੀਂ। ਵਾਸਤਵਿਕਤਾ ਇਹ ਹੈ ਕਿ ਸਤਿਗੁਰੂ ਜੀ ਨੇ ਕਦੇ ਵੀ ਮਾਸਅਹਾਰ ਨਹੀਂ ਕੀਤਾ ਤੇ ਨਾ ਹੀ ਕਿਸੇ ਨੂੰ ਇਸ ਦੇ ਸੇਵਨ ਦੀ ਛੋਟ ਦਿਤੀ ਹੈ।

ਗੁਰਮਤਿ ਅਨੁਸਾਰ ਮਾਸ ਅਜੇਹੀ ਘ੍ਰਿਣਤ ਵਸਤੂ ਹੈ ਕਿ ਇਸ ਨੂੰ ਗੁਰੂਦੁਆਰਾ, ਗੁਰੂਧਾਮ, ਧਰਮ ਅਸਥਾਨ, ਗੁਰੂ ਕੇ ਲੰਗਰ, ਬ੍ਰਹਮ ਭੋਜ ਅਤੇ ਸਾਧ ਭੋਜ ਵ੍ਹਿਚ ਵਰਤਾਣ ਦੀ ਆਗਿਆ ਨਹੀਂ ਹੈ। ਜਿਸ ਦਾ ਗੁਰੂ ਘਰ ਦੀ ਹਦ ਦੇ ਅੰਦਰ ਲੈ ਜਾਣਾ ਹੀ ਮਨ੍ਹਾ ਹੈ। ਇਹ ਘ੍ਰਿਣਤ ਵਸਤੂ ਗੁਰੂ ਹਜ਼ੂਰੀ ਵਿਚ ਨਹੀਂ ਲਿਜਾਈ ਜਾ ਸਕਦੀ, ਜਿਸ ਨੂੰ ਗੁਰੂ ਦਾ ਭੋਗ ਨਾ ਲੁਆਇਆ ਜਾ ਸਕਦਾ ਹੋਵੇ ਉਹ ਗੁਰੂ ਦੇ ਸਿਖਾਂ ਦੇ ਖਾਣ ਯੋਗ ਕਿਵੇਂ ਹੋ ਸਕਦੀ ਹੈ ?

ਅਖੰਡ ਪਾਠ ਭਾਵੇਂ ਖੁਸ਼ੀ ਦਾ ਹੋਵੇ ਭਾਵੇਂ ਕਿਸੇ ਹੋਰ ਮੰਤਵ ਲਈ ਰਖਾਇਆ ਹੋਵੇ ਪਰ ਭੋਗ ਪਿਛੋਂ ਦੇ ਭੋਜ ਵਿਚ ਅਜ ਵੀ ਮਾਸ ਨਹੀਂ ਬਣਾਇਆ ਜਾਂਦਾ। ਮਰਨੇ ਪਰਨੇ ਦੀ ਰੋਟੀ ਵਿਚ ਖੀਰ, ਪੂੜੇ, ਪੂੜੀਆਂ, ਕੜਾਹ, ਪੁਲਾਅ ਆਦਿ ਤਾਂ ਬਣ ਸਕਦੇ ਹਨ ਪਰ ਮਾਸ ਨਹੀਂ ਬਣ ਸਕਦਾ। ਵਿਆਹ ਸ਼ਾਦੀਆਂ ਦੇ ਸਮਾਗਮਾਂ ਵਿਚ ਵੀ ਓਹਨਾਂ ਲੋਕਾਂ ਨੂੰ ਛਡ ਕੇ ਜਿਹਨਾ ਲਈ ਪਵਿਤ੍ਰ ਗੁਰਬਾਣੀ ਦਾ ਫਤਵਾ ਹੈ ਕਿ ਓਹ ਅੰਨ੍ਹੇ ਵੀ ਹਨ ਅਤੇ ਬੋਲੇ ਵੀ ਹਨ। "ਅਤਿ ਅੰਨਾ ਬੋਲਾ ਸ਼ਬਦ ਨਾ ਸੁਣਾਈ ਬਹੁ ਰੋਲ ਘਚੋਲਾ।" ਗੁਰਬਾਣੀ ਅਨੁਸਾਰ ਇਹਨਾਂ ਅੰਨਿਆਂ ਤੇ ਬੋਲਿਆਂ ਤੋਂ ਛੁਟ ਹੋਰ ਕੋਈ ਵੀ ਮਾਸ ਨਹੀਂ ਬਣਾਂਦਾ ਪਰ ਇਹਨਾਂ "ਅਤਿ ਅੰਨ੍ਹਾ ਬੋਲਾ' ਅਤੇ "ਸ਼ਬਦ ਨਾ ਸੁਣਦੀ ਬਹੁ ਰੋਲ ਘਚੋਲਾ" ਦੇ ਘਰ ਤਾਂ ਵਿਆਹ ਸ਼ਾਦੀ ਦੇ ਸਮੇਂ ਕਈ ਪ੍ਰਕਾਰ ਦੇ ਵੰਨ ਸੁਵਨੇ ਮਾਸ, ਮੱਛੀਆਂ ਮਾਸ ਦੇ ਸੂਪ ਤੇ ਕਈ ਵਖ ਵਖ ਤਰੀਕਿਆਂ ਨਾਲ ਮੁਰਗੇ ਤੇ ਤਿਤਰ ਬਣਾਏ ਜਾਂਦੇ ਹਨ। ਦੋ ਦੋ ਅਤੇ ਤਿੰਨ ਤਿੰਨ ਹਜ਼ਾਰ ਮੁਰਗਾ ਇਕ ਇਕ ਵਿਆਹ-ਰੋਟੀ ਤੇ ਕਟ ਦਿਤਾ ਜਾਂਦਾ ਹੈ।

ਗੁਰਮਤਿ ਮਰਯਾਦਾ ਅਨੁਸਾਰ ਮਾਸ ਖਾਕੇ ਕੋਈ ਸਜਣ ਸ੍ਰੀ ਗਰੰਥ ਸਾਹਿਬ ਦੀ ਤਾਬਿਆ ਨਹੀਂ ਬੈਠ ਸਕਦਾ। ਮਾਸ ਖਾਕੇ ਆਏ ਸਜਣ ਨੂੰ ਅੰਮ੍ਰਿਤ ਪਾਨ ਨਹੀਂ ਕਰਾਇਆ ਜਾ ਸਕਦਾ। ਮਾਸ ਖਾ ਕੇ ਆਏ ਕਿਸੇ ਸਜਣ ਨੂੰ ਤਖਤ ਸਾਹਿਬ ਦੀ ਹਦੂਦ ਵਿਚ ਪ੍ਰਵੇਸ਼ ਨਹੀਂ ਕਰਨ ਦਿਤਾ ਜਾਂਦਾ। ਜਿਤਨੇ ਵੀ ਮਹਾਪੁਰਸ਼ ਨਾਮ ਬਾਣੀ ਦੇ ਅਭਿਆਸੀ, ਸੰਤ ਮਹਾਂਪੁਰਸ਼ ਤੇ ਮਹਾਤਮਾ ਹੋਏ ਹਨ ਅਤੇ ਹੁਣ ਵੀ ਹਨ ਸਾਰੇ ਦੇ ਸਾਰੇ ਇਸ ਅਭਖ ਵਸਤੂ ਦੇ ਸੇਵਨ ਤੋਂ ਰੋਕਦੇ ਹਨ।

ਵਿਗਿਆਨਕ ਦ੍ਰਿਸ਼ਟੀ ਕੋਨ ਤੋਂ ਵੀ ਮਾਸ ਖਾਣਾ ਮਨੁੱਖ ਲਈ ਹਾਨੀਕਾਰਕ ਹੈ। ਕੁਦਰਤ ਦੇ ਨਿਯਮਾਂ ਨੂੰ ਵੇਖਿਆਂ ਵੀ ਇਹੋ ਹੀ ਸਿਧ ਹੁੰਦਾ ਹੈ ਕਿ ਮਾਸ ਮਨੁਖ ਦੀ ਖੁਰਾਕ ਨਹੀਂ ਹੈ। ਮਾਸਾਹਾਰੀ ਪਸ਼ੂ ਸ਼ੇਰ, ਬਘਿਆੜ, ਕੁਤਾ ਤੇ ਬਿਲੀ ਆਦਿ ਦੇ ਦੰਦਾਂ ਦੀ ਬਣਤਰ ਨੂੰ ਧਿਆਨ ਨਾਲ ਵੇਖਿਆ ਪਤਾ ਲਗਦਾ ਹੈ ਕਿ ਉਹ ਘਾਹ ਖਾਣ ਵਾਲੇ ਪਸ਼ੂਆਂ ਅਤੇ ਅੰਨ ਖਾਣ ਵਾਲੇ ਮਨੁਖਾਂ ਤੋਂ ਬਿਲਕੁਲ ਵਖਰੀ ਹੁੰਦੀ ਹੈ। ਉਹਨਾਂ ਦੇ ਦੰਦ ਨੋਕੀਲੇ ਤੇ ਲੰਬੇ ਹੁੰਦੇ ਹਨ ਜਦ ਕਿ ਘਾਹ ਖਾਣ ਵਾਲਿਆਂ ਦੇ ਚੌੜੇ ਅਤੇ ਮਨੁਖ ਦੇ ਹਰ ਚਾਰ ਚੌੜੇ ਦੰਦਾਂ ਪਿਛੋਂ ਇਕ ਨੋਕੀਲਾ ਪਰ ਚੌੜਾ ਹੁੰਦਾ ਹੈ। ਇਸ ਤੋਂ ਵੀ ਸਿਧ ਹੁੰਦਾ ਹੈ ਕਿ ਮਾਸ ਹਰਗਿਜ਼ ਮਨੁਖ ਦੀ ਖੁਰਾਕ ਨਹੀਂ ਹੈ।

ਸੰਨ ੧੯੧੮ ਵਿਚ ਫਰਾਂਸ ਵਿਖੇ ਇਕ ਇੰਟਰ ਐਲਾਈਡ ਕਾਨਫਰੰਸ ਕੌਮਾਂ ਦੀ ਖੁਰਾਕ ਦੀ ਪੜਤਾਲ ਲਈ ਹੋਈ ਸੀ ਜਿਸ ਵਿਚ ਅਮਰੀਕਾ, ਫਰਾਂਸ ਇਟਲੀ, ਬੇਲਜੀਅਮ ਦੇ ੯ ਡਾਕਟਰਾਂ ਦਾ ਇਕ ਕਮਿਸ਼ਨ ਬਣਾਇਆ ਗਿਆ ਜਿਸ ਦੇ ਜ਼ੁਮੇ ਖੁਰਾਕ ਦੀ ਖੋਜ ਕਰਕੇ ਰੀਪੋਰਟ ਪੇਸ਼ ਕਰਨਾ ਸੀ। ਤਰ ਸਾਲ

Sri Satguru Jagjit Singh Ji Elibrary NamdhariElibrary@gmail.com

ਦੀ ਪੜਤਾਲ ਪਿਛੋਂ ਜੋ ਰੀਪੋਰਟ ਉਸ ਕਮਿਸ਼ਨ ਨੇ ਦਿਤੀ ਉਹ ਇਸ ਪਰਕਾਰ ਸੀ—

"ਬੜੀ ਖੋਜ ਤੇ ਵਿਚਾਰ ਤੋਂ ਉਪ੍ਰੰਤ ਇਹ ਮੰਨਣਾ ਪੈਂਦਾ ਹੈ ਕਿ ਮਾਸ ਖਾਣਾ ਮਨੁੱਖ ਵਾਸਤੇ ਕਿਸੇ ਤਰ੍ਹਾਂ ਵੀ ਲਾਭਦਾਇਕ ਨਹੀਂ ਅਤੇ ਨਾ ਜ਼ਰੂਰੀ ਹੀ ਹੈ।"

ਅਮਰੀਕਾ ਦੇ ਜ਼ਰਾਇਤੀ ਮਹਿਕਮੇ ਦੇ ਪ੍ਰਸਿਧ ਚਿਟਨਡੈਨ ਪੀ. ਐਚ. ਡੀ ਐਸ ਸੀ. ਐਲ. ਡੀ. ਲਿਖਦੇ ਹਨ—

ਅਮਰੀਕਾ ਵਿਚ ਸਿਪਾਹੀ ਦੀ ਖੁਰਾਕ ਵਿਚ ਪਹਿਲਾਂ ੨੨ ਔਂਸ ਮਾਸ ਦਿਤਾ ਜਾਂਦਾ ਸੀ ਤਜਰਬੇ ਵਜੋਂ ੨੨ ਔਂਸ ਤੋਂ ਘਟਾ ਕੇ ਕੇਵਲ ੧ ਔਂਸ ਰਹਿਣ ਦਿਤਾ ਗਿਆ ਅਤੇ ੬ ਮਹੀਨੇ ਦੇ ਤਜਰਬੇ ਵਿਚ ਹੀ ਸਪਸ਼ਟ ਹੋ ਗਿਆ ਕਿ ਨਿਰਾਮਿਸ਼ ਭੋਜਨ ਜਾਂ ਨਾਮ ਮਾਤਰ ਮਾਸ ਵਾਲੇ ਭੋਜਨ ਨਾਲ ਉਹਨਾਂ ਵਿਚ ਕੰਮ ਕਰਨ ਦੀ ਯੋਗਤਾ ਤੇ ਉਤਸ਼ਾਹ ਅਗੇ ਨਾਲੋਂ ਵਧ ਸੀ। ਉਹਨਾਂ ਵਿਚ ਫੁਰਤੀ ਵੀ ਪਹਿਲਾਂ ਨਾਲੋਂ ਵਧੇਰੇ ਸੀ। ਸਿਹਤ ਵੀ ਅਗੇ ਨਾਲੋਂ ਚੰਗੀ ਅਤੇ ਉਹ ਅਗੇ ਨਾਲੋਂ ੫੦% ਵਧ ਤਕੜੇ ਸਨ।

(ਨੇਚਰ ਐਂਡ ਹਿਊਮੈਨ ਡਾਇਟ-ਪੰਨਾ ੩੧)

ਆਮ ਤੌਰ ਤੇ ਵੇਖਣ ਵਿਚ ਆਉਂਦਾ ਹੈ ਕਿ ਮਾਸ ਖਾਣ ਵਾਲਿਆਂ ਦੇ ਦੰਦ ਸਦਾ ਰੋਗੀ ਰਹਿੰਦੇ ਹਨ ਅਤੇ ਉਹਨਾਂ ਨੂੰ ਜਲਦੀ ਹੀ ਬਣਾਉਟੀ ਦੰਦਾਂ ਦੀ ਲੋੜ ਪੈ ਜਾਂਦੀ ਹੈ। ਉਹਨਾਂ ਦੀ ਨਜ਼ਰ ਵੀ ਕਮਜ਼ੋਰ ਹੀ ਰਹਿੰਦੀ ਅਤੇ ਉਹਨਾਂ ਦਾ ਹਾਜ਼ਮਾ ਵੀ ਵਿਗੜਿਆ ਰਹਿੰਦਾ ਹੈ।

ਸਿਖ ਧਰਮ ਚੂੰਕਿ ਇਕ ਕੁਦਰਤੀ ਅਤੇ ਵਿਗਿਆਨਕ ਧਰਮ ਹੈ ਇਸ ਲਈ ਕੋਈ ਗੈਰ ਕੁਦਰਤੀ ਅਤੇ ਵਿਗਿਆਨ-ਵਿਰੋਧੀ ਗਲ ਗੁਰਮਤਿ ਦੇ ਅਨੁਕੂਲ ਹੋ ਹੀ ਨਹੀਂ ਸਕਦੀ। ਮਾਸ ਖਾਣਾ ਚੂੰਕਿ ਮਨੁਖ ਲਈ ਗੈਰ ਕੁਦਰਤੀ ਅਤੇ ਅਵਿਗਿਆਨਕ ਹੈ ਇਸ ਲਈ ਗੁਰਮਤਿ ਵਿਚ ਸਖਤ ਵਰਜਤ ਹੈ। ਪਵਿਤ੍ਰ ਗੁਰਬਾਣੀ ਵਿਚ ਮਾਸ ਖਾਣ ਨੂੰ ਕੁਦਇਆ, ਅਧਰਮ, ਪਾਪ, ਮਲੇਛ ਖਾਣਾ, ਹਤਿਆ, ਬੇਸ਼ਰਮੀ, ਸਰਬਤ ਧਰਮਾਂ ਕਰਮਾਂ ਅਤੇ ਤੀਰਥਾਂ ਤੇ ਤੀਰਥਾਂ ਦੇ ਫਲ ਦਾ ਨਾਸ਼ਕ ਦਸਿਆ ਹੈ, ਅਤੇ ਮਾਸ ਖਾਣ ਵਾਲਿਆਂ ਨੂੰ ਕਸਾਈ, ਜ਼ਾਲਮ, ਪਾਪੀ, ਮਲੇਛ, ਬੇਸ਼ਰਮ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ।

ਇਸੇ ਤਰ੍ਹਾਂ ਗੁਰਮਤਿ ਵਿਚ ਸ਼ਰਾਬ ਪੀਣ ਦੀ ਵੀ ਸਖਤ ਮਨਾਹੀ ਹੈ। ਸ਼ਰਾਬ ਪੀਣਾ ਵੈਸੇ ਤਾਂ ਸਭ ਧਰਮਾਂ ਵਿਚ ਹੀ ਮਨ੍ਹਾਂ ਹੈ ਪਰ ਗੁਰਮਤਿ ਵਿਚ ਖਾਸ ਤੌਰ ਤੇ ਸਖਤੀ ਨਾਲ ਵਰਜਤ ਕੀਤਾ ਹੈ। ਇਸ ਘ੍ਰਿਣਤ ਵਸਤੂ ਬਾਰੇ ਗੁਰਬਾਣੀ ਵਿਚ —

ਬਾਬਾ ਹੋਰ ਖਾਣਾ ਖੁਸੀ ਖੁਆਰ
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥

ਤੋਂ ਛੁਟ ਖਾਸ ਤੌਰ ਤੇ ਸਖਤੀ ਨਾਲ ਪਾਬੰਦੀ ਲਾਈ ਗਈ ਹੈ।

ਜਿਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਵਿਕਾਰ
(ਵਾਰ ਬਿਹਾਗੜਾ ਮ: ੪-੫੫੩)

ਜਿਤੁ ਪੀਤੈ ਮਤਿ ਦੂਰਿ ਹੋਇ ਬਰਲ ਪਵੈ ਵਿਚ ਆਇ
ਝੂਠਾ ਮਦੁ ਮੂਲਿ ਨ ਪੀਚਈ ਜੇਕਾ ਪਾਰ ਵਸਾਇ
(ਵਾਰ ਬਿਹਾਗੜਾ ਮ: ੩-੫੫੪)

ਸ਼ਰਾਬ ਪੀਣ ਬਾਰੇ ਪਵਿਤ੍ਰ ਗੁਰਬਾਣੀ ਵਿਚ ਇਤਨਾ ਕੁਝ ਦੇਣਾ ਹੀ ਕਾਫੀ ਨਹੀਂ ਸਮਝਿਆ ਗਿਆ ਸਗੋਂ ਸ਼ਰਾਬ ਦੇ ਪੀਣ ਵਾਲਿਆਂ ਨੂੰ ਜੋ ਆਖਿਆ ਗਿਆ ਹੈ ਜਾਂ ਜਿਹਨਾਂ ਸ਼ਬਦਾਂ ਵਿਚ ਸ਼ਰਾਬ ਪੀਣ ਵਾਲਿਆਂ ਨੂੰ ਤਾੜਨਾ ਕੀਤੀ ਗਈ ਹੈ ਉਹਨਾਂ ਨੂੰ ਸੁਣ ਕੇ ਕੋਈ ਬੇ ਗੈਰਤ ਤੇ ਬੇ ਅਣਖ ਹੀ ਸ਼ਰਾਬ ਜੇਹੀ ਘ੍ਰਿਣਤ ਵਸਤੂ ਦਾ ਗੁਲਾਮ (ਦਿਲਦਾਦਾ) ਰਹਿ ਸਕਦਾ ਹੈ। ਬਾਣੀ ਦੇ ਉਹ ਸ਼ਬਦ ਇਹ ਹਨ—

ਦੁਰਮਤਿ, ਮਦੁ ਜੋ ਪੀਵਤੇ, ਬਿਖਲੀ ਪਤਿ ਕਮਲੀ
(ਆਸਾ ਮ: ੫-੩੯੯)

ਭਾਵ ਇਹ ਕਿ ਜਿਹੜੇ ਸ਼ਰਾਬ ਪੀਂਦੇ ਹਨ

Sri Satguru Jagjit Singh Ji Elibrary NamdhariElibrary@gmail.com

ਉਹਨਾਂ ਦੀ ਬੁਧੀ ਭ੍ਰਿਸ਼ਟੀ ਹੋਈ ਹੈ ਅਤੇ ਉਹ ਖਿਖਲੀ ਪਤਿ ਹਨ ਭਾਵ ਵੇਸਵਾ ਜਾਂ ਬਜ਼ਾਰੀ ਔਰਤ ਦੇ ਪਤੀ ਹਨ ਵੇਸਵਾ ਦੇ ਪਤੀ ਹੋਣ ਦਾ ਭਾਵ ਹੈ ਆਪਣੀ ਜਨਾਨੀ ਦੀ ਦਲਾਲੀ ਖਾਣ ਵਾਲੇ ਹਨ ਅਤੇ ਕਮਲੇ ਹਨ।

ਇਤਨੇ ਸਾਫ ਤੇ ਸਪਸ਼ਟ ਸ਼ਬਦਾਂ ਵਿਚ ਮਾਸ ਅਤੇ ਸ਼ਰਾਬ ਦੀ ਵਰਤੋਂ ਦੀ ਮਨਾਹੀ ਦੇ ਬਾਵਜੂਦ ਵੀ ਜਿਹੜੇ ਸਜਣ ਇਹਨਾਂ ਵਸਤੂਆਂ ਦੀ ਵਰਤੋਂ ਕਰਦੇ ਹਨ ਉਹ ਅਵਸ਼ ਹੀ ਆਪਣੇ ਜੀਭ ਦੇ ਸੁਆਦ ਲਈ ਹੀ ਇਹ ਕਰਦੇ ਹਨ ਅਤੇ ਇਸ ਤਰ੍ਹਾਂ ਉਹ ਗੁਰੂ ਕੇ ਭਾਣੇ ਵਿਚ ਚਲਣ ਦੀ ਬਜਾਏ ਆਪਣੇ ਭਾਣੇ ਵਿਚ ਚਲ ਰਹੇ ਹਨ। ਇਸ ਤਰ੍ਹਾਂ ਉਹ ਗੁਰੂ ਹੁਕਮ ਅਨੁਸਾਰ ਸਿਖ ਨਹੀਂ ਅਖਵਾ ਸਕਦੇ ਸਗੋਂ ਪਵਿਤ੍ਰ ਗੁਰਬਾਣੀ ਤਾਂ ਉਹਨਾਂ ਨੂੰ ਕਸਾਈ ਜ਼ਾਲਮ, ਪਾਪੀ, ਮਲੇਛ, ਬੇ—ਸ਼ਰਮ ਅਤੇ 'ਖਿਖਲੀ ਪਤਿ" ਆਖਦੀ ਹੈ। ਉਹ ਗੁਰੂ ਦੀ ਆਗਿਆ, ਪਵਿਤ੍ਰ ਗੁਰਬਾਣੀ ਦੇ ਉਦੇਸ਼ਾਂ ਦੀ ਉਲੰਘਣਾ ਕਰ ਰਹੇ ਹਨ ਅਤੇ ਗੁਰੂ ਦੇ ਹੁਕਮ ਨੂੰ ਪਿਠ ਦੇ ਰਹੇ ਹਨ। ਦੂਜੇ ਸ਼ਬਦਾਂ ਵਿਚ ਗੁਰੂ ਤੋਂ ਬੇ ਮੁਖ ਹੋ ਕੇ ਉਸ ਨੂੰ ਬੇਦਾਵਾ ਦੇ ਰਹੇ ਹਨ। ਗੁਰੂ ਉਹਨਾ ਨੂੰ ਵੀ ਸਮ੍ਰੱਤ ਬਖਸ਼ੇ।

ਰਮਜ਼-ਅਗੰਮੀ

ਰਮਜ਼ ਅਗੰਮੀ ਕੋਈ ਮਹਿਰਮ ਬੁਝੇ,
ਜਿਸ ਵਿਚ ਖਿਚ ਇਲਾਹੀ ਹੈ।
ਹਉਮੈਂ ਪਰੇ ਅਗੰਮ ਦਾ ਡੇਰਾ,
ਖਿਚ ਨੂਰੀ ਦਰਸ ਸੁਦਾਈ ਹੈ।
ਦਿਲ ਦੀ ਖੋਜ ਕਰੇ ਦਿਨ ਰਾਤੀਂ,
ਨੈਣੀ ਆਤਮ ਜੋਤ ਸਮਾਈ ਹੈ।
ਬਿਨ ਨੈਣਾਂ, ਦਰਸ ਇਲਾਹੀ ਵੇਖੇ,
ਬਿਨ ਕੰਨ੍ਹਾਂ ਨਾਦ ਸੁਣਾਈ ਹੈ।
ਬਿਨ ਬਦਲਾਂ ਦੇ ਵਰਖਾ ਹੋਵੇ,
ਵਿਚ ਪੱਤਝੜ ਗੰਧ ਮਹਿਕਾਈ ਹੈ।
ਅੰਮ੍ਰਿਤ ਰਸ ਭਰੇ ਉਹਦੀ ਨੈਣੀ,
ਵਿਚ ਅੰਮ੍ਰਿਤ ਤ੍ਰਿਪਤ ਅਘਾਈ ਹੈ।
ਨਿਰਮਲ ਸੁਰਤ ਖਿੜੇ ਵਿਸਮਾਦੀ,
ਧੁਨ ਆਤਮ ਰਮਜ਼ ਰਹਸਾਈ ਹੈ।
ਗਿਆਨ-ਜੋਤ ਜਾਂ ਹਿਰਦਾ ਛੋਹੇ,
ਆਪੂ ਮਹਿਰਮ ਮਰਮ ਜਨਾਈ ਹੈ।

ਤੇਰੀ ਭੇਟ

ਨ ਕੰਠ ਕੋਇਲ, ਨ ਸੁਰ ਰਸੀਲਾ,
ਨ ਤਰਲ ਰਸਨਾ, ਕਿਵ ਗੀਤ ਗਾਵਾਂ।
ਪਰ ਚਾਹ ਹਿਰਦੇ ਤੇਰੇ ਗੀਤ ਗਾਵਣ,
ਨ ਰਿਦਾ ਹਟਦਾ, ਏਨੂੰ ਕਿਂਝ ਹਟਾਵਾਂ।
ਕਸੱਕ ਬ੍ਰਿਹੋਂ, ਮੇਰੇ ਰਸੱਕ ਗੀਤਾਂ,
ਬਿਨ ਗੀਤ ਗਾਏ, ਤੈਨੂੰ ਕਿਵ ਰਝਾਵਾਂ।
ਪਿਆਰ ਹਿਰਦੇ, ਤੇਰੀ ਯਾਦ ਭਰਕੇ,
ਕਰ ਨੈਣ ਨੀਵੇਂ, ਤੇਰੀ ਭੇਟ ਲਿਆਵਾਂ।
ਤੁਸੀਂ ਮੇਹਰ ਤੁਠੋ, ਸੁਣ ਗੀਤ ਤੋਤਲ,
ਤਕ ਬਿਰਦ ਤੇਰਾ, ਬਲਿਹਾਰ ਜਾਵਾਂ।

ਸ: ਬਲਵੰਤ ਸਿੰਘ "ਨੂਰ"
ਪੰਜਾਬੀ ਸਾਹਿਤ ਅਕਾਡਮੀ
ਲੁਧਿਆਣਾ

Sri Satguru Jagjit Singh Ji Elibrary NamdhariElibrary@gmail.com

ਗੁਰਬਾਣੀ

ਗਿਆਨੀ ਮਿਹਰ ਸਿੰਘ ਜੀ
ਕਾਨ੍ਹਪੁਰ ।

ਗੁਰਬਾਣੀ ਦੀ ਮਹਾਨਤਾ ਸਮੁੱਚੇ ਸਿੱਖ ਪੰਥ ਵਿਚ ਸਰਬ ਮਾਨਯ ਹੈ "ਇਸ ਦੀ ਸਰਬ ਸ੍ਰੇਸ਼ਟਤਾ ਅਤੇ ਸੱਤਯਤਾ ਦਾ ਐਲਾਨ ਤਾਂ ਤੀਜੇ ਸਤਿਗੁਰੂ ਅਮਰਦਾਸ ਜੀ ਨੇ ਹੀ ਕਰ ਦਿਤਾ ਸੀ ਤੇ ਫੁਰਮਾਇਆ ਸੀ ;—

"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ ।
ਬਾਣੀ ਤੇ ਗਾਵਹੁ ਗੁਰੂ ਕੇਰੀ
ਬਾਣੀਆਂ ਸਿਰਿ ਬਾਣੀ

ਇਸ ਦੇ ਨਾਲ ਹੀ ਹੋਰ ਕੱਚੀ ਬਾਣੀਆਂ ਬਾਰੇ ਭੀ ਸਪਸ਼ਟ ਸ਼ਬਦਾਂ ਵਿਚ ਹੁਕਮ ਕੀਤਾ ਕਿ :

"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤੇ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।

ਅਤੇ ਅਜੇਹੀ ਕਚੀ ਬਾਣੀ ਦੇ ਰਚਨ ਵਾਲਿਆਂ ਅਤੇ ਪੜ੍ਹਨ ਸੁਨਣ ਵਾਲਿਆਂ ਨੂੰ ਭੀ ਕਚਾ ਹੀ ਆਖਿਆ ਹੈ।

ਇਸ ਤਰ੍ਹਾਂ ਜਾਪਦਾ ਹੈ ਕਿ ਉਸ ਵੇਲੇ ਸਤਿਗੁਰੂ ਦੀ ਬਾਣੀ ਵਰਗੀ ਹੋਰ ਕਚੀ ਬਾਣੀ ਦੀ ਭੀ ਰਚਨਾ ਹੋਣ ਲਗ ਪਈ ਸੀ ਤਾਂ ਹੀ ਸਤਿਗੁਰਾਂ ਨੇ ਸਿਖਾਂ ਨੂੰ ਫੁਰਮਾਇਆ ਸੀ ਕਿ ਭਾਈ ਸਤਿਗੁਰੂ ਦੀ ਬਾਣੀ ਦਾ ਹੀ ਗਾਇਨ ਕਰੋ ਹੋਰ ਕਚੀ ਬਾਣੀ ਨੂੰ ਨਾ ਪੜ੍ਹੋ। ਜਿਵੇਂ ਅਜਕਲ ਹਰ ਚੰਗੀ ਚੀਜ਼ ਦੀ ਨਕਲ ਬਾਜ਼ਾਰ ਵਿਚੋਂ ਮਿਲ ਜਾਂਦੀ ਹੈ। ਮਾਮੂਲੀ ਖਾਨ ਪੀਣ ਦੀਆਂ ਚੀਜ਼ਾਂ ਤੋਂ ਲੈ ਕੇ ਨਕਲੀ ਸੋਨਾ ਚਾਂਦੀ ਤੇ ਨਕਲੀ ਹੀਰੇ ਮੋਤੀ ਤਕ ਭੀ ਨਕਲੀ ਹੀ ਮਿਲ ਸਕਦੇ ਹਨ ਤੇ ਸੁਆਰਥੀ ਲੋਕ ਉਹੋ ਨਕਲੀ ਮਾਲ ਵੇਚ ਕੇ ਹੀ ਅਪਣਾ ਰੋਜ਼ਗਾਰ ਚਲਾਉਂਦੇ ਹਨ ਇਸੇ ਤਰ੍ਹਾਂ ਸੁਆਰਥੀ ਲੋਕਾਂ ਹਥੋਂ ਪਰਮ ਪਾਵਨ ਗੁਰਬਾਣੀ ਦਾ ਰੂਪ ਬਦਲ ਜਾਣ ਦਾ ਤੌਖਲਾ ਗੁਰੂ ਜੀ ਨੇ ਮਹਿਸੂਸ ਕੀਤਾ ਜਾਪਦਾ ਹੈ।

ਪਾਵਨ ਪਵਿਤ੍ਰ ਬਾਣੀ ਨੂੰ ਅਪਣੇ ਅਸਲ ਰੂਪ ਵਿਚ, ਵਾਸਤਵਿਕ ਸਰੂਪ ਠੀਕ ਠੀਕ ਸ਼ਬਦ ਜੋੜਾਂ ਅਤੇ ਬਾਣੀ ਦੇ ਲਗ ਮਾਤ੍ਰ ਨੀਯਮ ਬਧ ਅਤੇ ਕਿਸੇ ਪਰਕਾਰ ਦੇ ਰਲੇ ਮਿਲਾਵਟ ਤੋਂ ਮੁਕਤ ਤੇ ਸੁਰਖਿਅਤ ਰਖਣ ਲਈ ਪੰਜਵੇਂ ਸਤਿਗੁਰੂ ਅਰਜਨ ਦੇਵ ਜੀ ਨੇ ਭਾ: ਗੁਰਦਾਸ ਜੀ ਨੂੰ ਨਾਲ ਲੈ ਕੇ ਸ੍ਰੀ ਰਾਮਸਰ ਦੇ ਅਸਥਾਨ ਤੇ ਦੋ ਸਾਲ ਦੀ ਘੋਰ ਤਪਸਿਆ ਕਰਕੇ ਸ੍ਰੀ ਗਰੰਥ ਸਾਹਿਬ ਦਾ ਸੰਪਾਦਨ ਕੀਤਾ ਸੀ। ਆਪ ਸੋਚੀਆਂ ਤੋਂ ਪੜ੍ਹਕੇ ਸੁਧ ਕਰ ਕੇ ਉਚਾਰਨ ਕਰਦੇ ਤੇ ਭਾ: ਗੁਰਦਾਸ ਜੀ ਉਸ ਨੂੰ ਲਿਖਦੇ ਜਾਂਦੇ ਸੀ। ਜਦ ਇਕ ਰਾਗ ਸਮਾਪਤ ਹੋ ਜਾਂਦਾ ਤਾਂ ਬਾਵਜੂਦ ਇਸ ਦੇ ਕਿ ਲਿਖਾਰੀ ਇਕ ਮਹਾਂ ਵਿਦਵਾਨ ਤੇ ਸਿਖੀ ਦਾ ਮਰਮਗਯ ਭਾ: ਗੁਰਦਾਸ ਹੀ ਸੀ ਫਿਰ ਭੀ ਗੁਰੂ ਅਰਜਨ ਦੇਵ ਜੀ ਉਸ ਨੂੰ ਪੜ੍ਹ ਕੇ ਲਗ ਮਾਤਰ ਤਕ ਸੁਧਾਈ ਕਰ ਕੇ ਅੰਤ ਉਤੇ ਸ਼ਬਦ "ਸੁਧੁ" ਲਿਖ ਦੇਂਦੇ ਸੀ ਜਿਸ ਦਾ ਭਾਵ ਸੀ ਕਿ ਹੁਣ ਇਹ ਪਰਵਾਨ ਹੈ। ਅਤੇ ਜਦੋਂ ਸਮੇਂ ਦੇ ਅਭਾਵ ਕਰ ਕੇ ਜਾਂ ਹੋਰ ਕਿਸੇ ਕਾਰਨ ਜਾਂ ਇਹ ਸਮਝਕੇ ਕਿ ਇਸ ਦੀ ਸੁਧਾਈ ਭਾ: ਗੁਰਦਾਸ ਜੀ ਆਪ ਹੀ ਕਰ ਲੈਣ ਲਿਖ ਦੇਂਦੇ ਸੀ ਕਿ "ਸੁਧ ਕੀਚੈ"। ਬਹਰਹਾਲ ਗੁਰੂ ਅਰਜਨ

Sri Satguru Jagjit Singh Ji Elibrary NamdhariElibrary@gmail.com

ਦੇਵ ਜੀ ਨੇ ਇਸ ਪਾਵਨ ਗੁਰਬਾਣੀ ਦੀ ਸ਼ੁਧਤਾ ਵਲ ਬਹੁਤ ਜ਼ਿਆਦਾ ਧਿਆਨ ਦਿਤਾ ਸੀ ਅਤੇ ਉਹ ਦੇਂਦੇ ਭੀ ਕਿਉਂ ਨਾ ? ਉਹ ਜਾਣਦੇ ਸੀ ਕਿ ਰਿਸ਼ੀ ਵਿਸਵਾ ਮਿੱਤਰ ਜਦੋਂ ਅਪਨੇ ਸਰਾਪ ਨਾਲ ਵਸ਼ਿਸ਼ਟ ਜੀ ਦੇ ਪੁੱਤਰ ਨੂੰ ਮਾਰ ਦੇਂਦਾ ਤਾਂ ਉਹ 'ਗਾਇਤ੍ਰੀ' ਦਾ ਸ਼ੁਧ ਪਾਠ ਕਰ ਕੇ ਬ੍ਰਹਮ ਹੱਤਿਆ ਤੋਂ ਮੁਕਤ ਹੋ ਜਾਂਦਾ ਸੀ ਉਸ ਨੂੰ ਬ੍ਰਹਮ ਹਤਿਆ ਦਾ ਪਾਪ ਨਹੀਂ ਸੀ ਲਗਦਾ ਤਾਂ ਹੀ ਵਸ਼ਿਸ਼ਟ ਜੀ ਨੇ ਉਸ ਮੰਤਰ ਵਿਚੋਂ ਕੋਈ ਲਗ ਮਾਤਰ ਦਾ ਵਾਧਾ ਘਾਟਾ ਕਰ ਦਿਤਾ ਸੀ ਜਿਸ ਕਰ ਕੇ ਉਸ ਵਿਚ ਹੁਣ ਉਹ ਸ਼ਕਤੀ ਹੀ ਨਹੀਂ ਰਹਿ ਗਈ ।

ਗੁਰਬਾਣੀ ਦੇ ਸ਼ੁਧ ਉਚਾਰਨ ਦੀ ਵਿਸ਼ੇਸ਼ਤਾ ਅਤੇ ਮਹਾਨਤਾ ਬਾਰੇ ਤਾਂ ਸਿਖ ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਜਦੋਂ ਇਕ ਸਿਖ ਜਪ ਸਾਹਿਬ ਦਾ ਸ਼ੁਧ ਪਾਠ ਕਰ ਕੇ ਸੁਣਾ ਰਿਹਾ ਸੀ ਤਾਂ ਗੁਰੂ ਹਰਗੋਬਿੰਦ ਸਾਹਿਬ ਜੀ ਆਪ ਅਪਨੇ ਸਿੰਘਾਸਨ ਤੋਂ ਸਿਰਕ ਰਹੇ ਸੀ ਤਾਂ ਕਿ ਪਾਠ ਪੂਰਾ ਹੋ ਜਾਣ ਤੇ ਇਸ ਗੁਰ ਸਿਖ ਨੂੰ ਗੁਰ ਗੱਦੀ ਦੇ ਦਿੱਤੀ ਜਾਵੇ ਜੋ ਗੁਰਬਾਣੀ ਦਾ ਪੂਰਨ ਰੂਪ ਵਿਚ ਸ਼ੁੱਧ ਪਾਠ ਕਰਦਾ ਹੈ । ਪਰ ਇਸੇ ਦੌਰਾਨ ਸਿਖ ਦੇ ਮਨ ਵਿਚ ਘੋੜਾ ਇਨਾਮ ਲੈਣ ਦਾ ਫੁਰਨਾ ਹੋਣ ਕਰ ਕੇ ਉਸ ਸਿਖ ਨੂੰ ਗੁਰੂ ਜੀ ਨੇ ਘੋੜਾ ਹੀ ਦੇ ਦਿਤਾ ।

ਇਸ ਦੇ ਉਲਟ ਅਸ਼ੁੱਧ ਪਾਠ ਕਰਨ ਵਾਲੇ ਸਿਖ ਦੀ ਸਾਖੀ ਭੀ ਸਿਖ ਇਤਿਹਾਸ ਵਿਚ ਆਉਂਦੀ ਹੈ ਕਿ ਇਕ ਸਿੰਘ ਨੂੰ ਜਿਸ ਨੇ ਦੱਖਣੀ ਓਅੰਕਾਰ ਦਾ ਪਾਠ ਕਰਦਿਆਂ ਕੇਵਲ ਇਕ ਲਾਂ ਦਾ ਗਲਤ ਪਾਠ ਕੀਤਾ ਸੀ ਭਾਵ "ਕਰਤੇ ਕੀ ਮਿਤ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ" ਦੀ ਥਾਂਵੇਂ ਉਸ ਨੇ "ਕੇ ਜਾਣੇ ਗੁਰ ਸੂਰਾ" ਪੜ੍ਹਿਆ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੇ ਮੂੰਹ ਤੇ ਚੁਪੇੜਾਂ ਮਰਵਾਈਆਂ ਸਨ ।

ਏਹੋ ਜੇਹੀਆਂ ਸਾਖੀਆਂ ਇਹ ਸਿੱਧ ਕਰਦੀਆਂ ਹਨ ਕਿ ਗੁਰਬਾਣੀ ਦਾ ਸ਼ੁੱਧ ਪਾਠ ਕਰਨ ਵਾਲੇ ਉਤੇ ਸਤਿਗੁਰੂ ਜੀ ਪ੍ਰਸੰਨ ਹਨ ਤੇ ਅਸ਼ੁੱਧ ਪਾਠ ਕਰਨ ਵਾਲੇ ਨਾਲ ਨਾਰਾਜ਼ ਹਨ । ਸ਼ੁਧ ਪਾਠ ਤੋਂ ਭਾਵ ਹੈ ਕਿ ਹਰ ਅੱਖਰ ਦਾ ਉਚਾਰਨ ਠੀਕ ਹੋਵੇ 'ਨ' ਤੇ 'ਣ' ਨੂੰ ਭੀ ਅਲਗ ਅਲਗ ਹੀ ਉਚਾਰਨ ਕੀਤਾ ਜਾਵੇ । ਹੋਰ ਜਿਨੀਆਂ ਲਗ ਮਾਤ੍ਰਾਂ ਹਨ ਉਹ ਸਭ ਉਚਾਰਣ ਕਰਨ ਵਾਸਤੇ ਹੀ ਲਿਖੀਆਂ ਹਨ ਉਹ ਕੋਈ ਸਜਾਵਟ ਲਾਣ ਵਾਸਤੇ ਬਿਨਾ ਮਤਲਬ ਨਹੀਂ ਲਾਈਆਂ ਗਈਆਂ "ਨਾ ਹੀ ਉਹਨਾਂ ਲਗਾਂ ਮਾਤ੍ਰਾਂ ਦਾ ਇਹ ਭਾਵ ਹੈ ਕਿ ਇਹਨਾਂ ਨਾਲ ਅੱਖਰ ਸੋਹਣੇ ਲਗਦੇ ਹਨ ਸਗੋਂ ਇਹ ਸਭ ਅਰਥ ਭਾਵ ਸਮਝਣ ਵਿਚ ਸਹਾਈ ਹੁੰਦੀਆਂ ਹਨ" ।

ਅਜ ਕਲ ਅਨੰਦ ਸਾਹਿਬ ਦਾ ਪਾਠ ਕਰਦਿਆਂ ਅਕਸਰ ਇਹ ਹੀ ਪੜ੍ਹਿਆ ਜਾਂਦਾ ਹੈ ਕਿ :

'ਅਨਦ ਸੁਣੋ ਵਡਭਾਗੀਹੋ ਸਗਲ ਮਨੋਰਥ ਪੂਰੇ' ਪਰ 'ਨ' ਉਤੇ ਬਿੰਦੀ ਨਹੀਂ ਹੈ ਜਿਸ ਕਰਕੇ ਅਸਲ ਪਾਠ 'ਆਨੰਦ' ਨਹੀਂ ਸਗੋਂ 'ਅਨਦ' ਹੈ ਜਿਸ ਦਾ ਅਰਥ ਹੈ "ਅਨਹਦ" ਭਾਵ ਉਹ ਸੁਰੀਲੇ ਵਾਜੇ ਜੋ ਗੁਰਮੁਖ ਗੁਰਸਿਖ ਅਪਣੀ ਲਿਵ ਈਸ਼ਵਰ ਨਾਲ ਜੋੜ ਕੇ ਅਜ ਕੰਨੋਂ (ਧੁਰੋਂ) ਸੁਣਦੇ ਹਨ ਤੇ ਆਨੰਦ ਵਿਭੋਰ ਹੁੰਦੇ ਹਨ । ਪਰ ਜੇ ਪਾਠ 'ਅਨੰਦ' ਕੀਤਾ ਜਾਵੇ ਤਾਂ ਕੀ ਅਨੰਦ ਕੋਈ ਸੁਣੀ ਜਾਣ ਵਾਲੀ ਵਸਤੂ ਹੈ ? ਅਨੰਦ ਤਾਂ ਮਹਿਸੂਸ ਹੀ ਕੀਤਾ ਜਾ ਸਕਦਾ ਹੈ ਇਹ ਸੁਣਿਆ ਨਹੀਂ ਜਾ ਸਕਦਾ ਫਿਰ 'ਅਨੰਦ' ਪਾਠ ਕਰਨਾ ਉੱਕਾ ਅਸ਼ੁੱਧ ਤੇ ਅਰਥ ਹੀਨ ਹੈ । ਇਸੇ ਤਰ੍ਹਾਂ ਅਨੇਕ ਪਾਠ ਹਨ ਜੋ ਆਮ ਪਰਚਲਤ ਹੋ ਗਏ ਹਨ ਜਿਨ੍ਹਾਂ ਵਿਚ ਜਾਂ ਤਾਂ ਕੋਈ ਮਾਤ੍ਰਾ ਅਪਨੇ ਕੋਲੋਂ ਵਧਾ ਦਿਤੀ ਜਾਂਦੀ ਹੈ ਤੇ ਜਾਂ ਕੋਈ ਉਚਾਰਨ ਕਰਨੋਂ ਛੱਡ ਦਿਤੀ ਜਾਂਦੀ ਹੈ । ਲੇਖ ਦੇ ਵੱਧ ਜਾਣ ਦੇ ਭੈ ਤੋਂ ਇਸ ਦਾ ਹੋਰ ਵਿਸਥਾਰ ਪੂਰਵਕ ਲਿਖ ਸਕਣਾ ਸੰਭਵ ਨਹੀਂ ਜਾਪਦਾ । ਜੇ ਕਦੀ ਏਹੋ ਜੇਹੇ ਲਾ ਪਰਵਾਹੀ ਨਾਲ ਕੀਤੇ ਪਾਠ ਗੁਰੂ ਜੀ ਨੂੰ ਸਵੀਕਾਰ ਹੁੰਦੇ ਤਾਂ ਗੁਰੂ ਅਰਜਨ ਦੇਵ ਤੇ ਨਾ ਹੀ ਗੁਰੂ ਗੋਬਿੰਦ ਸਿੰਘ

Sri Satguru Jagjit Singh Ji Elibrary NamdhariElibrary@gmail.com

ਜੀ ਗਲਤ ਪਾਠ ਕਰਨ ਵਾਲੇ ਨੂੰ ਚਪੇੜਾਂ ਮਰਵਾਂਦੇ ।

ਗੁਰਬਾਣੀ ਦੇ ਅਦਬ ਸਤਿਕਾਰ ਬਾਰੇ ਭੀ ਜਾਣਕਾਰੀ ਦਾ ਹੋਣਾ ਜ਼ਰੂਰੀ ਹੈ । ਕੋਈ ਚੀਜ਼ ਜਿਨ੍ਹੀ ਹੀ ਅਧਿਕ ਕੀਮਤੀ ਹੁੰਦੀ ਹੈ, ਉਸ ਦੀ ਸੇਵਾ ਸੰਭਾਲ ਤੇ ਅਦਬ ਸਤਿਕਾਰ ਭੀ ਉਸੇ ਤਰ੍ਹਾਂ ਜ਼ਿਆਦਾ ਹੁੰਦਾ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜਦੋਂ ਗੁਰਬਾਣੀ ਦੀਆਂ ਸੈਂਚੀਆਂ ਸ੍ਰੀ ਗੋਇੰਦਵਾਲ ਤੋਂ ਲਿਆਏ ਸੀ ਤਾਂ ਬਾਬਾ ਬੁਢਾ ਜੀ ਤੇ ਭਾ: ਗੁਰਦਾਸ ਜੀ ਜੀ ਨੇ ਸੈਂਚੀਆਂ ਵਾਲੀ ਪਾਲਕੀ ਅਪਨੇ ਮੋਢਿਆਂ ਤੇ ਚੁਕੀ ਅਤੇ ਸ੍ਰੀ ਗੁਰੂ ਜੀ ਨੰਗੀ ਪੈਰੀਂ ਪਿਛੇ ਚੌਰ ਕਰਦੇ ਹੋਏ ੩੦ ਮੀਲ ਦਾ ਸਫ਼ਰ ਕਰਕੇ ਅੰਮ੍ਰਿਤਸਰ ਪੁਜੇ ਸੀ । ਜਦ ਸ੍ਰੀ ਗਰੰਥ ਸਾਹਿਬ ਦੀ ਬੀੜ ਤਿਆਰ ਹੋ ਗਈ ਤਾਂ ਉਸ ਦਾ ਪਰਕਾਸ਼ ਪੀੜੇ ਉਤੇ ਕੀਤਾ ਆਪ ਆਪਣਾ ਆਸਨ ਜ਼ਮੀਨ ਤੇ ਲਗਾ ਕੇ ਬਿਰਾਜਦੇ ਰਹੇ ਗੁਰਬਾਣੀ ਸਾਹਮਣੇ ਸਿਰ ਝੁਕਾਉਣਾ ਜਾਂ ਮੱਥਾ ਟੇਕਨਾ ਭੀ ਸ ਤਕਾਰ ਹੈ ਪਰ ਸਭ ਤੋਂ ਉਤਮ ਸਤਿਕਾਰ ਹੈ ਉਸ ਦਾ ਹੁਕਮ ਮੰਨਣਾ ਅਤੇ ਉਸੇ ਅਨੁਸਾਰ ਆਪਣੇ ਜੀਵਨ ਨੂੰ ਢਾਲਨਾ । ਬਿਨਾ ਇਸ਼ਨਾਨ ਕੀਤੇ ਸ੍ਰੀ ਗਰੰਥ ਸਾਹਿਬ ਦੀ ਤਾਬਿਆ ਨਹੀਂ ਬੈਠਨਾ । ਇਸ਼ਨਾਨ ਪੂਰਾ ਤਾਂ ਹੀ ਹੁੰਦਾ ਹੈ ਜੋ ਸਨਕੇਸ਼ੀ ਕੀਤਾ ਜਾਵੇ । ਤਾਬਿਆ ਬੈਠਨ ਲਗਿਆ ਜੋੜੇ ਵਾਲੇ ਚਰਨ ਜ਼ਰੂਰ ਹੀ ਧੋ ਲੈਨੇ ਚਾਹੀਦੇ ਹਨ, ਅਤੇ ਪਾਠ ਕਰ ਚੁਕਨ ਤੋਂ ਬਾਦ ਸ੍ਰੀ ਗਰੰਥ ਸਾਹਿਬ ਨੂੰ ਸੰਤੋਖ ਦੇਣਾ ਚਾਹੀਦਾ ਹੈ । ਜਦੋਂ ਪਾਠ ਨਾ ਕਰਨਾ ਹੋਵੇ ਤਾਂ ਗਰੰਥ ਸਾਹਿਬ ਦਾ ਪਰਕਾਸ਼ ਕਰੀ ਰਖਣਾ ਬੇਅਦਬੀ ਹੈ ਜਾਂ ਦੁਕਾਨਦਾਰੀ ਹੈ ਇਸ ਲਈ ਇਸ ਗਲ ਦਾ ਧਿਆਨ ਜ਼ਰੂਰ ਹੀ ਰਖਣਾ ਚਾਹੀਦਾ ਹੈ ।

ਪਾਠ ਦੀ ਮਰਯਾਦਾ :—ਸ੍ਰੀ ਗਰੰਥ ਸਾਹਿਬ ਜੀ ਦੇ ਸਾਧਾਰਨ ਪਾਠ ਬਾਰੇ ਪਾਠੀ ਲਈ ਜਰੂਰੀ ਹੈ ਕਿ ਸਨਕੇਸ਼ੀ ਇਸ਼ਨਾਨ ਕਰਕੇ ਹੀ ਪਾਠ ਕਰੇ ਤੇ ਜੋੜੇ ਵਾਲੇ ਚਰਨ ਧੋਤੇ ਬਿਨਾ ਤਾਬਿਆ ਨਾ ਬੈਠੇ । ਪਾਠ ਕਰਕੇ ਸ੍ਰੀ ਗਰੰਥ ਸਾਹਿਬ ਸੰਤੋਖ ਕੇ ਉਚਿਤ ਅਸਥਾਨ ਤੇ ਰਖੇ ਅਤੇ ਜਦੋਂ ਫਿਰ ਪਾਠ ਕਰਨਾ ਹੋਵੇ ਪੂਰੇ ਅਦਬ ਨਾਲ ਸ੍ਰੀ ਗਰੰਥ ਸਾਹਿਬ ਦਾ ਪਰਕਾਸ਼ ਕਰ ਲਵੇ । ਪਾਠ ਆਰੰਭ ਕਰਨ ਵੇਲੇ ਅਤੇ ਪਾਠ ਕਰ ਚੁਕਨ ਉਪ੍ਰੰਤ ਅਰਦਾਸ ਜ਼ਰੂਰ ਕਰੇ ।

ਅਖੰਡ ਪਾਠ :—ਅਖੰਡ ਪਾਠ ਦਾ ਭਾਵ ਹੈ ਕਿ ਪੂਰੇ ਸ੍ਰੀ ਗਰੰਥ ਸਾਹਿਬ ਦਾ ਪਾਠ ਆਰੰਭ ਤੋਂ ਅੰਤ ਤਕ ਨਿਰੰਤਰ ਬਿਨਾ ਰੁਕੇ ਕੀਤਾ ਜਾਵੇ ਅਤੇ ਇਸ ਦੌਰਾਨ ਗੁਰਬਾਣੀ ਤੋਂ ਬਿਨਾ ਹੋਰ ਕੁਝ ਭੀ ਨਾ ਉਚਾਰਿਆ ਜਾਵੇ ਇਸ ਲਈ ਜਦੋਂ ਅਰਦਾਸ ਕੀਤੀ ਜਾਂਦੀ ਹੈ ਤਾਂ ਜਿਸ ਵੇਲੇ ਅਰਦਾਸੀਆ ਸਿੰਘ ਇਹ ਕਹਿੰਦਾ ਹੈ ਕਿ "ਸਤਿਗੁਰੂ ਜੀ ਆਪ ਜੀ ਦੀ ਓਟ ਲੈ ਕੇ ਆਪ ਜੀ ਦੇ ਆਸਰੇ ਆਪ ਦੀ ਪਵਿਤ੍ਰ ਗੁਰਬਾਣੀ ਦਾ ਅਖੰਡ ਪਾਠ ਆਰੰਭ ਕਰਨ ਲਗੇ ਹਾਂ" ਤਾਂ ਉਸੇ ਵੇਲੇ ਤਾਬਿਆ ਬੈਠਾ ਹੋਇਆ ਸਿੰਘ "੧ਓ ਸਤਿਨਾਮ ਕਰਤਾ ਪੁਰਖੁ......" ਨਾਲ ਪਾਠ ਆਰੰਭ ਕਰ ਦੇਵੇ । ਇਸੇ ਤਰਾਂ ਜਦੋਂ ਭੋਗ ਪਾਇਆ ਜਾਂਦਾ ਹੈ ਤਾਂ ਅੰਤ ਤੇ "ਆਠਾਰਾ ਦਸ ਬੀਸ" ਦਾ ਪਾਠ ਹੋਣ ਸਾਰ ਹੀ ਅਰਦਾਸੀਆ ਸਿੰਘ ਅਰਦਾਸ ਅਰੰਭ ਕਰ ਦੇਂਦਾ ਹੈ ਤੇ ਅਕਾਲ ਪੁਰਖੁ ਸਤਿਗੁਰੂ ਜੀ ਦਾ ਧੰਨਵਾਦ ਕਰਦਾ ਹੈ ਕਿ ਆਪ ਜੀ ਦੀ ਕਿਰਪਾ ਸਦਕਾ ਪਾਠ ਨਿਰਵਿਘਨ ਸਮਾਪਤ ਹੋਇਆ, ਜੋ ਤਰੁਟੀਆਂ ਰਹਿ ਗਈਆਂ ਹੋਣ ਉਹ ਕਿਰਪਾ ਕਰ ਕੇ ਖਿਮਾ ਕਰਨੀਆਂ ਜੀ ।" ਪਰ ਜੇ ਕਰ ਅਰਦਾਸ ਕਰਨ ਵੇਲੇ ਜਦੋਂ ਸਿੰਘ ਇਹ ਕਹਿੰਦਾ ਹੈ ਕਿ ਪਾਠ ਆਰੰਭ ਕਰਨ ਲਗੇ ਹਾਂ ਅਤੇ ਪਾਠ ਆਰੰਭ ਨਾ ਕੀਤਾ ਜਾਵੇ ਤਾਂ ਫਿਰ ਅਖੰਡ ਪਾਠ ਪਹਿਲਾਂ ਹੀ ਖੰਡਿਤ ਹੋ ਜਾਂਦਾ ਹੈ ਇਸੇ ਤਰਾਂ ਪਾਠ ਪੂਰਨ ਹੁੰਦੇ ਸਾਰ ਹੀ ਅਰਦਾਸ ਕਰਨੀ ਜ਼ਰੂਰੀ ਹੈ ਤਾਂ ਕਿ ਇਸ ਅਖੰਡ ਪਾਠ ਦੀ ਸੰਪੂਰਨਤਾ ਅਕਾਲ ਪੁਰਖ ਸਤਿਗੁਰੂ ਜੀ ਨੂੰ ਸਮਰਪਣ ਉਪ੍ਰੰਤ ਹੀ ਹੋਰ ਕੋਈ ਪ੍ਰੋਗ੍ਰਾਮ ਚਾਲੂ ਹੋ ਸਕੇ ।

ਅਖੰਡ ਪਾਠ ਵਿਚ ਭਾਗ ਲੈਣ ਵਾਲੇ ਪਾਠੀ ਧੂਪੀਏ ਲਾਂਗਰੀ ਤੇ ਪਹਿਰੂ ਸਭ ਸੁਚ ਸੋਧ ਦੇ ਧਾਰਨੀ

Sri Satguru Jagjit Singh Ji Elibrary NamdhariElibrary@gmail.com

ਹੋਣੇ ਚਾਹੀਏ ਹਨ ਇਸ ਲਈ ਪਾਠ ਆਰੰਭ ਕਰਨ ਤੋਂ ਪਹਿਲਾਂ ਅੰਮ੍ਰਿਤ ਤਿਆਰ ਕਰ ਕੇ ਸਭ ਨੂੰ ਅੰਮ੍ਰਿਤ ਛੱਕਾ ਦਿਤਾ ਜਾਂਦਾ ਹੈ ।

ਅੰਮ੍ਰਿਤ ਛਕ ਲੈਣ ਉਪ੍ਰੰਤ ਮਰਯਾਦਾ ਅਨੁਸਾਰ ਕੜ੍ਹਾਹ ਪ੍ਰਸਾਦ ਦੀ ਦੇਗ ਤਿਆਰ ਕੀਤੀ ਜਾਂਦੀ ਹੈ । ਸ੍ਰੀ ਗਰੰਥ ਸਾਹਿਬ ਦਾ ਪਰਕਾਸ਼ ਸਾਫ਼ ਸੁਥਰੇ ਪਵਿਤਰ ਅਸਥਾਨ ਤੇ ਵਿਧੀ ਪੂਰਵਕ ਕੀਤਾ ਜਾਂਦਾ ਹੈ । ਇਕ ਕੋਰਾ ਘੜ੍ਹਾ ਸੁਚੇ ਜਲ ਨਾਲ ਭਰ ਕੇ ਕੁੰਭ ਰਖਿਆ ਜਾਂਦਾ ਹੈ ਇਸ ਉਪਰ ਵਿਧੀ ਪੂਰਵਕ ਇਕ ਨਾਰਯਲ ਰਖਦੇ ਹਨ । ਸ੍ਰੀ ਗਰੰਥ ਸਾਹਿਬ ਦੇ ਖੱਬੇ ਪਾਸੇ ਧੂਪੀਏ ਸਿੰਘ ਦੇ ਬੈਠਣ ਵਾਸਤੇ ਸਵਛ ਅਸਥਾਨ ਹੁੰਦਾ ਹੈ । ਇਹ ਧੂਪੀਆ ਸਿੰਘ ਪੋਥੀ ਤੋਂ 'ਜਪ' ਸਾਹਿਬ ਦਾ ਪਾਠ ਕਰਦਾ ਰਹਿੰਦਾ ਹੈ ਤੇ ਨਾਲ ,ਦੇ ਨਾਲ ਮੱਘਦੇ ਕੋਇਲਿਆਂ ਤੇ ਸੁਗੰਧਤ ਧੂਪਸਾਮਿਗਰੀ ਪਾਂਦਾ ਹੈ ਜਿਸ ਨਾਲ ਵਾਤਾ ਵਰਨ ਸੁਗੰਧਤ ਤੇ ਸੁਹਾਵਨਾ ਬਣਿਆ ਰਹਿੰਦਾ ਹੈ ਸੁਧ ਘਿਉ ਦੀ ਜੋਤ ਜਗਾਈ ਜਾਂਦੀ ਹੈ ਜੋ ਅਖੰਡ ਪਾਠ ਦੀ ਸਮਾਪਤੀ ਤਕ ਨਿਰੰਤਰ ਜਗਦੀ ਹੈ । ਅਖੰਡ ਪਾਠ ਵਾਲੇ ਕਮਰੇ ਵਿਚ ਮਿਟੀ ਦੇ ਤੇਲ ਦੀ ਲੈਂਪ ਜਾਂ ਦੀਵਾ ਨਹੀਂ ਬਾਲਿਆ ਜਾਂਦਾ ਸਗੋਂ ਲੋੜ ਪੈਨ ਤੇ ਸੁਧ ਘਿਓ ਦਾ ਦੀਵਾ ਹੀ ਜਲਾਇਆ ਜਾਂਦਾ ਹੈ । ਪਾਠੀ ਅਤੇ ਧੂਪੀਆ ਅਪਨੀ ਰੋਲ ਤੇ ਹਾਜ਼ਰ ਹੋਣ ਤੋਂ ਪਹਿਲਾਂ ਹਰ ਵਾਰ ਸਨਕੇਸ਼ੀ ਇਸ਼ਨਾਨ ਕਰ ਕੇ ਸ਼ੁਧ ਬਸਤਰਾਂ ਵਿਚ ਹੀ ਆ ਕੇ ਪਾਠ ਕਰਦਾ ਹੈ । ਚਲਦੇ ਪਾਠ ਦੇ ਦੋਰਾਨ ਪਾਠੀ ਅਲਪ ਅਹਾਰ ਹੀ ਕਰਦੇ ਹਨ ਤਾਂ ਕਿ ਨੀਂਦ ਆਲਸ ਤੇ ਗੰਦੀ ਹਵਾ ਸਰਨ ਤੋਂ ਬਚਾ ਰਹੇ । ਇਸ ਦੋਰਾਨ ਪਾਠੀਆਂ ਨੂੰ ਪਲੰਘ ਜਾਂ ਮੰਜੇ ਦੀ ਬਜਾਏ ਧਰਤੀ ਤੇ ਹੀ ਬਿਰਾਜਨਾ ਚਾਹੀਦਾ ਹੈ ਅਤੇ ਪਾਠ ਜਾਂ ਨਾਮ ਸਿਮਰਨ ਤੋਂ ਬਗੈਰ ਫਾਲਤੂ ਗਲਾਂ ਬਾਤਾ ਵਿਚ ਰੁਝਣਾ ਨਹੀਂ ਚਾਹੀਦਾ । ਅਖੰਡ ਪਾਠ ਵਿਚ ਭਾਗ ਲੈਣ ਵਾਲੇ ਆਮ ਤੌਰ ਤੇ ਪੰਜ ਪਾਠੀ ਪੰਜ ਧੂਪੀਏ ਦੋ ਲਾਂਗਰੀ ਤੇ ਦੋ ਪਹਿਰੂ ਚੌਂਦਾ ਸਰੀਰ ਹੁੰਦੇ ਹਨ ਜੋ ਸਾਰੇ ਹੀ ਪੂਰੀ ਸੋਧ ਮਰਯਾਦਾ ਦੇ ਧਾਰਨੀ ਹੁੰਦੇ ਹਨ ।

ਕੜ੍ਹਾਹ ਪ੍ਰਸ਼ਾਦਿ ਆਖੰਡ ਪਾਠ ਸ਼ੁਰੂ ਕਰਨ ਤੋਂ ਪਹਿਲਾਂ ਤਿਆਰ ਕਰਕੇ ਰਖਿਆ ਜਾਣਾ ਚਾਹੀਦਾ ਹੈ । ਅਤੇ ਫਿਰ ਭੋਗ ਤੇ ਅਰਦਾਸ ਤੋਂ ਪਹਿਲਾਂ ਕੜਾਹ ਪ੍ਰਸ਼ਾਦ ਰਖਿਆ ਜਾਣਾ ਜ਼ਰੂਰੀ ਹੈ । ਕੜਾਹ ਪ੍ਰਸ਼ਾਦ ਦੀ ਦੇਗ ਉਦੋਂ ਹੀ ਤਿਆਰ ਕਰਨੀ ਹੈ ਜਦੋਂ ਸ੍ਰੀ ਆਦਿ ਗਰੰਥ ਸਾਹਿਬ ਜੀ ਦੇ ਸਾਧਾਰਨ ਪਾਠ ਦਾ ਜਾਂ ਆਖੰਡ ਪਾਠ ਦਾ ਭੋਗ ਪਾਉਣਾ ਹੋਵੇ ।

Sri Satguru Jagjit Singh Ji Elibrary NamdhariElibrary@gmail.com

गुरु राम सिंह और क्रांतिकारी आन्दोलन

श्री हरविन्दर सिंह हंसपाल
एम. पी. (राज्य सभा)



श्री हरविंदर सिंह हंसपाल

नामधारी सिक्खों के विश्वास अनुसार गुरु गोविन्द सिंह जी कि नांदेड़ में परम ज्योति में नहीं समाये तथा जीवित ही घोड़े पर सवार होकर वहां से अलोप हो गये और गुरु गोविन्द सिंह जी ने गुरु बालक सिंह जी को दर्शन देकर गुरु गद्दी दी। प्रसिद्ध सिक्ख इतिहासकार ज्ञानी ज्ञान सिंह जी अपनी पुस्तक "पंथ प्रकाश" में लिखते हैं :—

"ऐसे गुरु दशम दर्श दे जु कह्यो ताहि।
मेरे अवतार अंश राम सिंह हवे भरे॥"

गुरु राम सिंह जी ने गुरु बालक सिंह जी के दर्शन हजरो में किये तथा आप से नाम दीक्षा प्राप्त की। साथ ही गुरु बालक सिंह जी ने गुरु राम सिंह जी को गुरु गद्दी देकर धर्म प्रचार की भी आज्ञा दे दी। 14, 15 वर्ष तपस्या युक्त जीवन व्यतीत करने के पश्चात् गुरु राम सिंह जी ने निष्काम देश सेवा को अपने जीवन का लक्ष्य बनाया तथा जनता में जागृति लाने के महान कार्य को आरम्भ कर दिया।

13 अप्रैल सन् 1857 वैसाखी के पुण्य त्यौहार वाले दिन पुनः गुरु राम सिंह जी ने खण्डे का अमृत तैयार किया तथा उस समाज की नींव रखी जिसे "नामधारी पंथ" संत खालसा या कूका पंथ के नामों से सम्बोधित किया जाता है। यह सिक्ख ईश्वर का नाम जपने तथा ईश्वर के नाम का आधार रखने के कारण नामधारी नाम से प्रचलित हुए · सात्विक गुणों की बाहुल्यता के कारण "संत खालसा" तथा भजन बंदगी की मस्ती में आकर अक्सर सिक्ख कुक मारते थे इसलिए "कूके या कूका" के नाम से प्रसिद्ध हो गये।

मद, मांस, तम्बाकू, चोरी, यारी और झूठ व ब्याज का परित्याग गुरु राम सिंह जी के सिक्खों के जीवन का सदाचारक अंग है। उस समय सामाजिक सुधार को विशेष महत्व देते हुए गुरू जी ने पुत्री वध व पुत्री विक्री जैसी कुरीतियों जो उस समय बहुत प्रचलित थी, पूर्णतयः बंद की। विधवा विवाह की

Sri Satguru Jagjit Singh Ji Elibrary NamdhariElibrary@gmail.com

स्वतंत्रता दी सामूहिक विवाह की रीति सर्वप्रथम 6 आदियां 3 जून 1863 को गांव खोटे जिला फिरोजपुर में करके शुरू की। ये सामुहिक विवाह रीत नामधारी सिक्खों में आज तक प्रचलित हैं। इस रीति के अनुसार दहेज लेना या देना दोनों पर प्रतिबन्ध है। तथा हिन्दू क्या सिख दहेज प्रथा के कारण कन्याओं का जन्म लेते ही वध कर डालते थे। गुरु राम सिंह जी ने इस घोर अत्याचार के विरुद्ध बहुत जोर से आवाज उठाई फल स्वरूप आप के अनुयायों में से ये बुराई जड़ से निकल गई।

हर नामधारी सिक्ख को प्रात: काल उठ कर सकशस्नान करके ईश्वर आराधना व गुरुवाणी का पाठ करने का विशेष आदेश हुआ। सादी पोशाक तथा सीधी पगड़ी धारण करना, अतिथि सत्कार, गोरक्षा, यज्ञ-होम करना तथा अहिंसा व्रत का पालन करना, धार्मिक शिष्टाचार जीवन का एक अंग था। नाम व बाणी के अभ्यास के कारण सिक्खों की अन्तरात्मा में ऐसा प्रकाश उत्पन्न हुआ कि, जन साधारण भी गुरु राम सिंह जी के शिष्य बनने शुरू हो गए। तथा उस समय सहस्त्रों की संख्या में अमृत पान कर के केश धार कर सिक्ख बने।

गुरु राम सिंह जी ने सेवा, परोपकार, स्वच्छ रहने सत्य कहने तथा निर्मल जीवन की उच्च शिक्षाएं दी। गुरु जी का एक दृढ़ निश्चय था कि, कोई भी देश अथवा राष्ट्र राजनीतिक रूप से पराधीन रहकर, आत्मिक, सामाजिक तथा आर्थिक उन्नति नहीं कर सकता। राष्ट्रीय उन्नति के लिये सर्व प्रथम यह आवश्यक है कि समाज का प्रत्येक व्यक्ति अपनी जीविका कमाने के साधनों में किसी अन्य के आधीन न हो। हर व्यक्ति के पास शारीरिक बल, बुद्धि, साहस अरोग्यता, आदि सब गुण होते हुए जीविका के साधन भी हो, श्रम करने की आदत हो,। गुरु जी का आदेश था हर मनुष्य अपने हाथों से श्रम करके निर्वाह करें। कोइ बेकार न रहे। न ही कोई धोखे से धन एकत्रित करके इतना उच्च बनने का यत्न करे कि साथ रहने वाले सहस्त्रों निर्धनों को टूटी झोपड़ियों के पास उसी का एक महल हो। ऐसा यत्न किया करो कि निर्धन मनुष्य दरिद्रता के दलदल से निकल कर ऊपर उठ सके। धन, विद्या, जप, तप, भजन, बंदगी आदि से प्राप्त थोथी प्रशंसा को तोड़ने के लिये गुरू जी ने यह रीति चलाई कि परस्पर मिलते समय एक सिक्ख दूसरे सिक्ख के चरणों को अवश्य स्पर्श करे। आपके विचार अनुसार सामाजिक समानता का युग लाने के लिये यह आवश्यक है कि बड़ों को निम्न स्तर पर लाया जाये तथा साधारण को उठाकर उच्च स्थान पर खड़ा किया जाये।

अपनी प्रिय मातृभूमि भारत को विदेशी अंग्रेज शासकों से मुक्त कराने के लिये गुरु राम सिंह जी ने अंग्रेजी शासकों का पूरी तरह असहयोग करने के लिए यह क्रांतिकारी आन्दोलन प्रारम्भ किया और कहा कि अंग्रेज शासकों की ओर से चलाए गए कानूनों के बन्धन अपने गले में न डालो पारस्परिक झगड़ों को अंग्रेजी शासकों के स्थापित की हुई अदालतों में न ले जाओ। ऐसे झगड़े गांवों की पंचायतों में ही निपटाओ। अंग्रेजी शासक की ओर से स्थापित किए हुए स्कूलों में बच्चों को न पढ़ाओ। अंग्रेजी सरकार की नौकरी न करो।

विदेश का बना हुआ कपड़ा तथा अन्य वस्तुओं का प्रयोग न करो। अंग्रेजी शासन की चलाई हुइ संस्थाओं रेल, डाक, आदि का प्रयोग न करो।

Sri Satguru Jagjit Singh Ji Elibrary NamdhariElibrary@gmail.com

इस समस्त आदेशों का मूल भाव यह था कि विदेशी शासन से हर प्रकार का असहयोग किया जाये। गुरु राम सिंह जी का यह असहयोग आन्दोलन इतनी तेजी से जोर पकड़ गया कि अंग्रेजी शासकों को अपने भारत पर अपने राज्य की जड़ें छिलती नजर आने लगीं तथा नामधारी सिक्खों पर हर प्रकार की सखतियां करनी शुरू कर दी। उस समय लुधियाना के डिप्टी कमिश्नर मि. फोसाइथ ने अपनी रिपोर्ट में लिखा,—

"गुरु राम सिंह के कई चेलों के सम्बन्ध में यह रिपोर्ट है कि वे राज्य विद्रोह की बातें करते हैं जनता में यह प्रभाव भी बैठा हुआ है कि गुरु राम सिंह अपने आने वाले समय में ऐसा राज्य बनाना चाहते थे जो अंग्रेजों को देश से बाहर निकालेगा।"

गुरु राम सिंह के सम्मेलन चाहे कितने ही शान्तिमय हों परन्तु निश्चय ही उनकी बातों से लोगों के हृदय में उथल-पुथल मच जाती है।' ऐसी अनेकों रिपोर्टों के पश्चात् गुरु राम सिंह जी को भैणी-साहिब में नजरबन्द कर दिया गया तथा नामधारी सिक्खों को सरकार की दृष्टि में हिन्दुस्तान में विदेशी अंग्रेजी शासन के विरोधी तथा दुश्मन समझे जाने लगे।

गुरु राम सिंह जी के इस क्रान्तिकारी प्रोग्राम से अंग्रेज सरकार इतनी भयभीत हो गई कि अमृतसर लुधियाना, रायकोट में अनेकों नामधारी सिक्खों को शहीद किया तथा 17-18 जनवरी 1872 को 66 नामधारियों को बगैर अदालती मुकदमें चलाये ही मालेरे कोटला में तोपों के सामने खड़ा करके उड़ा दिया। सिक्खों ने हंस-हंस करके देशहित अपना बलिदान दिया। तथा गुरु राम सिंह जी को 18 जनवरी 1872 को देश निस्काशित करके विदेश भेज दिया। सन् 1935 में डाक्टर राजेन्द्र प्रसाद जी ने कहा "गुरु राम सिंह जी स्वतंत्रता को भी धर्म का आवश्यक अंग समझते थे। नामधारियों का संगठन बहुत शक्तिशाली हो गया था। हमारे देश में महात्मा गांधी जी ने जो असहयोग आन्दोलन चलाया उस को गुरु राम सिंह जी ने प्राय: पचास वर्ष पूर्व ही देश में प्रचारित कर दिया था। सन् 1914 में पं. जवाहर लाल नेहरू जी ने एक सन्देश में कहा :—"सत गुरु राम सिंह जी ने अपनी मातृभूमि को स्वतंत्रता दिलवाने के लिये आज से पौनी सदी पहले जो महान गौरवशाली परिश्रम किया, उसकी महत्ता से कोई भी हिन्दुस्तानी इन्कार नहीं कर सकता। कांग्रेस ने आपके दिखाए हुए रास्ते को स्वीकार करके ही सफलताएं प्राप्त की हैं। लगभग 74 वर्ष का समय बीतने पर भी वह कार्यक्रम पुराना नहीं हुआ।

इस प्रकार नेताओं का कथन था। गुरु राम सिंह के स्थापित किए हुए आजादी के झंडे को नामधारी उठाकर सारे देश के आगे चलते हुए दिखाई देते रहेंगे और दूसरे देश वासियों को भी बलिदान देने के लिए उत्साहित करते रहेंगे।

प्रसिद्ध स्वतंत्रता सेनानी पं. सुन्दरलाल जी अक्सर कहा करते थे कि गुरु राम सिंह जी तो मेरे दादा गुरु थे। यह पूछने पर कैसे? वह कहते थे गांधी जी मेरे गुरु हैं और गांधी जी के गुरु गुरु राम सिंह जी थे। तो वह हुए न मेरे दादा गुरु :

सरकारी घोषणा के अनुसार गुरु राम सिंह जी का अंत मरगोई बर्मा जेल में 1885 में हो गया था। लेकिन पुराने रिकार्ड मे मिले : 23 अगस्त 1886 के एक सरकारी पत्र के अनुसार उन्हें मरगोई

Sri Satguru Jagjit Singh Ji Elibrary NamdhariElibrary@gmail.com

जेल में किसी गुप्त स्थान पर भेज दिया गया था।

गुरु राम सिंह जी के जलावतन होने के उपरान्त सतगुरु हरि सिंह जी तथा सतगुरु प्रताप सिंह जी ने अत्यन्त कठिनाइयों के बावजूद भी स्वतंत्रता संग्राम में सारे नामधारी जगत को जुटाए रखा। सदगुरु प्रतापसिंह जी का कांग्रेस के साथ विशेष योगदान रहा और स्वतंत्रता प्राप्त होने के पश्चात् भी देश निर्माण में पं. जवाहर लाल जी लगातार आप से परामर्श करते रहे।

वर्तमान सतगुरु जगजीत सिंह जी भी भैणी साहिब में ही निवास करते हैं तथा गुरु राम सिंह जी के चलाये हुए धार्मिक सामाजिक तथा राजनैतिक कार्यक्रम को देश देशान्तरों तक पहुंचा रहे हैं।

नामधारी सिक्खों ने जैसे देश की स्वतंत्रता के लिये अत्यन्त कुर्बानियां दी और हर प्रकार का त्याग किया वैसे ही वह अब भी समस्त भारत की प्रगति के इच्छुक हैं, और देश की अखण्डता को बनाये रखने के लिए दृढ़ संकल्प हैं।

वह देश की अखण्डता के लिए हर प्रकार की कुर्बानी देने में कभी संकोच नहीं करेंगे। जो आदर्श नामधारी नेताओं ने है उन पर चलकर ही भारत वर्ष की अखण्डता को बनाए रखा जा सकता है। यही इस समय की सबसे बड़ी आवश्यकता है।

Sri Satguru Jagjit Singh Ji Elibrary NamdhariElibrary@gmail.com

ਸਿੱਖ ਪ੍ਰੰਪਰਾ ਤੇ ਅਸੀਂ

ਅਜੀਤ ਸਿੰਘ 'ਚੀਮਾ'
ਬਸੋਵਾਲ (ਸੁਲਤਾਨਪੁਰ ਲੋਧੀ)
ਜ਼ਿਲਾ ਕਪੂਰਥਲਾ

ਸਿੱਖ ਪ੍ਰੰਪਰਾ ਦਾ ਵਰਨਣ ਕਰਨ ਤੋਂ ਪਹਿਲਾਂ ਸਿੱਖੀ ਦਾ ਮਤਲਬ ਸਮਝਨਾ ਅਤੀ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਲਿਖਦੇ ਹਨ—"ਸਿੱਖੀ ਸਿਖਿਆ ਗੁਰ ਵੀਚਾਰ," ਗੁਰੂ ਦੀ ਸਿੱਖੀ ਕੀ ਹੈ? ਗੁਰੂ ਦੀ ਸਿਖਿਆ ਤੇ ਵਿਚਾਰ ਕਰਨੀ। ਜੇ ਸਿਖਿਆ ਲੈ ਕੇ ਮੰਨ ਤੇ ਨਹੀਂ ਵਸਾਣੀ ਤਾਂ ਉਹ ਇਸ ਤਰ੍ਹਾਂ ਹੈ ਜਿਵੇਂ ਕਿਸੇ ਕੋਲੋਂ ਲਖ ਰੁਪਿਆ ਲੈ ਕੇ ਘਰ ਰੱਖ ਲੈਣਾ ਪਰ ਉਸ ਦੀ ਵਰਤੋਂ ਨ ਕਰਨੀ ਤੇ ਭੁਖਿਆ ਮਰਨਾ। ਸਿੱਖੀ ਦਾ ਦੂਜਾ ਨਾਮ ਭਾਣੇ ਵਿਚ ਚਲਨਾ ਹੈ। ਗੁਰੂ ਅਮਰ ਦਾਸ ਜੀ ਦਾ ਹੁਕਮ ਹੈ—

"ਸੋ ਸਿਖ ਸਖਾ ਬੰਧੋਪ ਹੈ,
ਭਾਈ ਜੋ ਗੁਰ ਕੇ ਭਾਣੇ ਵਿਚਿ ਆਵੈ"

ਮੇਰੀ ਬੁੱਧ ਅਨੁਸਾਰ ਸਿੱਖੀ ਦੇ ਤਿੰਨ ਦਰਜੇ ਹਨ। (1) ਗੁਰੂ ਤੋਂ ਨਾਮ ਲੈਣਾ (2) ਸ਼ਬਦ ਦੀ ਕਮਾਈ ਕਰਨੀ (3) ਸ਼ਬਦ ਵਿਚ ਲੀਨ ਹੋ ਕੇ ਪਰਮ ਪਦਵੀ ਪ੍ਰਾਪਤੀ ਕਰਨੀ। ਇਸ ਨੂੰ ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ।

(1) ਸ਼ਰੀਅਤ 2) ਤਰੀਕਤ (3) ਹਕੀਕਤ। ਭਾਈ ਗੁਰਦਾਸ ਜੀ ਪਹਿਲੀ ਪਉੜੀ ਤੇ ਚਲਨ ਦਾ ਢੰਗ ਦਸਦੇ ਹਨ—

"ਗੁਰ ਦੀਖਿਆ ਲੈ ਸਿੱਖ ਸਦਾਇਆ"

ਗੁਰ ਦੀਖਿਆ ਲੈ ਕੇ ਸਿੱਖੀ ਵਿਚ ਪ੍ਰਵੇਸ਼ ਹੁੰਦਾ ਹੈ। ਸਿੱਖ ਬਣ ਕੇ ਸਿੱਖੀ ਅਸੂਲਾਂ ਨੂੰ ਜਾਨਣਾ ਅਤੀ ਜ਼ਰੂਰੀ ਹੈ। ਜੇ ਕੋਈ ਸਿੱਖ ਬਣ ਕੇ ਸਿਖੀ ਮਿਸ਼ਨ ਦੇ ਅਸੂਲਾਂ ਦੀ ਉਲੰਘਣਾ ਕਰਦਾ ਹੈ ਤਾਂ ਉਹ ਗੁਰੂ ਦੀ ਖੁਸ਼ੀ ਲੈਣ ਦੀ ਬਜਾਏ ਗੁਰੂ ਦੀ ਕਰੋਪੀ ਸਹੇੜ ਕੇ ਮੰਜ਼ਲੇ ਮਕਸੂਦ ਤੋਂ ਲੱਖਾਂ ਕੋਹ ਦੂਰ ਚਲਾ ਜਾਂਦਾ ਹੈ। ਸਿੱਖੀ ਪ੍ਰੰਪਰਾ ਕੀ ਹੈ? ਗੁਰੂ ਰਾਮ ਦਾਸ ਜੀ ਲਿਖਦੇ ਹਨ—

"ਗੁਰ ਸਤਿਗੁਰ ਕਾ ਜੋ ਸਿਖ ਅਖਾਏ,
ਸੋ ਭਲਕੇ ਉਠ ਹਰਿ ਨਾਮ ਧਿਆਵੈ।
ਉਦਮ ਕਰਕੇ ਭਲਕੇ ਪ੍ਰਭਾਤੀ ਇਸ਼ਨਾਨ,
ਕਰੇ ਅੰਮ੍ਰਿਤਸਰ ਨਾਵੈ।
ਉਪਦੇਸ਼ ਗੁਰੂ ਹਰਿ ਹਰਿ ਜਪਿ ਜਾਪੈ,
ਸਭ ਕਿਲਵਿਖ ਪਾਪ ਦੋਖ ਲਹਿ ਜਾਵੈ,
ਫਿਰ ਚੜੈ ਦਿਵਸ ਗੁਰਬਾਣੀ ਗਾਵੈ,
ਬਹਿਦਿਆਂ ਉਠਦਿਆਂ ਹਰਨਿਮ ਧਿਆਵੈ,
ਜੋ ਸਾਸ ਗ੍ਰਾਮ ਧਿਆਏ ਮੇਰਾ,
ਹਰਿ ਹਰਿ ਸੋ ਗੁਰਸਿਖ ਗੁਰੂ ਮਨ ਭਾਵੈ।"

ਇਸ ਸ਼ਬਦ ਵਿਚ ਦਸੇ ਲਛਨਾਂ ਦੇ ਧਾਰਨੀ ਕਰਨ ਵਾਲਾ ਸਿੱਖ ਗੁਰੂ ਦੇ ਮੰਨ ਨੂੰ ਚੰਗਾ ਲਗਦਾ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਵਿਚ ਇਨਕਲਾਬ ਲਿਆਂਦਾ। ਸਿੱਖੀ ਦੇ ਨਿਯਮ ਬਣਾ ਕੇ ਸੰਤ ਸਿਪਾਹੀ ਦਾ ਰੂਪ ਦਿਤਾ। ਤੇ ਹੁਕਮ ਕੀਤਾ ਕੇ ਸਿੱਖ ਲਈ ਅੰਦਰ ਸਿੱਖ ਬਣਨਾਂ ਜ਼ਰੂਰੀ ਹੈ ਪਰ ਇਸ ਲਈ ਬਾਹਰਲੇ ਚਿੰਨ ਧਾਰਨ ਕਰਕੇ ਦੂਜੇ ਲੋਕਾਂ ਨਾਲੋਂ ਅਨੋਖਾ ਪਨ ਜ਼ਾਹਰ ਕਰਨਾ ਵੀ ਉਨ੍ਹਾਂ ਹੀ ਜ਼ਰੂਰੀ ਹੈ। ਜੇ ਕਿਸੇ ਕੌਮ ਦੀ ਨਿਸਚਿਤ ਕਰਦੀ ਨਹੀਂ, ਕੋਈ

Sri Satguru Jagjit Singh Ji Elibrary NamdhariElibrary@gmail.com

ਉਸ ਦਾ ਅਸੂਲ ਨਹੀਂ, ਕੋਈ ਮਰਿਯਾਦਾ ਨਹੀਂ ਤਾਂ ਉਹ ਕੌਮ ਮਾਰਸ਼ਲ ਕੌਮ ਨਹੀਂ ਬਣ ਸਕਦੀ। ਸਿੱਖ ਲਈ ਇਹ ਜ਼ਰੂਰੀ ਨਿਯਮ ਬਣਾਇਆ —

ਨਸਾਨੇ ਸਿੱਖੀ ਕਿ ਈ ਪੰਜ ਹਰਫ ਕਾਫ

ਈ ਪੰਜ ਹਰ ਸਿਬ ਨ ਬਾਸ਼ਦ ਮੁਆਫ

ਕੜਾ ਕਾਰਦੋ ਕਛ ਕੰਘਾ ਬੰਦਾ, ਬਿਲਾ ਕੇਸ ਹੇਚ ਅਸਤ ਜੁਮਲਾ ਨਸ਼ਾਂ ਪੰਜਾਂ ਨਿਸ਼ਾਨੀਆਂ ਦਾ ਧਾਰਨੀ ਹੋਣਾ ਲਾਜ਼ਮੀ ਕਰਾਰ ਦਿਤਾ—

(1) ਕੜਾ, ਕੱਛ, ਕੇਸ਼, ਕੰਘਾ ਤੇ ਕ੍ਰਿਪਾਨ

ਸਾਹਿਬਾਂ ਕਿਹਾ—

"ਦੇ ਕੇ ਕੇਸ ਦਸਮੇਸ਼ ਨੇ ਕਿਹਾ ਸਿੱਖੋ,
ਜਾਓ ਬਖਸ਼ੀਆਂ ਅਜ ਸਰਦਾਰੀਆਂ ਨੇ,
ਕੰਘਾ ਫੇਰ ਦੇ ਸਦਾ ਖਿਆਲ ਰਖਣਾ,
ਕਈ ਸਿਰਾਂ ਤੇ ਫਿਰਨੀਆਂ ਆਰੀਆਂ ਨੇ,
ਉਠੇ ਹੱਥ ਨ ਕਿਸੇ ਮਜ਼ਲੂਮ ਉਤੇ,
ਕੜਾ ਨਹੀਂ ਕੜੀਆਂ ਗਈਆਂ ਮਾਰੀਆਂ ਨੇ,
ਕੱਛ ਜਤ ਤੇ ਸਤ ਦਾ ਦਾਨ ਦੇ ਕੇ,
ਦੇ ਦਿਤੀਆਂ ਬਰਕਤਾਂ ਸਾਰੀਆਂ ਨੇ।

ਅੰਮ੍ਰਿਤ ਦੀ ਦਾਤ ਦੇ ਕੇ ਹੁਕਮ ਕੀਤਾ ਕੇ ਕੇਸ ਇਸ ਲਈ ਦਿਤੇ ਹਨ ਕੇ ਲੋਕਾਂ ਤੋਂ ਵਖਰੇ ਦਿਸੋ ਕੱਛ ਦਾ ਮਤਲਬ ਜਤ ਸਤ ਰਖਣਾ "ਨਿੱਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢਈਓ ਪਰ ਨਾਰੀ ਕੇ ਸੇਜ ਭੂਲ ਸੁਪਨੇ ਹੂੰ ਨ ਜਈਓ। ਕੰਘਾ ਕੇਸਾਂ ਦੀ ਸਫਾਈ ਲਈ ਦਿਤਾ। ਕੜਾ ਇਸ ਲਈ ਦਿਤਾ ਕੇ ਕਿਸੇ ਮਜ਼ਲੂਮ ਤੇ ਹੱਥ ਨ ਉਠਾਇਆ ਜਾਵੇ। ਕ੍ਰਿਪਾਨ ਸਵੈ ਰਖਿਆ ਤੇ ਗਰੀਬ ਦੀ ਰਖਿਆ ਦੀ ਸੂਚਕ ਹੈ। ਸਿੱਖੀ ਦੇ ਪੰਜ ਕਕਾਰ ਦੇ ਕੇ ਕੁਝ ਸਿੱਖੀ ਦੇ ਅਸੂਲ ਬਣਾਏ ਚੋਪਈ :—

ਠੰਡੇ ਪਾਣੀ ਜੋ ਨਹੀਂ ਨਾਵੈ,
ਬਿਨ ਜਪੁ ਪੜੇ ਪ੍ਰਸਾਦਿ ਜੋ ਪਾਵੈ,
ਬਿਨ ਰਹਿਰਾਸ ਸਮਾ ਜੋ ਖੋਵੈ,
ਕੀਰਤਨ ਪੜੇ ਬਿਨ ਰੈਨ ਜੋ ਸੋਵੈ,
ਚੁਗਲੀ ਕਰ ਜੋ ਰਾਜ ਬਿਗਾਰੇ,
ਧ੍ਰਿਗ ਤਿਸ ਜਨਮ ਜੋ ਧਰਮ ਬਿਸਾਰੇ,
ਕਰੇ ਬਚਨ ਜੋ ਪਾਲੇ ਨਾਹੀ,
ਰਹੇ ਗੋਬਿੰਦ ਸਿੰਘ ਤਿਸ ਠੋਰ ਕਤ ਨਾਹੀ
ਲੇ ਤੁਰਕਨ ਤੇ ਮਾਸ ਜੋ ਖਾਵੈ,
ਗੁਰ ਬਚਨ ਸ਼ਬਦ ਜੋ ਸਾਵੈ,
ਤਿਰੀਆ ਰਾਗ ਸੁਨੇ ਚਿੱਤ ਲਾਇ,
ਸੁਨੋ ਲਾਲ ਸੁ ਜਮਪੁਰ ਜਾਇ।

(ਰਹਿਤਨਾਮਾ ਨੰਦ ਲਾਲ)

ਇਹ ਰਹਿਤ ਨਾਮਾ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦੀ ਤਰਜਮਾਨੀ ਕਰਦਾ ਹੈ। ਕੁਝ ਸਮਾਂ ਸਿਖ ਪੰਥ ਨੇ ਇਨਾਂ ਅਸੂਲਾਂ ਤੇ ਦ੍ਰਿੜਤਾ ਨਾਲ ਚਲ ਕੇ ਸੰਸਾਰ ਵਿਚ ਮਿਸਾਲ ਪੈਦਾ ਕੀਤੀ। (1) ਆਚਰਨ ਦੀ ਸ਼ੁਧੀ (2) ਖੁਰਾਕ ਦੀ ਸ਼ੁਧੀ (3) ਵਿਹਾਰ ਵਿਚ ਸਫਾਈ (4) ਗਰੀਬ ਗਊ ਤੇ ਗਰੀਬ ਦੀ ਰਖਿਆ (5) ਬਚਨ ਪੂਰਾ ਕਰਨਾ ਆਦਿ। ਪੰਥ ਪ੍ਰਕਾਸ਼ ਵਿਚ ਆਦਰਸ਼ਕ ਸਿੱਖ ਦੀ ਉਦਾਹਰਣ ਇਕ ਕਬਿੱਤ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ।

ਪਰ ਧੀਆ ਮਾਤ ਧੀਆ ਭਰਾਨੀ ਲਖਈਆ ਕਰੈ,
ਥੀਆ ਬਿਤ ਹੋਰ ਕੀਆ ਹੀਆ ਨ ਚਰਾਨੇ ਕੇ।
ਤਾਰਤੇ ਪ੍ਰਣ ਸਰਣਾਗਤੇ ਸਦੀਵ ਦਿਢ,
ਹਰਨ ਅਰਿਜ ਖਿਗ ਮਰਨ ਪਵਾਨੇ ਕੇ।
ਨਾਮ ਕੈ ਜਪਸੀਆ ਦੇਗ ਤੇਗ ਕੇ ਚਲੀਯਾ,
ਹਰ ਗਿਆਨ ਦਾਨ ਦਯਾ ਸਿੰਘ ਛਾਨੇ ਨ ਪਰਾਨੇ ਕੇ।

(ਗਿਆਨੀ ਗਿਆਨ ਸਿੰਘ)

ਸਿੱਖ ਪ੍ਰੰਪਰਾਵਾਂ ਨੂੰ ਘੋਖਿਆ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਪੁਰਾਤਨ ਸਿੱਖੀ ਤੇ ਅੱਜ ਦੀ ਸਿੱਖੀ ਵਿਚ ਕੀ ਅੰਤਰ ਹੈ। ਸਿੱਖੀ ਦੀ ਦੁਰਦਸ਼ਾ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਛੇਤੀ ਹੀ ਵਿਗਾੜ ਗਈ ਸੀ ਸਰਕਾਰੀ ਪਿੱਠੂ ਟੋਡੀ ਤੇ ਅਯਾਸ਼ ਲੋਕਾਂ ਨੇ ਸਿੱਖੀ ਨੂੰ ਤਲਾਂਜਲੀ ਦੇ ਦਿਤੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕੇ ਚੰਗੇ ਚੰਗੇ ਸਿੱਖ ਘਰਾਣਿਆ ਦੀ

Sri Satguru Jagjit Singh Ji Elibrary NamdhariElibrary@gmail.com

ਹੇਠ ਲਿਖੀ ਦੁਰਦਸ਼ਾ ਹੋ ਗਈ।

ਔਰੇ ਰੀਤ ਔਰੇ ਮੀਤ ਔਰੇ ਪ੍ਰਤੀਤ ਪ੍ਰੀਤ,
ਖਾਨ ਪਹਿਰਾਨ ਗਯਾਨ ਮਾਨ ਔਰੇ ਜਨ ਕੇ।
ਤਾਰੇ ਦਸਤਾਰੇ ਸਾਫ ਭਾਰੇ ਹੈਂ ਸੰਭਾਰੇ ਅਛੇ
ਕਛ ਤਜ ਗਏ ਧੋਤੀ ਸੁਥੂ ਤੰਗ ਤਨ ਕੇ।
ਧਾਰੇ ਹੈ ਸਰਾਰੇ ਤੰਬੇ ਤਹਿਮਤ ਅਧਿਕ ਲੰਬੇ,
ਜਿਨੇ ਦੇਖ ਸਿਖੀ ਗਊ ਤੰਬੇ ਤੁਰਕ ਗਨ ਕੇ।
ਸਿੱਖੀ ਦਸਮੇਸ਼ ਕੀ ਸੁਗੀ ਅਪਰਦੇਸ ਕੀ,
ਅਸਿਖੀ ਪਰੀ ਪੇਸਗੀ ਫਨਾਰ ਬਨ ਠਨ ਕੇ।

ਸਿੱਖੀ ਦੀ ਗੁਲਜ਼ਾਰ ਤੇ ਇਸ ਦੀ ਮਾਰੂ ਖਜ਼ਾ ਆਈ ਕਿ ਕੁਝ ਸ਼ਰਧਾਲੂ ਸਿੱਖ ਹੀ ਆਪਣੀ ਪ੍ਰੰਪਰਾ ਕਾਇਮ ਰਖ ਸਕੇ ਤੇ ਸਿੱਖੀ ਨੂੰ ਨਸ਼ਟ ਹੁੰਦੀ ਵੇਖ ਕੇ ਭਾਰੀ ਖੇਦ ਮਹਿਸੂਸ ਕਰਦੇ ਰਹੇ ਪਰ ਸਤਿਗੁਰੂ ਰਾਮ ਸਿੰਘ ਜੀ ਤੋਂ ਬਿਨਾ ਕਿਸੇ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਪੁਨਰ ਜੀਵਨ ਦੇਣ ਦਾ ਚਾਰਾ ਨਹੀਂ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਏ ਸਿੰਘ ਨੂੰ ਸੱਚ ਖੰਡ ਨਦੇੜ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਮੇ ਮੰਗਵਾ ਕੇ ਫੇਰ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਸਿੱਖਾਂ ਨੂੰ ਛਕਾਇਆ ਤੇ ਸਿੱਖੀ ਦੇ ਅਸੂਲ ਸਰਜੀਤ ਕੀਤੇ। ਬਾਣੀ ਪੜਨੀ ਨਾਮ ਜਪਨਾ ਸਾਦਾ ਪਹਿਰਾਵਾ, ਅੰਮ੍ਰਿਤ ਵੇਲੇ ਦਾ ਇਸ਼ਨਾਨ। ਸ਼ੁਧ ਸ਼ਾਕਾ ਹਾਰੀ ਭੋਜਨ ਅਖਲਾਕੀ ਬਲੁੰਦੀ, ਗਊ ਗਰੀਬ ਦੀ ਰਖਿਆ ਤੇ ਸਰਬੱਤ ਦੇ ਭਲੇ ਦਾ ਸਬਕ ਸਿਖਾਇਆ। ਪਛਮੀ ਗੋਰਾ ਸਰਕਾਰ, ਭਾਰਤ ਤਾਂ ਛੱਡ ਗਈ ਪਰ ਸਾਡੀਆਂ ਪ੍ਰੰਪਰਾਵਾਂ ਨੂੰ ਵੀ ਤਾਰ ਪੀੜ ਕਰ ਗਈ। ਭਾਵੇਂ ਗੁਰੂ ਜਗਜੀਤ ਸਿੰਘ ਜੀ ਇਸ ਅਗਿਆਨਤਾ ਦੀ ਘੁੱਪ ਹਨੇਰੀ ਰਾਤ ਵਿਚ ਚਾਨਣ ਮਨਾਰੇ ਦਾ ਕੰਮ ਕਰ ਰਹੇ ਹਨ ਪਰ ਆਮ ਹਾਲਤ ਸੰਸਾਰ ਦੀ ਅਤਿ ਮਲੀਨਤਾ ਵਾਲੀ ਹੁੰਦੀ ਜਾ ਰਹੀ ਹੈ। ਅਜ ਕਲ ਦੀ ਪੁੰਗਰਦੀ ਪਨੀਰੀ ਸਿੱਖ ਮਰਿਆਦਾ ਨੂੰ ਵਹਿਮ ਦਾ ਨਾਂ ਦੇ ਕੇ ਤਿਆਗ ਪੱਤਰ ਦੇ ਰਹੀ ਹੈ। ਸਿੱਖ ਇਤਿਹਾਸ ਵਿਚ ਸਾਖੀ ਦਰਜ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਘੋੜਾ ਤਮਾਕੂ ਦੇ ਖੇਤ ਚੋਂ ਨਹੀਂ ਸੀ ਲੰਘਿਆ। ਪਰ ਅਜ ਕਲ ਆਮ ਸਿੱਖਾਂ ਦੇ ਮੁੰਡੇ ਸਿਗਰਟਾਂ ਪੀਂਦੇ ਤੇ ਮੂੰਹ ਵਿਚ ਬੀੜਾ ਰਖ ਕੇ ਸਿੱਖੀ ਨੂੰ ਕਲੰਕਤ ਕਰ ਰਹੇ ਹਨ। ਮਾਇਆ ਦੇ ਲਾਲਚ ਵਿਚ ਜੇੜ੍ਹੇ ਨੌਜਵਾਨ ਬਾਹਰਲੇ ਦੇਸ਼ਾਂ ਵਿਚ ਜਾਂਦੇ ਹਨ ਉਹ ਕੇਸ ਤੇ ਦਾੜ੍ਹੀਆਂ ਚਟੰਮ ਕਰਾ ਕੇ ਫੇਰ ਦਿਲੀਓਂ ਜਹਾਜ਼ ਵਿਚ ਚੜ੍ਹਦੇ ਹਨ। ਪਿਛੇ ਜਿਹੇ ਇਕ ਨੌਜਵਾਨਾਂ ਸਿੱਖਾਂ ਦਾ ਲੜਕਾ ਅਰਬ ਦੇਸ਼ ਚੋਂ ਆਇਆ। ਉਹ ਮੈਨੂੰ ਕਹਿਣ ਲਗਾ ਕਿ ਬੀਫ ਯਾਨੀ ਗਊ ਦਾ ਮਾਸ ਖਾਣ ਨੂੰ ਬੜਾ ਸੁਆਦੀ ਹੁੰਦਾ ਹੈ। ਉਸ ਦੀ ਗਲ ਸੁਣ ਕੇ ਮੇਰਾ ਸਿਰ ਸ਼ਰਮ ਨਾਲ ਝੁਕ ਗਿਆ ਤੇ ਉਸ ਨੂੰ ਕਿਹਾ ਕਿ ਗਊ ਦੀ ਰਖਿਆ ਲਈ ਸਾਡੇ ਬਜ਼ੁਰਗਾਂ ਤੋਪਾਂ ਅਗੇ ਉਡੇ ਕਾਲੇ ਪਾਣੀਆਂ ਵਿਚ ਜ਼ਿੰਦਗੀਆਂ ਗੁਆ ਦਿਤੀਆਂ ਪਰ ਤੈਨੂੰ ਬੀਫ ਨੂੰ ਸੁਆਦੀ ਕਹਿਣ ਵਿਚ ਸ਼ਰਮ ਨਹੀਂ ਆਉਂਦੀ। ਏਥੇ ਹੀ ਬੱਸ ਨਹੀਂ ਸਾਡੇ ਦੇਸ਼ ਦੇ ਸੰਤ ਮਹੰਤ ਵੀ ਬਾਹਰਲੇ ਦੇਸ਼ਾਂ ਵਿਚ ਜਾ ਕੇ ਸਿੱਖੀ ਤੋਂ ਪਤਿਤ ਹੋਏ ਲੋਕਾਂ ਕੋਲੋਂ ਲੱਖਾਂ ਰੁਪੈ ਚੰਦੇ ਤੇ ਪੂਜਾ ਦੇ ਰੂਪ ਵਿਚ ਲਿਆ ਰਹੇ ਹਨ। ਅਮਰੀਕਨ ਲੋਕ ਤਾਂ ਸਿੱਖੀ ਅਪਨਾ ਰਹੇ ਹਨ ਪਰ ਅਸੀਂ ਸਿੱਖੀ ਤੋਂ ਨਫਰਤ ਕਰਦੇ ਹਾਂ। ਜਦੋਂ ਕਦੀ ਕਿਸੇ ਧਾਰਮਿਕ ਸਮਾਗਮ ਵਿਚ ਜਾਣ ਦਾ ਮੌਕਾ ਮਿਲਦਾ ਹੈ ਤਾਂ ਮੈਂ ਵੇਖਦਾ ਹਾਂ ਕਿ 50% ਤੋਂ ਉਤੇ ਨੌਜਵਾਨਾਂ ਦੀਆਂ ਦਾੜ੍ਹੀਆਂ ਕਤਲ ਹੋਈਆਂ ਹੋਈਆਂ ਹੁੰਦੀਆਂ ਹਨ। ਜੇ ਕਿਸੇ ਨੂੰ ਕਹੋ ਕਿ ਦਾੜ੍ਹੀ ਰਖੋ ਤਾਂ ਉਹ ਉਤਰ ਦੇਂਦੇ ਹਨ, ਦਾੜ੍ਹੀ ਨਾਲ ਕਿਹੜੇ ਬੇਰ ਲਗਣੇ ਹਨ। ਗੁਰੂ ਗੋਬਿੰਦ ਸਿੰਘ ਸਾਡੇ ਤਿੰਨ ਫੁੱਟ ਕ੍ਰਿਪਾਨ ਦਿਤੀ ਸੀ ਤੇ ਤੁਸੀਂ 6 ਇੰਚ ਕ੍ਰਿਪਾਨ ਨਿਸ਼ਾਨੀ ਵਜੋਂ ਰਖਦੇ ਹੋ ਤਾਂ ਅਸੀਂ ਥੋੜੀ ਜਿਨੀ ਦਾੜ੍ਹੀ ਰੱਖ ਕੇ ਸਿੱਖੀ ਦੀ ਨਸ਼ਾਨੀ ਰਖੀ ਹੋਈ ਹੈ। ਇਸ ਤਰ੍ਹਾਂ ਦੀਆਂ ਬੇ-ਤੁਕੀਆਂ ਗੱਲ੍ਹਾਂ ਕਰਕੇ ਆਪਣੀ ਕਮਜ਼ੋਰੀ ਨੂੰ ਚੰਚਲਤਾਈ ਦੀ ਦਲੀਲ ਨਾਲ ਆਪਣਾ ਪੱਖ ਸਿੱਧ ਕਰਨ ਦਾ ਯਤਨ ਕਰਦੇ ਹਨ। ਕੀ ਕੋਈ

Sri Satguru Jagjit Singh Ji Elibrary NamdhariElibrary@gmail.com

ਬੁਲਾਰਾ ਜਾਂ ਗਰੰਥੀ ਸ਼ਰਾਬ ਨਾਲ ਰੱਜੀ ਹੋਈ ਬਰਾਤ ਅਗੇ ਢੁਕਾ ਸਮੇਂ ਅਰਦਾਸ ਤੋਂ ਜਵਾਬ ਦੇ ਸਕਦਾ ਹੈ ? ਅਫਸੋਸ ਇਸ ਗਲ ਦਾ ਹੈ ਕਿ ਰਾਗੀ ਢਾਡੀ ਵਿਆਹ ਸਮੇਂ ਆਪ ਮਾਸ ਦੀਆਂ ਬੋਟੀਆਂ ਚੂਡਦੇ ਅਤੇ ਸ਼ਰਾਬਾਂ ਪੀਂਦੇ ਹਨ। ਸਾਡੇ ਆਚਰਨ ਦਾ ਏਥੋਂ ਤੀਕ ਦੁਆਲਾ ਨਿਕਲਿਆ ਹੈ ਕਿ ਅਸੀਂ ਰੋਜ਼ ਅਖਬਾਰਾਂ ਵਿਚ ਪੜਦੇ ਹਾਂ ਫਲਾਂ ਭਾਈ ਗੁਰਦੁਵਾਰੇ ਸੇਵਾ ਕਰਦਾ ਕਿਸੇ ਦੀ ਕੁੜੀ ਕੱਢ ਕੇ ਲੈ ਗਿਆ ਹੈ। ਅਸੀਂ ਧਰਮ ਅਸਥਾਨਾਂ ਤੇ ਵੀ ਸਾਫ ਨਿਗਾਹ ਨਾਲ ਨਹੀਂ ਜਾਂਦੇ ਪਾਪ ਬਖਸ਼ਾਣ ਗਏ ਉਲਟਾ ਪਾਪ ਦਾ ਵਣਜ ਕਰ ਕੇ ਆ ਜਾਂਦੇ ਹਾਂ। ਕਦੀ ਸਮਾਂ ਸੀ ਜਦ ਸਾਡੇ ਆਚਰਨ ਦੀ ਸਾਡੇ ਦੁਸ਼ਮਣ ਵੀ ਉਸਤਤ ਕਰਦੇ ਸਨ। ਜਿਵੇਂ "ਜ਼ਿਨਾਹਮ ਨ ਬਾਸ਼ਦ ਮਿਆਨੇ ਸਗਾਂ ਨ ਦੁਜ਼ਦੀ ਬਵਦ ਕਾਰੇ ਆਂ ਬਦ ਰਗਾਂ।"

ਜੰਗ ਨਾਮਾ ਕਾਜ਼ੀ ਨੂਰ ਮੁਹਮਦ

ਇਸ ਲਿਖਾਰੀ ਨੇ ਭਾਵੇਂ ਸਿੱਖਾਂ ਨੂੰ ਕੁਤੇ ਕਿਹਾ ਹੈ ਪਰ ਫੇਰ ਵੀ ਕਹਿੰਦਾ ਹੈ ਕਿ ਇਨ੍ਹਾਂ ਵਿਚ ਜ਼ਨਾਹ ਕਾਰੀ ਤੇ ਚੋਰੀ ਨਹੀਂ। ਅਜ ਅਸੀਂ ਜਦ ਵੇਖਦੇ ਹਾਂ ਤਾਂ ਅਸੀਂ ਆਪਣੇ ਆਪ ਤੇ ਕੀ ਮਾਨ ਕਰ ਸਕਦੇ ਹਾਂ। ਸਾਨੂੰ ਆਪਣੇ ਗਿਰੇਬਾਨ ਵਿਚ ਝਾਤੀ ਮਾਰ ਕੇ ਆਪ ਹੀ ਵੇਖਣਾ ਪਵੇਗਾ ਕਿ ਅਸੀਂ ਕਿਧਰ ਜਾ ਰਹੇ ਹਾਂ। ਖੁਲਾਸਾਤੂ ਤੁਾਰੀਖ ਦਾ ਲਿਖਾਰੀ ਲਿਖਦਾ ਹੈ—

ਖੇਸ਼ ਬੇਗਾਨਾ ਦਰ ਨਜ਼ਰੇ ਏਸ਼ਾਂ ਯਕਸਾਂ,
ਦੋਸਤੋਂ ਦੁਸ਼ਮਣ ਦਰ ਨਜ਼ਰੇ ਏਸ਼ਾਂ ਬਰਾਬਰ,
ਬਾਦੋ ਸਤਾਂ ਯਾਕ ਰੰਗ ਵਾ ਬਾਦੁਸ਼ਮਨਾ ਬੇਜੰਗ
ਜੀਸ਼ਤ ਮੇਕੁਨੰਦ।"

ਇਸ ਦੇ ਅਰਥ ਹਨ ਸਿਖਾਂ ਦੀਆਂ ਨਜ਼ਰਾਂ ਵਿਚ ਆਪਣੇ ਤੇ ਪਰਾਏ ਇਕੋ ਜਿਹੇ ਹਨ। ਦੋਸਤਾਂ ਨਾਲ ਇਕ ਸਾਰ ਪੇਸ਼ ਆਉਂਦੇ ਹਨ ਤੇ ਦੁਸ਼ਮਣਾ ਨਾਲ ਵੀ ਬਿਨਾਂ ਜੰਗ ਦੇ ਜ਼ਿੰਦਗੀ ਬਸਰ ਕਰਦੇ ਹਨ। ਰੋਜ਼ ਅਰਦਾਸ ਵਿਚ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਪਰ ਕੀ ਅਸੀਂ ਹੁਣ ਸਭ ਦਾ ਭਲਾ ਮੰਗਦੇ ਹਾਂ। ਕੀ ਸਾਡੀਆਂ ਗੋਲੀਆਂ ਤੇ ਬੰਬ ਨਿਰਦੋਸ਼ਾਂ ਤੇ ਨਹੀਂ ਚਲ ਰਹੇ। ਦੁਸ਼ਮਣ ਤੇ ਦਰ ਕਿਨਾਰੇ ਕੀ ਅਸੀਂ ਆਪਣਿਆਂ ਨਾਲ ਕਿਵੇਂ ਪੇਸ਼ ਆ ਰਹੇ ਹਾਂ। ਗੁਰਦਵਾਰਿਆਂ ਵਿਚ ਸਿਗਰਟਾਂ ਦੀਆਂ ਡੱਬੀਆਂ ਸੁਟਣਾ ਮੰਦਰਾਂ ਵਿਚ ਗਊਆਂ ਦੇ ਸਿਰ ਸੁਟਣੇ ਕਿਹੜੇ ਧਰਮ ਦੀ ਧਾਰਮਿਕ ਪੁਸਤਕ ਵਿਚ ਲਿਖਿਆ ਹੈ ? ਸੂਝਵਾਨ ਤੇ ਅਮਲੀ ਜੀਵਨ ਵਾਲੇ ਗੁਰਸਿੱਖਾਂ ਨੂੰ ਅਗੇ ਆ ਕੇ ਕੌਮ ਨੂੰ ਸੇਧ ਦੇਣੀ ਪਵੇਗੀ। ਪੁੰਗਰਦੀ ਪਨੀਰੀ ਸੰਭਾਲ ਕੇ ਇਸ ਨੂੰ ਸਿਖੀ ਪ੍ਰੰਪਰਾਵਾਂ ਦਾ ਅਧਿਐਨ ਕਰਨਾ ਪਵੇਗਾ। ਨਹੀਂ ਤਾਂ ਗੁਰੂ ਨਾਨਕ ਦੇਵ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਦੀਆਂ ਪ੍ਰੰਪਰਾਵਾਂ ਧੁੰਦਲੀਆਂ ਹੋਣ ਦਾ ਛੇਤੀ ਖਤਰਾ ਸਾਹਮਣੇ ਆ ਰਿਹਾ ਹੈ।

●

ਰੁਬਾਈ

ਦਿਲ ਕਹਿੰਦਾ ਮੈਂ ਗੁੱਡੀ ਬਣ ਕੇ, ਵਿਚ ਅਸਮਾਨੀ ਉਡਾਂ।
ਦਿਲ ਕਹਿੰਦਾ ਮੈਂ ਪਰ ਹਾਂ ਲਾਕੇ, ਚੰਨ ਮਾਹੀ ਨੂੰ ਲਭਾਂ॥
ਦਿਲ ਦੀਆਂ ਸਧਰਾਂ ਬਹੁਤ ਹੀ ਕਹਿੰਦੀਆਂ, ਕੀ ਕੁਝ ਤੈਨੂੰ ਆਖਾਂ॥
'ਦਰਸ਼ਨ' ਨੂੰ ਜੇ ਮਿਲ ਜਾਏ ਪ੍ਰੀਤਮ, ਵੇਖ ਵੇਖ ਨਾ ਰਜਾਂ॥

ਦਰਸ਼ਨ ਸਿੰਘ ਲੁਧਿਆਣਾ

Sri Satguru Jagjit Singh Ji Elibrary NamdhariElibrary@gmail.com

THE VIGOROUS PROHIBITIONISTS

—Swaran Singh Sanehi, M.A.
Journlist

In the recent past, an alarming number of Indians have lost their precious lives and their eyesight by drinking. The disturbing news caused some consternation in the official circles for a few days: but surprisingly enough some states have relaxed their prohibition policy just to raise their quota of the bottles to earn more revenues at the cost of humanity.

Drinking had been condemned in the ancient literature as it debauches the drinker, defiles the soul and inebriates the humen being to such an extent that he can't discriminate between the good and evil; relative and enemy and mother and wife as well. He retains control neither on his tongue nor on his body nor on the mind for, as Becon had put it, "When the wine is in, wit is out". The widespread disturbances, lawlessness henious crimes skirmishes, are undoubtebly the the product of 'Wine'. Recidivism is mainly due to drinking.

Sikh Gurus and their apprents prohibited its use in the community accordingly. They have denounced the wine at many pages of the Holy Granth. A verse is written (on page 554) of the said scripture saying. "the man brought a cup full of wine for drinking deprives sense of wisdom and lead to lunatic. Besides this, a drinker is unable to differentiate between his own relatives and aliens. Thus he is repulsed from the Master. Therefore one mustn't drink such a wine. "In another verse, a famous bard Kabir says that whosoever eats meat and drinks wine, is devoid of the fruits of all his religious performances and notwithstanding all those, he is sent to the hell."

The drinker receives respect nowhere In the abode of God he is punished on the contrary. In his discourse with the Quazi Rukhun—ud—Din at mecca—a Mohammedan shrine Guru Nanak had told undauntedly and frankly. "Those are beaten in the court of God who drink heroin or wine." That's why drinking was banned strictly in the Sikh religion. It is a piteous and regretful thing that the Sikhs are known these days only as non-vegetarians and hard drinkers but that is an inexpedient act.

Morality was a distinguished quality of Sikhs and it was mainly due to their observance of vegetarianism and abstinence, as both of these are co-related.

Sri Satguru Jagjit Singh Ji Elibrary NamdhariElibrary@gmail com

Mostly, the meat-eaters are fond of drinking and vice versa. But a moralist must get rid of these and the Sikhs had observed the principles very strictly.

After Guru Govind Singh-the tenth-Hazur Sahib Guru who disappeared at Nanded (South India), the Sikhs started relaxing their those principles and after the death of the Sikh ruler Maharaja Ranjit Singh, they adopted the demoralizing habits of meat-eating and drinking. Even the Maharaja himself was a hard drinker according to some contemporary historians. All the other vices, which were hitherto banned in the religion, became part and parcel of the daily life of the Sikhs.

Satguru Ram Singh, the founder of the Namdhari sect of the Sikhs, appeared on the scene in such a cheotic period. Having eye witnessed the downfall of the Sikh rule attributed to the immoral practices-including drinking flesh eating and debauchery etc.—he thought of extirpating the people first from all these vices. He aspired to educate the masses against the same and thus to reform the society as well as the Sikh religion from all the defiles which had crept into it by then. His preceptions became so popular that within ten years or so of his campaign, he got seven lakhs followers who wouldn't violate any principle.

It was the esoteric rule of Satguru Ram Singh not to initiate any person unless and until he pledged to discard away all the prohibited things and consequently, to adopt what Satguru Ram Singh to ordain. Reports made by the officials corroborate this. "On initiation" wrote Major Perkins," all vices are supposed to be foresworm such as lying, stealing, drinking, adultery etc. and are strictly forbidden." In the words of the Inspecter General of Police, Punjab. "They inculcate a very strict morality condemning most strongly lying, theft and adultery, and appear anxious merely to revive the Sikh religion in its original state of purity and to eradicate the errors which have from time to time defiled it." The Lieutenant Governor of Punjab had also observed in his Memorandum. The Kuka leans towards a greater austerity. He repudiates Wines."

Satguru Ram Singh obserbed his principles very strictly. He never parttook the food, as Guru Nanak had esteblished the tradition,. from those people who used to drink and eat flesh. A Sikh Chief, Sardar Shamsher Singh Sandhawalia, held the briddle of his mare and requested him to dine at his home. As was usually done, Guru Ram Singh ordained him to abstain from drinking and flesh eating. Sardar Sandhawalia expressed his inability to comply with. Satguru Ram Singh retorted. "Get the hands off the bridle then" and left for the other place without taking anything there.

This habit was not only confined to

Sri Satguru Jagjit Singh Ji Elibrary NamdhariElibrary@gmail.com

पाँच वर्ष की गारन्टी वाला

प्रेसटाइम

प्रेशर कुकर



- भारी शीट से बना हुआ है
- कभी न टूटने वाला हैन्डल फैरूल (ब्रेकेट)
- कुशल कारीगरों द्वारा निर्मित
- सम्पूर्ण जाँच किया हुआ
- अधिक सुरक्षित एवम टिकाऊ

वितरक :- **आनन्द लाईट कं०**

सदर बाजार दिल्ली-११०००६, फोन : ५१३७००

Manufactured by :

MAHINDRA INDUSTRIES

Rajinder Nagar, Industrial Area, P.O. Mohan Nagar,
GHAZIABAD-201007

Sri Satguru Jagjit Singh Ji Elibrary NamdhariElibrary@gmail.com

ਹਰ ਪ੍ਰਕਾਰ ਦੀ ਵਧੀਆ
ਦਿਆਰ, ਕੈਲ, ਚੀਲ, ਅਤੇ ਪੜਤਲ ਆਦਿ
ਸ਼ਤੀਰੀਆਂ ਬਾਲੇ ਜੋੜੀਆਂ, ਦਰਵਾਜ਼ੇ, ਬਾਰੀਆਂ ਆਦਿ
ਅਨੇਕ ਰੰਗਾਂ ਵਿਰ ਮਾਈਕਾ ਅਤੇ ਪਲਾਈਵੁੱਡ ਖਰੀਦਣ ਲਈ
ਦਰਸ਼ਨ ਦੇਵੋ ।

M/s. BAGGA SINGH & SONS

BEST QUALITY OF TIMBER

Timber Merchants of Deodar, Kail, Cheel, Partal, Mica and Plywood Etc.

G. T. Road, Miller Ganj,
LUDHIANA.

Phone : 25223

ੴ

ਸਤਿਗੁਰੂ ਰਾਮ ਸਿੰਘ ਜੀ ਸਹਾਇ ॥

Grams : Quicklift

Phone : 33601



MEET YOUR LIFTING

PROBLEMS WITH

CHAIN PULLEYS BLOCKS



Triple Spur Gear, Worm Gear, Hoists Gantry Cranes, Over head Travelling Trolley, Over head Cranes and Winches etc.

TRADE

'*Trade*' QUICKLIFT '*Mark*'

MARK

NATIONAL ENGINEER ENTERPRISES (Regd.)

E-25, FOCAL POINT, LUDHIANA-141010.

Sri Satguru Jagjit Singh Ji Elibrary NamdhariElibrary@gmail com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

With best compliments from :

Trade **Oster® Knit** **Mark**

TOP IN FASHION CRAZE KNIT

Manufacturers :

Gents Pullovers, Ladies Cardigans in Pure Wool and Summer Garments in Acryl Fabrics.

Hello . Office 36849
Resi. 34305

UDEY KNITWEARS

Street No. 7, Jammu Colony, LUDHIANA-3.

STOCKISTS :

M/s. Sardar House, Chaura Bazar, Ludhiana.
M/s. Guru Nanak Store, Chaura Bazar, Ludhiana.
M/s. Luthra Hosiery Showroom, Fly Bazar, Ludhiana.
M/s. India Knit Showroom, Fly Bazar, Ludhiana.
M/s. Weltex Hosiery Showroom, Ludhiana.
M/s. Balram Hosiery Mills, Ludhiana.
M/s. Chopra House, Amritsar.
M/s. Jia Garments, New Delhi.

Sri Satguru Jagjit Singh Ji Elibrary NamdhariElibrary@gmail com

੧ਓ

ਸਤਿਗੁਰੂ ਰਾਮ ਸਿੰਘ ਜੀ ਸਹਾਇ ॥

SOKHI TIMBER

Specialists in :—SHUTTERING MATERIAL ON HIRE

Village Harolla, Opp. Noida Office, Sector-6,
NOIDA Distt. Gaziabad (U.P.)

Resi. Phone : 642740

With best compliments from:

J. B. D. ENTERPRISES

Specialists in :
CONCRETE MIXERS, VIBRATORS & CONSTRUCTION
EQUIPMENTS ON HIRE

Village Harolla, Opp. Noida Office, Sector-6,
NOIDA Distt. Gaziabad (U.P.)

Phone Resi. : 642740

Sri Satguru Jagjit Singh Ji Elibrary NamdhariElibrary@gmail.com

With best compliments from :

TARGET KNITWEARS

Janak Puri Gali No. 4,
Industrial Area-A,
LUDHIANA.

Phone : 31783

Manufacturers :

Gents Pullovers, Ladies Cardigans in Pure Wool and Summer Garments in Acryl Fabrics.

Sister Concern :

M/s. Tanbro Hosiery Industries

LUDHIANA.

With best compliments from :

Grams : 'OSAHAN'

Phone : 24310

T. R. Engineering Works (Regd.)

Trade **TR** *Mark*



Manufacturers of :

Gill Box, Auto Leveller & High Class Woollen Mills
Worsted & Textile Machinery Spare Parts

Specialists in :

Gill Boxes & Gill Box Works

ਟੀ. ਆਰ. ਇੰਜੀਨੀਰਿੰਗ ਵਰਕਸ (ਰਜਿ:)

੮-ਏ ਟੈਕਸਟਾਈਲ ਕਲੋਨੀ, ਇੰਡਸਟ੍ਰੀਅਲ ਏਰੀਆ ਏ ਲੁਧਿਆਣਾ-੩.

Plot No. 8-A, Textile Colony. Industrial Area A,
LUDHIANA-141003.

Sri Satguru Jagjit Singh Ji Elibrary NamdhariElibrary@gmail.com

Always Depend On :

LYALL QUALITY TOOLS

Lyall Garrage & Hardware Tools

At the Service of the Nation

Heavy Duty Socket Sets

TRADE Kuka MARK

Are Available In :

1/4", 3/8", 3/4", and 1" Square
Drive Complete with Attachment
Also LOOSE SOCKET Size In

WW, MM & SAE

(ENGLISH SIZE) (METRIC SIZE) (AMERICAN SIZE)

Manufacturers and Suppliers ;

Grams ; LYALL

Phone Factory : 34073
Office : 26040

Lyall Engineering Works Regd.

Office ; Gandhi Nagar, G.T. Road, Ludhiana.
Factory : Daba Road, Ludhiana.

Sister Concern ;

LYALL TOOLS (India)

Gandhi Nagar, G. T. Road LUDHIANA.

LYALL FORGINGS

Factory : Daba Road, Ludhiana.

Forgings : Auto and Disel Engine Parts and Agricultural Parts

Sri Satguru Jagjit Singh Ji Elibrary NamdhariElibrary@gmail.com

him: but his followers also followed the suit. They wouldn't accept anything from other than a Kuka as Non-Namdharis were mostly antimonians and indulged in drinking etc. They were not prepared to eat from any apostate. "A Kuka may not eat food prepared by outsiders and in support of this assertion it may be added that some Kukas in the Ferozepur lock-up declined to receive Jail cooked food." reported Major Perkins.

Being a supernatural human being, Satguru Ram Singh, had made his preceptions so effective that whosoever came in contact with him, got rid of the vices and bad habits there and then. Baba Darbara Singh was a hard drinker who used to prepare his own wines putting 500 male sparrows, 100 cocks and five male goates in the other material of preparation. Once he visited the Guru and was asked about his habits. He related the whole story. He was ordered to leave these that very moment; and before embracing into the religion. It was a salvation in his life and he never even thought of such things again.

Guru Ram Singh used to preach. "Do not eat flesh and drink spirit" in the big gatherings. He was to visit the Anandpur fair once with his followers who numbered in thousands. He had annunced that nobody should enter his congregations after drinking and that violation will not be tolerated but punished. A drunkard Yogi went there under the influence of liquor and was given a good thrashing.

The Namdharis or Kukas have been supporting the Congress movement in its campaigns against the liquor policy of the British Government. Not only helped but they organised some campaigns themselves.

The first known prohibition campaign on their part was launched on 10th January 1918 by Maharaj Gurudial Singh, at Lahore. He was the nephew of Satguru Ram Singh and the younger brother of the late Satguru Pratap Singh Ji. Maharaj Gurdial Singh was assisted in the campaign by several Namdharis and others including Mangal Singh Arshi—Fareshta—a renowned and successful Namdhari orator, Nirankar Singh Chetan, Sohan Singh Bhakna—the founder President of the Ghadar Party, and Baba Baisakha Singh of the same party, Tahal Singh Saddowal, Ankha Singh, Datewal, Nidhan Singh Alam—a noted Kuka writer, Sardar Kishan Singh—the father of Bhagat Singh the martyr. Master Mota Singh Babbar Akali, Sardul Singh Kavishar, Pandit Amar Nath and Mansa Singh Quami, Bhagat Singh Mussafir, Dr. S. Kitchlew, Lala Des Raj and Main Habibullah etc.

The Srishti Sudhar Jatha (World Reform Committee) was formed by these and its office was opened at Sankhatra. It worked progressively

Sri Satguru Jagjit Singh Ji Elibrary NamdhariElibrary@gmail.com

and actively for prohibition in 1919 and in 1921. Wherever and whenever these prohibitionists held the public meetings-they were visited bitterly by the authorities and the persons involved were punished.

A public meeting was arranged at village Bahrhowal in Jullundur district in 1928 which was convened by S. Lakha Singh and Hukam Singh for the dissemination of the prohibition. Many people were impressed by the views expressed by the various speakers at the gethering and consequently pledged to lend their hands of cooperation with the prohibitionists.

The Zaildars and Numberdars as well as such other minor functionories in the villages were naturally the police touts. It was undoubtedly their habit to report even a banal event to the police to recieve the good wishes from them. They were rewarded sometimes for the same. Availing of the opportunity, the local Zaildar also reported to the police that the Kukas had preached sedition at his village. Some people, according to Pandit Mansa Singh Qnami—a participant, were tried on that change, and the Judgement passed on them said that neither Kukas should be allowed to enter the village nor the local Kukas should be permitted to go out for one year. Not with standing such severe restrictions, they arranged to meet at nights.

The Kukas had not changed their policy regarding prohibition and and cow-protection. The prohibition was preached regularly at every gathering and religious fair where many people pledge to abstain from alcoholic drinks. A great number of teetotaller Sikhs, many be now found in England which is mostly attributed to the Kuka preachings.

Gurus and prophets are always wiser than the other human beings. They were right in condemning the drinking. Dissuading the masses from its use about 511 years before, Guru Nanak had said that its use causes the lunacy and results in the loss of wit. The scholars have vindicated him now telling that not only lunacy but many more and formidable diseases, including those of stomach, heart brain and liver etc. are caused by drinking. Thus the pretence to take the wine as medicine has also been stultified.

Regarding the prohibition, Mahatma Gandhi had written in the 'Young India' dated 15th September 1917. "I would rather have India reduced to a state of pauperism than have thousands of drunkards in our midst. I would rather have India without education if that is the price to be paid for making it dry." He added somthing for those also who favoured the drinking to earn the revenue. "I wonder that they will do if all the wine bibbers and opium

Sri Satguru Jagjit Singh Ji Elibrary NamdhariElibrary@gmail.com

eaters suddenly give up their drinks and drugs."

Really, the responsibility of implementing the noble aim of Satguru Ram and Mahatma Gandhi lies upon the Government of independent India which is committed to translate their dreams into reality. Regretfully, this aspect of our freedom movement and social development could not attract the attention of the Government by now. On the contrary, the country is consuming much more liquor than it did before the independence. To encourage the bad habit more, the Government has started granting the aid to the relatives of those who die tragically as a result of drinking. What a pity ? That would not be a healthy tradition.

Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ

ਬੱਕਰੇ ਝਟਕਾਏ ਕਿ ਸਿੱਖ ?

ਜੋਗਿੰਦਰ ਸਿੰਘ ਕੰਗ
ਐਮ. ਏ. ਬੀ. ਲਿਬ. ਲਾਇਬ੍ਰੇਰੀਅਨ
ਜ਼ਿਲਾ ਤੇ ਸੈਸ਼ਨ ਜੱਜ ਕਚਹਿਰੀ ਲੁਧਿਆਣਾ

ਸਿੱਖ ਧਰਮ ਨਿਸ਼ਕਾਮ ਸੇਵਾ ਦਾ ਪ੍ਰੇਰਕ ਹੈ। ਸਿੱਖੀ ਦੇ ਮੁੱਢਲੇ ਲੱਛਣ ਨਾਮ ਸਿਮਰਨ ਕਰਨਾ, ਧਰਮ ਦੀ ਸੱਚੀ ਸੁੱਚੀ ਕਿਰਤ ਕਰਨਾ ਅਤੇ ਵੰਡ ਛਕਣਾ ਹਨ। ਸਿੱਖ ਦਾ ਨਿਸ਼ਾਨਾ ਉੱਚਾ ਸੁਚਾ ਹੁੰਦਾ ਹੈ, ਉਸ ਦਾ ਕੁਝ ਕਰ ਗੁਜ਼ਰਨ ਦਾ ਦ੍ਰਿੜ੍ਹ ਸੰਕਲਪ ਹੁੰਦਾ ਹੈ। ਸਿੱਖ ਪਰਉਪਕਾਰ ਅਤੇ ਸੇਵਾ ਦਾ ਸ਼ਾਂਤ ਸਾਗਰ ਹੁੰਦਾ ਹੈ।

ਸਿੱਖੀ ਵਿਚ ਕ੍ਰਾਂਤੀਕਾਰੀ ਭਾਵਨਾ ਉਸ ਵੇਲੇ ਆਈ ਜਦ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੌਮ ਨੂੰ ਇਕ ਵਿਸ਼ੇਸ਼ ਪ੍ਰੋਗਰਾਮ ਦਿਤਾ, ਇਕ ਵਿਸ਼ੇਸ਼ ਰਹਿਤ ਮਰਯਾਦਾ ਨੂੰ ਸਥਾਪਿਤ ਕੀਤਾ ਅਤੇ ਅੰਮ੍ਰਿਤ ਛਕਾ ਕੇ ਸਿੱਖ ਨੂੰ "ਸਿੰਘ" ਰੂਪ ਵਿਚ ਬਦਲ ਦਿਤਾ। ਗੁਰੂ ਸਾਹਿਬ ਨੇ ਸਿੱਖੀ ਵਿਚ ਇਕ ਨਵੀਂ ਸਪਿਰਟ ਭਰ ਦਿਤੀ। ਕਮਜ਼ੋਰ, ਡਰਾਕਲ ਅਤੇ ਦਲਿਤ ਸ਼੍ਰੇਣੀਆਂ ਨੂੰ ਬਹਾਦਰ, ਸੂਰਮੇ ਤੇ ਯੋਧਿਆਂ ਦੇ ਰੂਪ ਵਿਚ "ਤਿਆਰ ਬਰ ਤਿਆਰ ਖਾਲਸਾ" ਬਣਾ ਦਿਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਚਲਿਤ ਸਿੱਖੀ ਹੁਣ ਭਗਤੀ ਤੇ ਸ਼ਕਤੀ ਦੇ ਸੁਮੇਲ ਦਾ ਰੂਪ ਧਾਰਨ ਕਰ ਗਈ। ਸਰਬੰਸ ਦਾਨੀ ਸਤਿਗੁਰੂ ਜੀ ਦਾ ਮੂਲ ਮਨੋਰਥ "ਧਰਮ ਯੁੱਧ" ਦਾ ਚਾਅ ਸੀ—

ਅਵਰ ਵਾਸ਼ਨਾ ਨਾਹਿ ਮੋਹੇ,
ਧਰਮ ਯੁੱਧ ਕਾ ਚਾਇ ॥

ਸਿੱਖ ਧਰਮ ਕੇਵਲ ਦਲੀਲਾਂ ਦਾ ਧਰਮ ਨਹੀਂ ਸਗੋਂ ਸਿਦਕ ਦੀ ਬਾਰੀਕ ਅਤੇ ਪੱਕੀ ਤਾਰ ਨਾਲ ਬੱਝਾ ਹੋਇਆ ਹੈ। ਸਿੱਖੀ ਵਿਚ ਦਲੀਲ ਨਾਲੋਂ ਸਿਦਕ ਨੂੰ ਤਰਜੀਹ ਪ੍ਰਵਾਨ ਹੈ। ਸਿੱਖ ਗੁਰੂ ਸਾਹਿਬਾਨ ਨੂੰ "ਸੰਪੂਰਨ" ਅਤੇ "ਸਰਬ ਕਲਾ ਸਮਰੱਥ" ਮੰਨਦੇ ਹਨ। ਗੁਰੂ ਦਾ ਦਰਜਾ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਪ੍ਰਮੇਸ਼ਰ ਦੇ ਬਰਾਬਰ ਹੈ—

(1) "ਗੁਰ ਪਰਮੇਸ਼ਰ ਏਕੋ ਜਾਨ"

(2) "ਕਰਤੇ ਕੀ ਮਿਤਿ ਕਰਤਾ ਜਾਣੈ
ਕੈ ਜਾਣੈ ਗੁਰ ਸੂਰਾ ॥"

(3) "ਆਪੇ ਮਾਰ ਜੀਵਾਲੇ ਆਪੇ,
ਆਪਹਿ ਦੇਖਹਿ ਥਾਪ ਉਥਾਪੇ ॥"

ਗੁਰਬਾਣੀ ਦੀਆਂ ਉਪਰੋਕਤ ਤੁਕਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਦੀ ਸ਼ਕਤੀ ਪਰਮੇਸ਼ਰ ਦੀ ਸ਼ਕਤੀ ਹੀ ਹੁੰਦੀ ਹੈ। ਗੁਰੂ ਸਮਰੱਥ ਹੁੰਦਾ ਹੈ। ਉਹ ਜੋ ਕੁਝ ਕਰਦਾ ਹੈ, ਪਰਮੇਸ਼ਰ ਦੇ ਭਾਣੇ ਵਿਚ ਹੀ ਕਰਦਾ ਹੈ, ਉਹ ਪਰਮੇਸ਼ਰ ਦਾ ਵਿਸ਼ੇਸ਼ ਸੰਦੇਸ਼ਕ ਹੁੰਦਾ ਹੈ। ਗੁਰੂ ਦਾ ਹੁਕਮ ਪ੍ਰਮਾਣਿਕ ਤੇ ਅਟੱਲ ਹੁੰਦਾ ਹੈ। ਸਮਕਾਲੀਨ ਗੁਰੂ ਦੀ ਸ਼ਰਨ ਅਤੇ ਹੁਕਮ ਮੰਨਣ ਵਿਚ ਹੀ ਲੋਕ ਤੇ ਪ੍ਰਲੋਕ ਸੁਹੇਲਾ ਹੋ ਸਕਦਾ ਹੈ। ਜੇ ਕਰ ਦਲੀਲ ਦੀ

Sri Satguru Jagjit Singh Ji Elibrary NamdhariElibrary@gmail.com

ਕਸਵੱਟੀ ਤੇ ਗੁਰੂ ਦੀ ਨਿੱਜੀ ਜ਼ਿੰਦਗੀ ਨੂੰ ਐਵੇਂ ਫਜ਼ੂਲ ਪਰਖੀ ਜਾਈਏ ਤਾਂ ਵਿਅਰਥ ਪਾਣੀ ਰਿੜਕਿਆਂ ਮੱਖਣ ਨਹੀਂ ਨਿਕਲ ਸਕਦਾ। ਗੁਰੂ ਅੱਗੇ ਸਭ ਕੁਝ ਏਥੋਂ ਤਕ ਕਿ ਸੀਸ ਵੀ ਭੇਟ ਕਰ ਦੇਣਾ ਚਾਹੀਦਾ ਹੈ—

ਸਤਿਗੁਰ ਆਗੈ ਸੀਸ ਭੇਟ ਦੇਉ,
ਜੇ ਸਤਿਗੁਰ ਸਾਚੇ ਭਾਵੈ।"

ਆਧੁਨਿਕ ਯੁਗ ਵਿਚ ਗਿਆਨ ਅਤੇ ਵਿਗਿਆਨ ਦੇ ਪ੍ਰਸਾਰ ਨਾਲ ਹਰ ਵਿਅਕਤੀ ਦੀ ਦਲੀਲ ਦੂਸਰੇ ਨਾਲ ਮਿਲਣੀ ਕਠਿਨ ਹੀ ਨਹੀਂ ਸਗੋਂ ਅਸੰਭਵ ਵੀ ਹੈ। ਸਿਦਕ ਤੇ ਇਸ਼ਕ ਦੀ ਮੰਜ਼ਲ ਦਲੀਲਾਂ ਤੋਂ ਬਹੁਤ ਦੂਰ ਹੈ। ਪਤੰਗੇ ਨੂੰ ਦਲੀਲਾਂ ਜਿੰਨੀਆ ਮਰਜ਼ੀ ਪਏ ਦੇਂ'ਦੇ ਰਹੋ ਕਿ ਤੈਨੂੰ ਸ਼ਮ੍ਹਾਂ ਭਸਮ ਕਰ ਦੇਵੇਗੀ, ਉਹ ਕਦੇ ਵੀ ਨਹੀਂ ਮੰਨੇਗਾਂ। ਗੁਰੂ ਤੇ ਸਿੱਖ ਦਾ ਵੀ ਇਹੀ ਸੰਬੰਧ ਹੈ। ਏਸੇ ਲਈ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਦੇ ਹੁਕਮ ਕਰਨ ਤੇ ਸਿੱਖਾਂ ਨੇ ਆਪਣੇ ਸੀਸ ਸਤਿਗੁਰੂ ਜੀ ਦੀ ਲਲਕਾਰ ਅੱਗੇ ਅਰਪਨ ਕਰ ਦਿਤੇ। ਸਤਿਗੁਰਾਂ ਨੇ ਇਨ੍ਹਾਂ ਪੰਜਾਂ ਸਿੱਖਾਂ ਨੂੰ ਤੰਬੂ ਵਿਚ ਲੈ ਜਾ ਕੇ ਆਪਣੀ ਤਲਵਾਰ ਨਾਲ ਇਨ੍ਹਾਂ ਦੇ ਸੀਸ ਧੜ ਤੋਂ ਅਲੱਗ ਕੀਤੇ ਫਿਰ ਸੁਰਜੀਤ ਕਰਕੇ, ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਪੰਜ ਬਾਣੀਆਂ ਪੜ੍ਹ ਕੇ ਪਹਿਲਾਂ ਇਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਇਕ ਨਵਾਂ ਜੀਵਨ ਪ੍ਰਦਾਨ ਕੀਤਾ, ਫਿਰ ਇਨ੍ਹਾਂ ਪਾਸੋਂ ਸਰਬੰਸ ਵਾਰਨ ਦਾ ਹੁਕਮ ਸੁਣਾ ਕੇ ਆਪ ਵੀ ਅੰਮ੍ਰਿਤ ਪਾਨ ਕੀਤਾ। ਇਹ ਗੁਰੂ ਜੀ ਦੀ ਰਜ਼ਾ ਸੀ, ਗੁਰੂ ਦਾ ਅਦੁੱਤੀ ਕੌਤਕ ਸੀ।

ਗੁਰੂ ਦੀ ਅਦੁੱਤੀ ਰਜ਼ਾ ਹੁੰਦੀ ਹੈ। ਗੁਰੂ ਦਾ ਅਚੰਭਾ ਕੌਤਕ ਹੁੰਦਾ ਹੈ। ਅਜਿਹੇ ਕੌਤਕਾਂ ਨਾਲ ਤਾਂ ਸਾਰਾ ਗੁਰ — ਇਤਿਹਾਸ ਭਰਿਆ ਪਿਆ ਹੈ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਇਹ ਹੀ ਇਤਿਹਾਸ ਦੀ ਵਡਿਆਈ ਹੈ। ਗੁਰੂ ਸਾਹਿਬ ਕਰਾਮਾਤ ਵਿਖਾਉਣੀ ਚੰਗਾ ਨਹੀਂ ਸਮਝਦੇ ਸਨ, ਪਰ ਉਨ੍ਹਾਂ ਦੇ ਕੌਤਕ ਆਪਣੇ ਆਪ ਹੀ ਪ੍ਰਗਟ ਹੋ ਜਾਂਦੇ ਸਨ ਤੇ ਸੰਗਤਾਂ ਗੁਰੂ ਜੀ ਦੀ ਰਜ਼ਾ ਤੋਂ ਬਲਿਹਾਰ ਹੋ ਜਾਂਦੀਆਂ ਸਨ। ਸਿੱਖ ਗੁਰੂ ਸਾਹਿਬਾਨ ਜੀ ਦੀ ਰਜ਼ਾ ਦੇ ਕੁਝ ਕੌਤਕਮਈ ਅੰਸ਼ ਇਸ ਪ੍ਰਕਾਰ ਹਨ—

(1) ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਅਤੇ ਭਾਈ ਗੁਰਦਾਸ ਜੀ ਦੀ ਗਵਾਹੀ ਅਨੁਸਾਰ ਗੁਰੂ ਨਾਨਕ ਦੇਵ ਜੀ ਮੱਕੇ ਗਏ ਤੇ ਚਾਰ ਚੁਫੇਰੇ ਮੱਕਾ ਫੇਰਿਆ।

(2) ਗੁਰੂ ਨਾਨਕ ਦੇਵ ਜੀ ਰੁਹੇਲੇ ਪਠਾਨ ਪਾਸ ਵਿਕ ਜਾਣ ਤੋਂ ਬਾਅਦ ਜਦ ਪਾਣੀ ਲੈਣ ਗਏ ਤਾਂ ਸਾਰਾ ਪਾਣੀ ਸੁਕ ਗਿਆ ਤੇ ਗੁਰੂ ਜੀ ਜਿਹੜੀ ਗਾਗਰ ਸਿਰ ਤੇ ਲੈ ਕੇ ਗਏ ਸਨ, ਉਹ ਗਾਗਰ ਉਨ੍ਹਾਂ ਦੇ ਸਿਰ ਨਾਲੋਂ ਉੱਚੀ ਆ ਰਹੀ ਸੀ।

3) ਕੌਡੇ ਰਾਕਸ਼ ਦਾ ਤਪਤ ਕੜਾਹਾ ਠੰਡਾ ਕਰਨਾ।

(4) ਰੀਠੇ ਮਿੱਠੇ ਕਰਨਾ।

(5) ਪੰਜਾ ਲਾ ਕੇ ਪਹਾੜ ਰੋਕਣਾ।

(6) ਨਾਥ-ਜੋਗੀਆਂ ਅਤੇ ਕਲਿਯੁਗ ਦੀਆਂ ਕਰਾਮਾਤਾਂ ਅਤੇ ਬੰਗਾਲ ਦੇ ਜਾਦੂਗਰਾਂ ਦਾ ਗੁਰੂ ਨਾਨਕ ਦੇਵ ਜੀ ਦੇ ਪਰਤਾਪ ਅੱਗੇ ਢੁੱਡ ਹੋ ਜਾਣਾ।

(7) ਗੁਰੂ ਅਮਰਦਾਸ ਜੀ ਨੇ ਇਕ ਮਾਈ ਦਾ ਮੋਇਆ ਪੁੱਤਰ ਜੀਵਿਤ ਕੀਤਾ।

(8) ਤੱਤੀ ਲੋਹ ਤੇ ਬੈਠਣਾ ਅਤੇ ਸੀਸ ਵਿਚ ਗਰਮ ਰੇਤ ਪੈਣੀ, ਪਰ ਫਿਰ ਵੀ ਗੁਰੂ ਅਰਜਨ ਦੇਵ ਜੀ ਦਾ ਕੁਝ ਮਿੰਟਾਂ ਵਿਚ ਸ਼ਹੀਦ ਨਾ ਹੋਣਾ। ਸਗੋਂ ਆਪਣੀ ਰਜ਼ਾ ਅਨੁਸਾਰ ਰਾਵੀ ਵਿਚ ਅਲੋਪ ਹੋਣਾ।

(9) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬੁੱਢਣ ਸ਼ਾਹ ਫਕੀਰ ਪਾਸੋਂ ਗੁਰੂ ਨਾਨਕ ਦੇ ਰੂਪ ਵਿਚ ਆ ਕੇ ਦੁੱਧ ਛਕਣਾ।

(10) ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਇਕ ਮੂਰਖ ਝੀਵਰ ਪਾਸੋਂ ਆਪਣੇ ਸਿਰ ਤੇ ਛੜੀ ਰੱਖ ਕੇ ਗੀਤਾ ਤੇ ਹੋਰ ਸ਼ਾਸਤਰਾਂ ਆਦਿ ਦੇ ਅਰਥ

Sri Satguru Jagjit Singh Ji Elibrary NamdhariElibrary@gmail.com

ਕਰਵਾ ਲੈਣਾ ।

(11) ਗੁਰੂ ਤੇਗ ਬਹਾਦਰ ਜੀ ਦੁਆਰਾ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਸਮੁੰਦਰ ਵਿਚੋਂ ਡੁੱਬਦਾ ਹੋਇਆ ਪਾਰ ਲਾ ਦੇਣਾ ।

(12) ਸਤਿਗੁਰੂ ਹਰੀ ਸਿੰਘ ਜੀ ਦੁਆਰਾ ਇਕ ਹਲਕੇ-ਸਿੱਖ ਦਾ ਹਲਕ ਦੂਰ ਕਰਨਾ ।

(13) ਸਤਿਗੁਰੂ ਰਾਮ ਸਿੰਘ ਦੁਆਰਾ ਮਾਨੇ ਵਾਲੇ ਹੇਲੇ ਸਮੇਂ ਇਕ ਮੋਏ ਬੱਚੇ ਨੂੰ ਜੀਵਿਤ ਕਰਨਾ ।

(14) ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਇੰਗਲੈਂਡ ਵਿਚ ਮੀਂਹ ਪਵਾਉਣਾ ।

ਉਪਰੋਕਤ ਇਤਿਹਾਸਕ ਘਟਨਾਵਾਂ ਦੇ ਵਿਵੇਚਨ ਤੇ ਵਿਸ਼ਲੇਸ਼ਣ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਰਬੱਗਯ ਹੈ ਅਤੇ ਸਿੱਖ ਅਲਪੱਗਯ । ਐਮ. ਏ. ਪਾਸ ਦਾ ਮੁਕਾਬਲਾ ਪਹਿਲੀ ਜਮਾਤ ਦਾ ਵਿਦਿਆਰਥੀ ਕਦੇ ਨਹੀਂ ਕਰ ਸਕਦਾ । ਰਾਮ ਰਾਏ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਨਾਟਕੀ—ਕਰਾਮਾਤਾਂ ਵਿਖਾਈਆਂ ਸਨ, ਆਪਣਾ ਝੂਠਾ ਮਾਣ ਵਧਾਇਆ ਸੀ ਕੇ ਗੁਰੂ ਨਾਨਕ ਦੇਵ ਜੀ ਦੀ ਇਕ ਤੁਕ ਵੀ ਬਦਲ ਦਿਤੀ ਸੀ । ਇਹ ਤਾਂ ਖੁਸ਼ਾਮਦੀ ਕਰਾਮਾਤ ਸੀ ।

ਸਵਾਲ ਪੈਦਾ ਹੁੰਦਾ ਹੈ ਕਿ ਬੱਕਰਿਆਂ ਵਾਲੀ ਘਟਨਾ ਕਿਸ ਲਿਖਤ ਤੋਂ ਪ੍ਰਚਲਿਤ ਹੋਈ ? ਉੱਤਰ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਭਾਈ ਸੰਤੋਖ ਸਿੰਘ ਜੀ ਨੇ ਆਪਣੀ ਮਹਾਨ ਰਚਨਾ "ਸੂਰਜ ਪ੍ਰਕਾਸ਼" ਦਾ ਹੱਥ ਲਿਖਤ ਖਰੜਾ ਤਿਆਰ ਕੀਤਾ ਸੀ, ਪਰ ਉਹ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਪਿਛੋਂ ਹੀ ਪ੍ਰਕਾਸ਼ਿਤ ਹੋਇਆ । ਇਓਂ ਜਾਪਦਾ ਹੈ ਕਿ ਕਿਸੇ ਬੱਕਰੇ ਖਾਣ ਦੇ ਸ਼ੁਕੀਨ ਗੁਰੂ-ਵਿਦਰੋਹੀ ਸਿੱਖ ਨੇ ਇਹ ਬਕਰਿਆਂ ਵਾਲੀ ਘਟਨਾ "ਸੂਰਜ ਪ੍ਰਕਾਸ਼" ਦੇ ਖਰੜੇ ਵਿਚ ਸ਼ਾਮਲ ਕਰਕੇ ਇਸ ਨੂੰ ਪ੍ਰਕਾਸ਼ਿਤ ਕਰਵਾ ਦਿਤਾ ਹੈ । ਇਤਿਹਾਸ ਦਾ ਕਿੰਨਾ ਅਨਰਥ ਕੀਤਾ ਗਿਆ ? ਗੁਰੂ ਸਾਹਿਬ ਨੂੰ ਬਦਨਾਮ ਕੀਤਾ ਗਿਆ । ਗੁਰੂ ਸਾਹਿਬ ਨੂੰ ਧੋਖੇਬਾਜ਼ ਤੇ ਝੂਠਾ ਸਾਬਤ ਕਰਨ ਲਈ ਕੂੜ ਦੇ ਮਹੱਲ ਉਸਾਰੇ ਗਏ ਕਿ ਗੁਰੂ ਜੀ ਨੇ ਸੀਸ ਮੰਗੇ ਸਨ, ਪਰ ਬੱਕਰੇ ਝਟਕਾਏ ਸਨ । ਇਸੇ ਹੀ ਲਿਖਤ ਤੋਂ ਸਭ ਇਤਿਹਾਸਕਾਰ ਮੱਖੀ ਤੇ ਮੱਖੀ ਮਾਰੀ ਜਾਂਦੇ ਹਨ । ਭੇਡਾਂ ਦੀ ਚਾਲ ਤੋਂ ਖੁੰਜਣ ਦਾ ਕੋਈ ਵੀ ਯਤਨ ਨਹੀਂ ਕਰਦਾ । ਅਜਿਹੀ ਜ਼ਿਦ ਦੇ ਪਾਤਰ ਇਤਿਹਾਸਕਾਰ ਅਨਾੜੀ ਹਨ ਤੇ ਅਸਲੀਅਤ ਤੋਂ ਕੋਹਾਂ ਮੀਲਾਂ ਦੀ ਵਾਟੇ ਚੱਲ ਰਹੇ ਹਨ । ਪੱਛਮੀ ਵਿਦਿਆ ਤੋਂ ਪ੍ਰਭਾਵਿਤ ਇਹ ਵਿਦਵਾਨ ਇਤਿਹਾਸਕਾਰ ਸਿਦਕ, ਭਾਣੇ, ਰਜ਼ਾ, ਵਿਸ਼ਵਾਸ ਅਤੇ ਗੁਰੂ ਜੀ ਦੀ ਰੂਹਾਨੀ - ਸ਼ਕਤੀ ਤੋਂ ਕੋਰੇ ਅਤੇ ਅਣਭਿੱਜ ਹਨ । ਆਓ ਜ਼ਰਾ ਬਕਰਿਆਂ ਵਾਲੇ ਪ੍ਰਸੰਗ ਨੂੰ ਦਲੀਲਾਂ ਦੀ ਕਸਵੱਟੀ ਤੇ ਪਰਖੀਏ—

(1) ਬੱਕਰੇ ਕਿਥੋਂ ਲਿਆਂਦੇ ਗਏ ? ਕੀ ਪਾਲ ਕੇ ਰਖੇ ਹੋਏ ਸਨ ? ਕੀ ਬੱਕਰੇ ਮੁੱਲ ਲਿਆਂਦੇ ਗਏ ?

(2) ਤੰਬੂ ਵਿਚ ਵੱਡੇ ਪੰਡਾਲ ਦੇ ਕੋਲ ਬੱਕਰੇ ਕਿਸ ਸਮੇਂ ਲਿਆਂਦੇ ਗਏ ?

(3) ਕੀ ਬੱਕਰਿਆਂ ਨੂੰ ਬੰਨ੍ਹਦਿਆਂ ਕਿਸੇ ਨੇ ਵੇਖਿਆ ?

(4) ਬੱਕਰੇ ਸਤਿਗੁਰੂ ਜੀ ਨੇ ਲਿਆਂਦੇ ਕਿ ਸਿੱਖਾਂ ਨੇ ?

(5) ਜਦ ਬੱਕਰੇ ਤੰਬੂ ਵਿਚ ਲਿਜਾਏ ਜਾ ਰਹੇ ਸਨ ਤਾਂ ਕੀ ਕਿਸੇ ਨੇ ਵੇਖਿਆ ਸੀ ? ਕੀ ਬੱਕਰਿਆਂ ਨੇ "ਮੇਂ" "ਮੇਂ" ਦੀਆਂ ਆਵਾਜ਼ਾਂ ਦਿਤੀਆਂ ਸਨ ?

(6) ਪੰਡਾਲ ਤੋਂ ਬੱਕਰਿਆਂ ਵਾਲੇ ਤੰਬੂ ਦਾ ਫਾਸਲਾ ਕਿੰਨਾ ਸੀ ?

(7) ਬੱਕਰਿਆਂ ਵਾਲੇ ਤੰਬੂ ਦੀ ਲੰਬਾਈ ਚੌੜਾਈ ਕਿੰਨੀ ਸੀ ? ਜਿਸ ਵਿਚ 5 ਬੱਕਰੇ ਤੇ 6 ਵਿਅਕਤੀ ਹੋਰ ਆ ਸਕਦੇ ਹਨ ।

(8) ਕੀ ਬੱਕਰੇ ਕਾਲੇ ਸਨ ਜਾਂ ਚਿੱਟੇ ਜਾਂ ਭੂਬ ਖੜੱਬੇ ? ਬੱਕਰੇ ਕਿੰਨੀ ਕੁ ਉਮਰ ਦੇ ਸਨ ?

(9) ਕੀ ਬੱਕਰੇ ਭੁੱਖੇ ਭਾਣੇ ਸਨ ਜਾਂ ਪਾਣੀ ਪੱਠੇ ਦਾ ਕੋਈ ਪ੍ਰਬੰਧ ਕੀਤਾ ਗਿਆ ?

Sri Satguru Jagjit Singh Ji Elibrary NamdhariElibrary@gmail.com

(10) ਮਨੁੱਖ ਦੀ ਫਿਤਰਤ ਇਹ ਹੈ ਕਿ ਜਿਥੇ ਵੀ ਉਹ ਨਵੇਂ ਥਾਂ ਜਾਂਦਾ ਹੈ, ਆਲਾ ਦੁਆਲਾ ਚੰਗੀ ਤਰ੍ਹਾਂ ਵੇਖਦਾ ਹੈ ਕੀ ਕਿਸੇ ਨੇ ਉਸ ਤੰਬੂ ਦੇ ਅੰਦਰੋਂ ਬੱਕਰੇ ਨਾ ਵੇਖੇ ? ਜਾਂ ਕਿਸੇ ਨੇ ਝੀਥਾਂ ਵਿਚੋਂ ਦੀ ਵੀ ਝਾਤੀ ਨਾ ਮਾਰੀ ਕਿ ਇਸ ਤੰਬੂ ਵਿਚ ਕੀ ਹੈ ? ਇਹ ਤੰਬੂ ਕਿਸ ਵਾਸਤੇ ਲਾਇਆ ਗਿਆ ?

(11) ਕੀ ਕਿਸੇ ਨੇ ਬੱਕਰਿਆਂ ਦੇ ਪੈਰਾਂ ਦੀਆਂ ਪੈੜਾਂ ਵੇਖੀਆਂ ? ਕਿ ਇਸ ਰਸਤੇ ਬੱਕਰੇ ਲਿਆਂਦੇ ਗਏ ਸਨ।

(12) ਸ੍ਰੀ ਸਤਿਗੁਰੂ ਜੀ ਦੇ ਕੌਤਕ ਕਰਨ ਤੋਂ ਬਾਅਦ ਉਨ੍ਹਾਂ ਬੱਕਰਿਆਂ ਦੀਆਂ ਲਾਸ਼ਾ ਦਾ ਕੀ ਬਣਿਆ ? ਲਾਸ਼ਾ ਕਿਸ ਤਰ੍ਹਾਂ ਸੰਭਾਲੀਆਂ ਗਈਆਂ ? ਕੀ ਉਨ੍ਹਾਂ ਨੂੰ ਦੱਬਿਆ ਗਿਆ, ਜਾਂ ਸਾੜਿਆ ਗਿਆ ?

ਉਪਰੋਕਤ ਪ੍ਰਸ਼ਨਾ ਦੇ ਉੱਤਰ ਵਿਚ ਸਭ ਲਿਖਾਰੀਆਂ ਦੀ ਕਲਮ ਚੁੱਪ ਹੈ। ਸਭ "ਬੱਕਰੇ ਮਾਰੇ" "ਬੱਕਰੇ ਮਾਰੇ" ਦੀ ਅੱਖਾਂ ਮੀਟ ਕੇ ਰੱਟ ਲਾਈ ਜਾਂਦੇ ਹਨ। ਇਤਿਹਾਸ ਦੇ ਲਿਖਾਰੀ ਇਤਿਹਾਸ ਨੂੰ ਵਿਗਾੜ ਰਹੇ ਹਨ। ਇਤਿਹਾਸ ਦੇ ਵਿਦਵਾਨ ਖੋਜੀ (Research Scholar) ਐਮ. ਏ., ਐਮ. ਫਿਲ. ਅਤੇ ਪੀ-ਐਚ. ਡੀ. ਦੇ ਸ਼ੋਧ-ਪ੍ਰਬੰਧ (Thesis) ਲਿਖਣ ਲੱਗਿਆ ਵੀ ਇਤਿਹਾਸਕ ਸਚਾਈ ਦੀ ਪੁਣ ਛਾਣ ਕੀਤੇ ਬਿਨਾਂ ਹੀ ਇਤਿਹਾਸਕ ਘਟਨਾਵਾਂ ਨੂੰ ਆਪਣੇ ਆਸ਼ੇ ਅਨੁਸਾਰ ਤੋੜ ਮਰੋੜ ਕੇ ਪੇਸ਼ ਕਰ ਰਹੇ ਹਨ। ਇਉਂ ਜਾਪਦਾ ਹੈ ਕਿ ਬੱਕਰੇ ਦਾ ਮਾਸ ਖਾਣ ਦਾ ਜੀਅ ਉਨ੍ਹਾਂ ਦਾ ਆਪਣਾ ਕਰਦਾ ਹੈ, ਪਰ ਇਤਿਹਾਸ ਨੂੰ ਆਪਣੇ ਇਸ ਕੋਝੇ ਆਸ਼ੇ ਅਨੁਸਾਰ ਖਾਹਮਖਾਹ ਬਦਲ ਰਹੇ ਹਨ। ਉਹ ਇਤਿਹਾਸ ਕੀ ਹੋਇਆ ਜਿਸ ਦਾ ਆਪਣਾ ਕੋਈ ਅੱਗਾ ਪਿਛਾ ਨਾ ਹੋਵੇ ? ਉਸ ਵੇਲੇ ਦੀਵਾਨ ਵਿਚ ਮੌਜੂਦ ਸਮਕਾਲੀ ਕਵੀ ਸੈਨਾਪਤੀ ਨੇ "ਗੁਰ—ਸੋਭਾ" ਪੁਸਤਕ ਲਿਖੀ ਹੈ, ਜਿਸ ਵਿਚ ਗੁਰੂ ਸਾਹਿਬ ਜੀ ਦੇ ਕੌਤਕਾਂ ਤੇ ਕਾਰਨਾਮਿਆਂ ਨੂੰ ਰੂਪਮਾਨ ਕੀਤਾ ਹੈ, ਪਰ ਬੱਕਰਿਆਂ ਵਾਲੀ ਕੋਝੀ ਘਟਨਾ ਦਾ ਉਸ ਨੇ ਕਿਤੇ ਜ਼ਿਕਰ ਨਹੀਂ ਕੀਤਾ। ਪਤਾ ਨਹੀਂ ਪਿਛੋਂ ਜਾ ਕੇ ਇਤਿਹਾਸ ਦੇ ਲਿਖਾਰੀਆਂ ਨੂੰ ਕਿਹੜੀ ਹਵਾ ਫਿਰ ਗਈ ਕਿ ਉਹ "ਬੱਕਰੇ ਝਟਕਾਏ" "ਬੱਕਰੇ ਝਟਕਾਏ" ਦੀ ਰੱਟ ਲਾਈ ਜਾ ਰਹੇ ਹਨ।

ਅਸਲ ਵਿਚ ਅਜਿਹੇ ਇਤਿਹਾਸਕਾਰ ਵੀਰ ਗੁਰੂ ਜੀ ਨੂੰ ਪੂਰਾ ਸਮਝਣ ਵਿਚ ਅਸਮਰਥ ਹਨ। ਸਮਰੱਥ ਗੁਰੂ ਕੀ ਕੁਝ ਨਹੀਂ ਕਰ ਸਕਦਾ ? ਜਿਹੜਾ ਗੁਰੂ ਆਪਣੇ ਸਾਹਿਬਜ਼ਾਦੇ ਅਤੇ ਸਰਬੰਸ ਬਲੀਦਾਨ ਕਰ ਸਕਦਾ ਸੀ। ਉਹ ਪਰੀਖਿਆ ਲੈਣ ਲਈ ਸੀਸ ਵੱਢ ਕੇ ਸੁਰਜੀਤ ਵੀ ਕਰ ਸਕਦਾ ਸੀ। ਇਹ ਗੁਰੂ ਜੀ ਦਾ ਕੌਤਕ ਸੀ। ਕਰਾਮਾਤ ਨਹੀਂ। ਕਰਾਮਾਤ ਤਾਂ ਉਹ ਹੁੰਦੀ ਹੈ ਜੋ ਸਾਰਿਆਂ ਵਿਚ ਨਸ਼ਰ ਹੋਵੇ ਤੇ ਲੋਕਾਂ ਦੀ ਮੱਤ ਮਾਰਨ ਵਾਸਤੇ ਕੋਈ ਮਦਾਰੀ ਦਾ ਖੇਲ ਕਰੇ। ਪਰ ਗੁਰੂ ਜੀ ਦਾ ਆਸ਼ਾ ਅੰਮ੍ਰਿਤ ਛਕਾ ਕੇ "ਸਿੰਘ" ਸਜਾ ਕੇ ਸਵਾ ਲੱਖ ਦਾ ਮੁਕਾਬਲਾ ਕਰਨ ਵਾਲੇ ਬਹਾਦਰ ਯੋਧੇ ਬਣਾਉਣਾ ਸੀ—

ਚਿੜੀਆਂ ਸੇ ਮੈਂ ਬਾਜ ਤੁੜਾਊਂ ॥
ਸਵਾ ਲਾਖ ਸੇ ਏਕ ਲੜਾਊਂ ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ ।

ਗੁਰੂ ਸਾਹਿਬ ਕੋਈ ਧੋਖੇਬਾਜ਼ ਨਹੀਂ ਸਨ, ਉਹ ਕੂੜ ਦਾ ਮਹੱਲ ਨਹੀਂ ਉਸਾਰਨਾ ਚਾਹੁੰਦੇ ਸਨ। ਉਹ ਕੌਮ ਨੂੰ ਇਕ ਵਿਸ਼ੇਸ਼ ਪ੍ਰੋਗਰਾਮ ਦੇਣਾ ਚਾਹੁੰਦੇ ਸਨ, ਇਕ ਨਵੀਂ ਵਿਉਂਤ ਬੰਦੀ ਕਰਨਾ ਚਾਹੁੰਦੇ ਸਨ। ਸਿੱਖੀ ਵਿਚ ਭਗਤੀ ਤੇ ਸ਼ਕਤੀ ਦਾ ਬੱਲ ਭਰਨਾ ਚਾਹੁੰਦੇ ਸਨ। ਤਾਂ ਹੀ ਉਨ੍ਹਾਂ ਨੇ ਅਜਿਹੇ ਮਹਾਨ ਤੇ ਵਿਲੱਖਣ ਕੌਤਕ ਕੀਤੇ।

ਅੰਤ ਵਿਚ ਮੈਂ ਕਾਲਜਾਂ, ਯੂਨੀਵਰਸਿਟੀਆਂ ਤੇ ਹੋਰ ਧਾਰਮਿਕ-ਵਿਦਿਅਕ ਅਦਾਰਿਆਂ ਵਿਚ ਬੈਠੇ ਹੋਏ ਵਿਦਵਾਨ ਇਤਿਹਾਸਕਾਰਾਂ ਅਤੇ ਲਿਖਾਰੀਆਂ ਅੱਗੇ ਸਨਿਮਰ ਬੇਨਤੀ ਕਰਦਾ ਹਾਂ ਕਿ ਉਹ ਇਤਿਹਾਸ ਨੂੰ ਇਤਿਹਾਸ ਕਰ ਕੇ ਲਿਖਣ। ਸਿੱਖ ਇਤਿਹਾਸ ਅਤੇ ਗੁਰ ਇਤਿਹਾਸ ਨੂੰ ਬਦਲਣ ਤੇ ਝੂਠਾ ਸਿੱਧ ਕਰਨ ਦੀ ਕੋਸ਼ਿਸ਼ ਨਾ ਕਰਨ। ਸਿੱਖੀ ਸਿਦਕ ਉਤੇ ਹਮਲੇ ਨਾ ਕਰਨ। ਜੇ ਕਰ ਸਿਦਕ ਬੱਝੇ ਰਹਿਣਗੇ ਤਾਂ ਹੀ ਸਿੱਖੀ ਕਾਇਮ ਰਹਿ ਸਕੇਗੀ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ

ਭਾਰਤ ਹੈ ਆਰਤ ਪੁਕਾਰਤ ਦੁਖਾਰਤ ਹੈ, ਕੌਣ ਮੇਰੇ ਦੁਖੜੇ ਮਿਟਾਏ ਗੁਰੂ ਰਾਮ ਸਿੰਘ ।
ਸਦੀਆਂ ਤੋਂ ਬੇੜੀਆਂ ਨੇ ਹੱਡ ਗੋਡੇ ਤੋੜ ਸੁਟੇ, ਇਹਨਾਂ ਤਾਈਂ ਕੌਣ ਤੁੜਾਏ ਗੁਰੂ ਰਾਮ ਸਿੰਘ ।
ਲੋਕ ਹੋਏ ਹੀਣੇ ਮੀਣੇ ਜੀਣੇ ਦੀ ਨਹੀਂ ਸੁਧ ਕੋਈ, ਕੌਣ ਲੂਲੇ, ਲੰਘਿਆ ਉਠਾਏ ਗੁਰੂ ਰਾਮ ਸਿੰਘ ।
ਹੁਣ ਹੱਦ ਹੋਈ, ਮੋਈ, ਕੋਹੀ ਗਈ ਜਾਨ ਜੋਈ, ਤੇਰੇ ਬਿਨ ਕੌਣ ਬਚਾਏ ਗੁਰੂ ਰਾਮ ਸਿੰਘ ।
ਦੁਆਪਰ ਚਿ ਕ੍ਰਿਸ਼ਨ ਤੇ ਤ੍ਰੇਤੇ ਚਿ ਰਾਮ ਵਾਂਗ ਸਮੇਂ ਦੇ ਸਾਂਈ ਬਣ ਆਏ ਗੁਰੂ ਰਾਮ ਸਿੰਘ ।
ਨਾਨਕ ਤੋਂ ਅਰਜਨ ਤੇ ਫੇਰ ਦਸਮੇਸ਼ ਗੁਰੂ, ਗੁਰੂਆਂ ਦੀ ਲੜ ਸੁਹਾਏ ਗੁਰੂ ਰਾਮ ਸਿੰਘ ।
ਧਰਤੀ ਦੇ ਭਾਗ ਜਾਗੇ ਦੇਸ ਸਾਰਾ ਸੁਖੀ ਹੋਇਆ, ਰੋਂਦਿਆਂ ਦੇ ਮੁੱਖੜੇ ਹਸਾਏ ਗੁਰੂ ਰਾਮ ਸਿੰਘ ।
ਬਨਸਪਤੀ ਸਾਰੀ ਵਿਚ ਰਸ ਓਦੋਂ ਚੋ ਪਿਆ, ਚਰਨ ਜਦੋਂ ਦੇਸ ਨੂੰ ਛੁਹਾਏ ਗੁਰੂ ਰਾਮ ਸਿੰਘ ।
ਜਿਧਰ ਵੀ ਹੈ ਨਜ਼ਰ ਕੀਤੀ ਨੂਰ ਓਧਰ ਵੱਸ ਪਿਆ, ਅੰਮ੍ਰਿਤ ਦੀ ਧਾਰਾ ਚਵਾਏ ਗੁਰੂ ਰਾਮ ਸਿੰਘ ।
ਵਿੱਥਾਂ ਕੁਤੋਲੀਆਂ ਦੀਆਂ ਕੁੱਖਾਂ ਹਨੇਰ ਗਿਆ, ਐਸੀ ਕੋਈ ਰੋਸ਼ਨੀ ਲਿਆਏ ਗੁਰੂ ਰਾਮ ਸਿੰਘ ।
ਚੋਰ ਉਚੱਕੇ ਹੋਰ ਜੂਏਬਾਜ਼ ਡਾਕੂ ਭਾਰੇ, ਧਰਮ ਦੇ ਸਿਧੇ ਰਾਹ ਪਾਏ ਗੁਰੂ ਰਾਮ ਸਿੰਘ ।
ਪਾਪੀਆਂ ਅਪਾਧੀਆਂ, ਸ਼ਰਾਬੀਆਂ ਕਬਾਬੀਆਂ ਨੂੰ, ਛਿਣ ਵਿਚ ਸੰਤ ਬਣਾਏ ਗੁਰੂ ਰਾਮ ਸਿੰਘ ।
ਕੁੜੀਮਾਰ ਨਵੀਅਰ ਲੁਚੇ ਤੇ ਲਫੰਗੇ ਕਈ, ਵਿੰਗ ਟੇਡ ਕਢਕੇ ਸਿਧਾਏ ਗੁਰੂ ਰਾਮ ਸਿੰਘ ।
ਹੇਰ ਫੇਰ, ਤੇਰ ਮੇਰ, ਜ਼ੋਰ ਜ਼ਿਮੀ ਫੇਰ ਹੋਏ, ਜਿਸਦੇ ਵੀ ਰਿਦੇ 'ਚ ਸਮਾਏ, ਗੁਰੂ ਰਾਮ ਸਿੰਘ ।
ਨਾਮ ਰਸ ਭਿੰਨਿਆਂ ਭੌਰਿਆਂ ਲਟ ਬੌਰਿਆਂ ਨੂੰ, ਭਾਗਾਂ ਦੇ ਪ੍ਰਸਾਦ ਛਕਾਏ ਗੁਰੂ ਰਾਮ ਸਿੰਘ ।
ਮੱਥੇ ਤੇ ਨਾ ਵੱਟ ਪਾਏ ਖਿੜੇ ਮੱਥੇ ਹੱਸ ਬੋਲੇ, ਜਨਮਾਂ ਦੇ ਪਾਪ ਗਵਾਏ ਗੁਰੂ ਰਾਮ ਸਿੰਘ ।
ਵੇਦਾਂਤ ਦੀ ਹੱਟੀ ਵਿਚੋਂ ਜੱਟੀ ਖਟੀ ਕੀ ਖੱਟੀ, ਸੱਟੀ ਵਿਚ ਅੱਗ ਦੇ ਪਰਥਾਏ ਗੁਰੂ ਰਾਮ ਸਿੰਘ ।
ਵਹਿਮ ਭਰਮ ਮੈਲ ਕਢ, ਪਾਸੇ ਵਾਲਾ ਸੋਨਾ ਕਰ, ਅੰਦਰਲੇ ਕਪਾਟ ਖੁਲਾਏ ਗੁਰੂ ਰਾਮ ਸਿੰਘ ।
ਪੈਰੀਂ ਪਾਪ ਉਏ ਛਨਾਂ ਉਤੋਂ ਲੰਘ ਆਏ, ਖਿਜਰ ਤੋਂ ਨਾ ਗਏ ਅਟਕਾਏ ਗੁਰੂ ਰਾਮ ਸਿੰਘ ।
ਤਨੋਂ ਮਨੋਂ ਇਕ ਹੋ ਜਿਹੜੇ ਇਹ ਦੀ ਸਰਨ ਆਵੇ, ਭਵਜਲੋਂ ਵੀ ਪਾਰ ਲੰਘਾਏ ਗੁਰੂ ਰਾਮ ਸਿੰਘ ।
ਦੇਸ਼ ਦੇ ਗਦਾਰਾਂ ਤੇ ਮਕਾਰਾਂ ਤਾਈਂ ਪੀੜ ਪਏ ਸੁਤੇ ਹੋਏ ਸ਼ੇਰ ਨੇ ਜਗਾਏ ਗੁਰੂ ਰਾਮ ਸਿੰਘ ।
ਘਰ ਘਰ ਨਾਦ ਵੱਜਾ ਨਗਾਰੇ ਉੱਤੇ ਚੋਟ ਪਈ, ਝੰਡੇ ਅਜ਼ਾਦੀ ਦੇ ਝੁਲਾਏ ਗੁਰੂ ਰਾਮ ਸਿੰਘ ।
ਮਾਲਾ ਸੋਧੀ ਤੋਪ ਨਾਲ ਵਾਰ ਵਾਰ ਵਾਰ ਕਰ, ਛੱਕੇ ਅੰਗਰੇਜ਼ ਦੇ ਛੁਡਾਏ ਗੁਰੂ ਰਾਮ ਸਿੰਘ ।
ਤੇਰ ਭੌਰ ਭੌ ਹਾਏ ਅੰਗਰੇਜ਼ ਦੀ ਗਈ ਮੱਤ ਮਾਰੀ, ਪਤਾ ਨਾ ਲੱਗੇ ਕੀ ਕਰਾਏ ਗੁਰੂ ਰਾਮ ਸਿੰਘ ।
ਏਸ ਲਈ ਉਹਨਾਂ ਤਾਈਂ ਭੋਣੀ ਵਿਚ ਡੱਕ ਦਿਤਾ, ਮਤਾਂ ਏਥੋਂ ਨਿਕਲ ਨਾ ਜਾਏ ਗੁਰੂ ਰਾਮ ਸਿੰਘ ।
ਗੁਰੂ ਰਾਮ ਸਿੰਘ ਕੋਈ ਮਿੱਟੀ ਦਾ ਨਾ ਪੁਤਲਾ ਸੀ, ਕਿ ਇਕ ਥਾਂ ਬੰਨ੍ਹ ਕੇ ਬਹਾਏ ਗੁਰੂ ਰਾਮ ਸਿੰਘ ।
ਓਸ ਦੀ ਹੈ ਮੌਜ ਜੋ ਚਾਹੇ ਉਹ ਕਰੀ ਜਾਵੇ, ਕਿਹੜਾ ਉਹਨੂੰ ਫੜੇ ਤੇ ਫੜਾਏ ਗੁਰੂ ਰਾਮ ਸਿੰਘ ।
ਏਥੇ ਹੀ ਬੱਸ ਨਹੀਂ ਕਿਹੜੇ ਕਿਹੜੇ ਗਿਣਦਾ, ਜਿਹੜੇ ਜਿਹੜੇ ਕਸ਼ਟ ਨਾ ਉਠਾਏ ਗੁਰੂ ਰਾਮ ਸਿੰਘ ।
ਐਪਰ ਓਸ ਸ਼ੇਰ ਤਾਂਈਂ ਕੌਣ ਹੈ ਡਰਾਣ ਵਾਲਾ ਜਾਨ ਨਿਕਲ ਜਾਏ ਭੜਕਾਏ ਗੁਰੂ ਰਾਮ ਸਿੰਘ ।
ਵਾਰੀ ਬਲਿਹਾਰੀ ਜਾਵਾਂ ਪਿਆਰੀ ਸੋਹਣੀ ਸੂਰਤ ਤੋਂ, ਸੀਸ ਉੱਤੇ ਛੱਤਰ ਸੁਹਾਏ ਗੁਰੂ ਰਾਮ ਸਿੰਘ ।
ਇਹੋ ਜਿਹੇ ਗੁਰੂ ਸਾਡੇ 'ਜਯੋਤ' ਜਿਦੇ ਚਰਨ ਫੜੇ ਰੰਗ ਮਜੀ ਫੜੇ ਰੰਗਾਏ ਗੁਰੂ ਰਾਮ ਸਿੰਘ ।

ਨਿਰੰਜਨ ਸਿੰਘ 'ਜਯੋਤੀ'
ਗੁਜਰਾਂਵਾਲੀਆ ਦਿੱਲੀ ।

ਸਿਮਰਨ ਤੇ ਇਸ ਦਾ ਸਮਾਂ

ਸਵਰਨ ਸਿੰਘ ਸਨੇਹੀ
ਐਮ. ਏ.

ਸਿਮਰਨ ਦਾ ਭਾਵ ਅਕਾਲ ਪੁਰਖ ਦੇ ਪਵਿੱਤਰ ਨਾਮ ਦਾ ਜਾਪ ਕਰਨ ਤੋਂ ਹੈ। 'ਕਿਰਤਮ ਨਾਮ ਕਥੇ ਤੇਰੇ ਜਿਹਬਾਂ' (੧੦੮੩) ਦੇ ਵਾਕ ਅਨੁਸਾਰ ਅਸੀਂ ਪ੍ਰਮਾਤਮਾ ਦੇ ਕਿਰਤਮ ਨਾਮ ਹੀ ਜਾਪਦੇ—ਉਚਾਰਦੇ ਹਾਂ ਤੇ ਇਨ੍ਹਾਂ ਨਾਵਾਂ ਦੀ ਗਿਣਤੀ ਦਾ ਵੀ ਕੋਈ ਆਰ ਪਾਰ ਨਹੀਂ। ਤਦ ਹੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਹੈ—

ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤ ॥ (ਜਾਪ ਸਾਹਿਬ)

ਵਿਦਵਾਨਾਂ ਅਨੁਸਾਰ ਉਪਾਸਨਾ, ਜਪ, ਸਿਮਰਨ ਤੇ ਭਜਨ ਵਿਚ ਥੋੜ੍ਹਾ ਬਹੁਤਾ ਫਰਕ ਜ਼ਰੂਰ ਹੈ। 'ਜਪ' ਦੇ ਅਗੋਂ ਵਿਚ ਤਿੰਨ ਭੇਦ ਕੀਤੇ ਹਨ—(੧) ਵਾਚਕ (੨) ਉਪਾਸੂ ਤੇ (3) ਮਾਨਸ। ਵਾਚਕ ਜਪ ਉਸ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਸਪਸ਼ਟ ਅਖਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਪਾਸੂ ਵਿਚ ਵਿਚ ਸ਼ਬਦ ਜਾਂ ਮੰਤਰ ਦਾ ਉਚਾਰਨ ਇਸ ਢੰਗ ਨਾਲ, ਹੋਂਠਾਂ ਦੇ ਅੰਦਰ ਅੰਦਰ ਹੀ, ਕੀਤਾ ਜਾਂਦਾ ਹੈ ਕਿ ਇਸ ਨੂੰ ਕੋਲ ਬੈਠਾ ਕੋਈ ਦੂਜਾ ਜਣਾ ਨਾ ਸੁਣ ਸਕੇ। ਮਾਨਸ ਜਪ ਉਹ ਹੈ ਜੋ ਕੀਤਾ ਹੀ ਮਨ ਵਿਚ ਜਾਂਦਾ ਹੈ ਜਿਵੇਂ ਭਾਈ ਗੁਰਦਾਸ ਜੀ ਨੇ ਭਗਤ ਪ੍ਰਹਿਲਾਦ ਬਾਰੇ ਲਿਖਿਆ ਹੈ—

ਸਿਮਰੈ ਮਨ ਵਿਚ ਰਾਮ ਨਾਮ ਗਾਵੈ ਸ਼ਬਦ ਅਨਾਹਦ ਨਾਦ ॥

(ਵਾਰ ੧੦, ਮ: ੨ ਭਾ: ਗੁਰਦਾਸ)

ਜਿਸ ਸ਼ਬਦ ਦਾ ਜਾਪ ਜਾਂ ਸਿਮਰਨ ਕੀਤਾ ਜਾਂਦਾ ਹੈ ਗੁਰਬਾਣੀ ਵਿਚ ਉਸ ਨੂੰ ਮੰਤ੍ਰ ਜਾਂ ਗੁਰਮੰਤ੍ਰ ਕਿਹਾ ਗਿਆ ਹੈ। ਮੰਤ੍ਰ ਦਾ ਅਰਥ ਵੀ ਇਹੋ ਕੀਤਾ ਜਾਂਦਾ ਹੈ ਕਿ ਜੋ ਗੁਪਤ ਜਪਿਆ ਜਾਵੇ। ਅਗੋਂ ਹੋਰ ਬਰੀਕੀ ਵਿਚ ਜਾਈਏ ਤਾਂ ਮੰਤ੍ਰ ਤਾਂ ਕਈ ਹੋਰ ਵੀ ਹੋ ਸਕਦੇ ਹਨ ਜਿਵੇਂ ਜਾਦੂ ਟੂਣੇ ਕਰਨ ਵਾਲੇ ਆਦਮੀ ਵੀ ਮੰਤ੍ਰ ਪੜ੍ਹਦੇ ਸੁਣੀਂਦੇ ਹਨ ਪਰ ਗੁਰਮੰਤ੍ਰ ਸਭ ਤੋਂ ਵਿਸ਼ੇਸ਼ ਤੇ ਉਤਮ ਹੈ ਜਿਸ ਦੀ ਪ੍ਰਾਪਤੀ ਕੇਵਲ ਗੁਰੂ ਕੋਲੋਂ ਹੀ ਹੋ ਸਕਦੀ ਹੈ—ਹੋਰ ਕਿਤਿਉਂ ਨਹੀਂ। ਗੁਰੂ ਅਮਰਦਾਸ ਜੀ ਦਾ ਕਥਨ ਹੈ—

ਸਤਿਗੁਰੂ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥

(ਮਲਾਰ ਮ: ੩, ਪੰਨਾ—੧੨੫੮)

ਗੁਰਮਤਿ ਵਿਚ ਗੁਰਮੰਤ੍ਰ ਦੀ ਵਿਸ਼ੇਸ਼ਤਾ ਸ਼ਾਇਦ ਇਸ ਕਰਕੇ ਵੀ ਹੈ ਕਿ ਗੁਰਮਤਿ ਨੇ, ਜੰਗਲਾਂ ਵਿਚ ਫਿਰਕੇ, ਭੁਖੇ ਨੰਗੇ ਰਹਿ ਕੇ, ਪੈਰਾਂ ਵਿਚ ਕੰਡੇ ਚੁਭਾਉਣ ਦੀ ਵਿਚਾਰਧਾਰਾ ਦੀ ਵਿਰੋਧਤਾ ਕੀਤੀ ਹੈ। ਫਰੀਦ ਜੀ ਕਹਿੰਦੇ ਹਨ—

Sri Satguru Jagjit Singh Ji Elibrary NamdhariElibrary@gmail.com

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ, ਵਣਿ ਕੰਡਾ ਮੋੜੇਹਿ ।
ਵਸੀ ਰਬੁ ਹਿਆਲੀਐ, ਜੰਗਲੁ ਕਿਆ ਢੂਢੇਹਿ ?

(ਸਲੋਕ ਫਰੀਦ, ੧੩੭੮)

ਗੁਰਮਤਿ ਵਿਚ ਗ੍ਰਿਸਤ ਦੀ ਹੀ ਪ੍ਰਧਾਨਤਾ ਹੈ । ਜੇ ਗੁਰਮੰਤ੍ਰ ਪ੍ਰਾਪਤ ਹੋਵੇ ਤਾਂ ਪ੍ਰਾਣੀ ਗ੍ਰਿਸਤ ਵਿਚ ਰਹਿ ਕੇ, ਇਸ ਦਾ ਸਿਮਰਨ ਕਰ ਕੇ ਮਨ ਦੀ ਸ਼ਾਂਤੀ ਪ੍ਰਾਪਤੀ ਕਰ ਸਕਦਾ ਹੈ । ਗੁਰਮੰਤ੍ਰ ਤੋਂ ਰਹਿਤ ਬੰਦਾ ਭਾਵੇਂ ਜੰਗਲਾਂ ਵਿਚ ਵੀ ਫਿਰੀ ਜਾਵੇ ਫਿਰ ਵੀ ਸ਼ਾਂਤੀ ਪ੍ਰਾਪਤੀ ਨਹੀਂ ਹੁੰਦੀ ਤਾਂ ਹੀ ਤਾਂ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ—

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ।......
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ।

(ਸਿਰੀ ਰਾਗ ਮ: ੧, ਪੰਨਾ ੨੨)

ਕਿਉਂਕਿ ਜੰਗਲਾਂ ਵਿਚ ਫਿਰਨ ਨਾਲ ਵੀ ਮਨ ਦੇ ਵਿਕਾਰ ਦੂਰ ਨਹੀਂ ਹੁੰਦੇ ਤੇ ਜਿੰਨਾਂ ਚਿਰ ਮਨ ਸਾਫ਼ ਨਹੀਂ ਉਨਾਂ ਚਿਰ ਪ੍ਰਮਾਤਮਾ ਪ੍ਰਾਪਤੀ ਮ੍ਰਿਗ ਤ੍ਰਿਸ਼ਨਾ ਵਾਂਗ ਇਕ ਸੁਪਨਾ ਹੀ ਰਹਿੰਦਾ ਹੈ—

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ।
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ।

(ਬਿਲਾਵਲ ਕਬੀਰ, ਪੰਨਾ ੮੫੫)

ਗੁਰਮੰਤ੍ਰ ਦੀ ਗੁਰਮਤਿ ਵਿਚ ਕਿੰਨੀ ਮਹਾਨਤਾ ਹੈ ਇਸ ਗੱਲ ਦਾ ਅਨੁਮਾਨ ਇਥੋਂ ਹੀ ਲਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ 'ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ । ਕੂਕਰਹ, ਸੂਕਰਹ, ਗਰਧਭਹ, ਕਾਕਹ, ਸਰਪਨਹ ਤੁਲਿ ਖਲਹ ।' ਦਾ ਵਾਕ ਉਚਾਰ ਕੇ ਗੁਰਮੰਤ੍ਰਹੀਨ ਪ੍ਰਾਣੀ ਨੂੰ ਕੁਤੇ, ਸੂਰ, ਖੋਤੇ, ਕਾਂ ਤੇ ਸੱਪ ਨਾਲੋਂ ਵੀ ਨੀਚ ਦਸਿਆ ਹੈ । ਇਥੇ ਹੀ ਬੱਸ ਨਹੀਂ, ਜੋ ਗੁਰਮੰਤ੍ਰ ਨੂੰ ਪ੍ਰਾਪਤ ਕਰਕੇ ਇਸ ਦਾ ਚਿੰਤਨ ਜਾਂ ਸਿਮਰਨ ਨਹੀਂ ਕਰਦਾ ਉਸ ਨੂੰ ਵੀ ਮੰਦਾ ਗਿਣਿਆ ਗਿਆ ਹੈ । ਨਾਮ ਨਾ ਜਪਣ ਵਾਲੇ ਨੂੰ ਗੁਰਬਾਣੀ ਵਿਚ ਆਤਮਘਾਤੀ ਵੀ ਕਿਹਾ ਗਿਆ ਹੈ । ਅਜਿਹੇ ਬੰਦੇ ਦੀ ਅਗੋਂ ਕੁੱਲ ਹੀ ਬੰਦ ਕਰ ਦੇਣ ਦੀ ਅਰਦਾਸ ਪ੍ਰਮਾਤਮਾ ਅਗੇ ਕਰਦੇ ਹੋਏ ਗੁਰੂ ਰਾਮਦਾਸ ਜੀ ਲਿਖਦੇ ਹਨ—

ਹਰਿ ਤਿਸਕੈ ਕੁਲਿ ਪਰਸੂਤਿ ਨ ਕਰੀਅਹੁ,
ਤਿਸੁ ਬਿਧਵਾ ਕਰਿ ਮਹਤਾਰੀ । (ਰਾਗੁ ਮਲਾਰ ਮ: ੪, ੧੨੬੩)

'ਜਪੁਜੀ' ਵਿਚ ਗੁਰੂ ਨਾਨਕ ਦੇਵ ਨੇ ਦਲੀਲਾਂ ਦੇ ਕੇ ਸਮਝਾਇਆ ਹੈ ਕਿ ਜਿਸ ਤਰ੍ਹਾਂ ਗੰਦੇ ਮੰਦੇ ਕਪੜੇ ਕਪੜੇ ਨੂੰ ਸਾਬਣ ਲਾ ਕੇ ਸਾਫ਼ ਕਰ ਲਈਦਾ ਹੈ ਇਸੇ ਤਰ੍ਹਾਂ ਹੀ ਪਾਪਾਂ ਨਾਲ ਖਰਾਬ ਤੇ ਮੈਲੇ ਹੋਏ ਮਨ ਨੂੰ 'ਨਾਮ' ਜਪ ਕੇ ਸਾਫ਼ ਕਰ ਲਈਦਾ ਹੈ । ਪਰ ਭਗਤ ਕਬੀਰ ਜ਼ਰਾ ਹੋਰ ਵਿਸਥਾਰ ਦੇ ਕੇ, ਇਸੇ ਨੂੰ ਸਪਸ਼ਟ ਕਰਦਾ ਹੋਇਆ, ਕਹਿੰਦਾ ਹੈ ਕਿ ਨਾਮ ਜਪਣ ਨਾਲ ਮਨ ਕੇਵਲ ਸਾਫ਼ ਹੀ ਨਹੀਂ ਹੁੰਦਾ ਸਗੋਂ ਇੰਨਾਂ ਪਵਿਤਰ ਵੀ ਹੋ ਜਾਂਦਾ ਹੈ ਕਿ ਜਿਸ ਪ੍ਰਮਾਤਮਾ ਨੂੰ ਜੀਵ ਪਹਿਲਾਂ ਕਿਸੇ ਜਤਨ ਨਾਲ ਵੀ ਲੱਭ ਨਹੀਂ ਸਕਿਆ ਹੁੰਦਾ, ਉਹ ਅਕਾਲ ਪੁਰਖ, ਨਾਮ ਜਪਣ ਵਾਲੇ ਦੇ ਮਗਰ ਮਗਰ ਫਿਰਨ ਲੱਗ ਪੈਂਦਾ ਹੈ—

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ।

Sri Satguru Jagjit Singh Ji Elibrary NamdhariElibrary@gmail.com

ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ।

(ਸਲੋਕ ਕਬੀਰ, ਪੰਨਾ—੧੩੬੭)

ਨਾਮ ਦਾ ਪ੍ਰਤਾਪ ਤੇ ਮਹਾਤਮ ਇੰਨਾਂ ਹੈ ਕਿ ਜਿਥੇ ਬੈਠ ਕੇ ਇਸ ਦਾ ਸਿਮਰਨ ਕੀਤਾ ਜਾਂਦਾ ਹੈ ਉਸ ਸਾਧਾਰਨ ਸਥਾਨ ਨੂੰ ਵੀ ਗੁਰਬਾਣੀ ਵਿਚ ਸੋਨੇ ਦੇ ਚੌਬਾਰਿਆਂ ਨਾਲ ਤੁਲਨਾ ਦਿਤੀ ਗਈ ਹੈ ਪਰ ਜਿਥੇ ਨਾਮ ਨਹੀਂ ਜਪਿਆ ਜਾਂਦਾ ਉਹ ਮਹਿਲ ਮੁਨਾਰੇ ਵੀ ਕਿਸੇ ਕੰਮ ਨਹੀਂ ਕਿਉਂਕਿ ਉਹ ਤਾਂ ਸਗੋਂ ਮਨ ਨੂੰ ਮਾਇਆ ਵਿਚ ਫਸਾ ਕੇ ਪ੍ਰਮਾਤਮਾ ਤੋਂ ਹੋਰ ਦੂਰ ਕਰਨ ਦੇ ਜ਼ਿਮੇਵਾਰ ਹੁੰਦੇ ਹਨ। ਇਸੇ ਲਈ ਘੁੱਗ ਵਸਦੇ ਨਗਰਾਂ ਨੂੰ ਉਜਾੜ ਆਖਿਆ ਗਿਆ ਹੈ—

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ।
ਸੇ ਅਸਥਲ ਸੋਇਨ ਚਉਬਾਰੇ ।
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ।
ਸੇਈ ਨਗਰ ਉਜਾੜੀ ਜੀਉ । (ਮਾਝ ਮ: ੫, ਪੰਨਾ—੧੦੫)

ਜਿੰਨਾਂ ਜ਼ੋਰ ਗੁਰੂ ਜੀ ਨੇ ਨਾਮ ਜਪਣ ਤੇ ਦਿਤਾ ਹੈ ਉਨ੍ਹਾਂ ਹੀ ਮਨ ਨੂੰ ਕਪਟ ਰਹਿਤ ਕਰਨ ਦਾ ਉਪਦੇਸ਼ ਦੇਣ ਤੇ ਵੀ ਦਿਤਾ ਹੈ ਕਿਉਂਕਿ ਜੇ ਮਨ ਵਿਚ ਦੁਬਿਧਾ ਜਾ ਕਪਟ ਆਦਿ ਹੋ ਰਿਹਾ ਤਾ ਉਥੇ ਨਾਮ ਸਮਾਉਣਾ ਹੀ ਅਸੰਭਵ ਹੈ ਤੇ ਜੇ ਕੋਈ ਕਪਟੀ ਨਾਮ ਸਿਮਰਨ ਕਰਦਾ ਜਾਪਦਾ ਹੈ ਤਾਂ ਉਹ ਲੋਕਾਂ ਨੂੰ ਧੋਖਾ ਦੇਣ ਵਾਸਤੇ ਹੀ ਹੋ ਸਕਦਾ ਹੈ; ਉਸ ਦੀ ਆਤਮਾ ਜਾਂ ਮਨ ਨੂੰ ਇਸ ਦਾ ਕੋਈ ਲਾਭ ਨਹੀਂ—

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ।
ਅਨਦਿਨੁ ਕਰਮ ਕਰਹਿ ਬਹੁ ਤੇਰੇ, ਸੁਪਨੈ ਸੁਖੁ ਨ ਕੋਈ ।

(ਸੂਹੀ ਮ: ੫, ਪੰਨਾ—੭੩੨)

ਇਸ ਤੋਂ ਉਲਟ, ਇਕਾਗਰ ਮਨ ਨਾਲ ਥੋੜਾ ਚਿਰ ਵੀ ਸਿਮਰਨ ਕਰਨ ਨਾਲ ਚੌਰਾਸੀ ਕੱਟੀ ਜਾਂਦੀ ਹੈ। ਦਸਮੇਸ਼ ਜੀ ਫ਼ਰਮਾਉਂਦੇ ਹਨ—

ਏਕ ਚਿੱਤ ਜਿਹ ਇਕ ਛਿਨ ਧਯਾਯੋ ।
ਕਾਲ ਫਾਸ ਕੇ ਬੀਚ ਨ ਆਯੋ ।

ਗੁਰੂ ਗੋਬਿੰਦ ਸਿੰਘ ਦਾ ਅਨਿੰਨ ਭਗਤ ਭਾਈ ਨੰਦ ਲਾਲ ਕਹਿੰਦਾ ਹੈ—

ਹਰਕਿ ਦਰ ਯਾਦੇ ਖ਼ੁਦਾ ਦਾਯਮ ਬਵਦ ।
ਬਾਖ਼ੁਦਾ ਕਾਯਮ ਬਵਦ, ਕਾਯਮ ਬਵਦ ।

ਅਰਥਾਤ ਜੋ ਪੁਰਖ ਚੌਤੇ ਪਹਿਰ ਅਕਾਲ ਪੁਰਖ ਦੇ ਸਿਮਰਨ ਵਿਚ ਲੀਨ ਰਹਿੰਦਾ ਉਹ ਅਕਾਲ ਪੁਰਖ ਨਾਲ ਨਿਤਥਿਰਤਾ ਪਾਉਂਦਾ ਹੈ।

ਗੁਰਬਾਣੀ ਦੇ ਆਧਾਰ ਤੇ ਇਹ ਗੱਲ ਤਾਂ ਸਪਸ਼ਟ ਹੋ ਗਈ ਕਿ ਜੀਵ ਨੂੰ ਗੁਰਮੰਤ੍ਰ ਪ੍ਰਾਪਤ ਕਰਕੇ ਉਸਦਾ ਸਿਮਰਨ ਕਰਨਾ ਚਾਹੀਦਾ ਹੈ। ਹੁਣ ਅਗਲਾ ਸੁਆਲ ਉਠਦਾ ਹੈ ਕਿ ਇਹ ਸਿਮਰਨ ਕਰਨਾ ਕਿਹੜੇ ਸਮੇਂ ਚਾਹੀਦਾ ਹੈ। ਇਸ ਬਾਰੇ ਵੀ ਗੁਰਬਾਣੀ ਵਿਚ ਇਕ ਨਹੀਂ ਅਨੇਕ ਥਾਈਂ ਸੰਕੇਤ ਦਿਤੇ ਗਏ ਹਨ।

ਇਸ ਗੱਲ ਤੇ ਹੋਰ ਅਗੇ ਵਿਚਾਰ ਕਰਨ ਤੋਂ ਪਹਿਲਾਂ ਇਹ ਗੱਲ ਧਿਆਨ ਵਿਚ ਲਿਆਉਣੀ ਬਣਦੀ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਭਗਤ ਚਾਰ ਤਰ੍ਹਾਂ ਦੇ ਗਿਣੇ ਹਨ—

Sri Satguru Jagjit Singh Ji Elibrary   NamdhariElibrary@gmail.com

(੧) ਕਾਮਵਾਨ, (੨) ਆਰਤ, (੩) ਉਪਾਸਕ ਤੇ (੪) ਗਿਆਨੀ। ਕਾਮਵਾਨ ਤੇ ਆਰਤ ਭਗਤ ਦੀ ਭਗਤੀ ਦਾ ਆਮ ਕਰਕੇ ਕੋਈ ਸਮਾਂ ਨੀਯਤ ਨਹੀਂ—ਉਸ ਨੂੰ ਜਦੋਂ ਕੋਈ ਕੰਮ ਬਣੇ ਜਾਂ ਬਿਪਤਾ-ਸੰਕਟ ਆ ਘੇਰੇ ਉਹ ਉਦੋਂ ਹੀ ਭਗਤੀ ਕਰਦਾ ਹੈ। ਦਰੋਪਦੀ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਦੋਂ ਦੁਸਾਸਨ ਦੀ ਸਭ ਵਿਚ ਉਸ ਨੂੰ ਨੰਗਿਆ ਕਰਨ ਦੇ ਜਤਨ ਸ਼ੁਰੂ ਹੋਣ ਲੱਗੇ ਤਦ 'ਅਖੀਂ ਮੀਟਿ ਧਿਆਨੁ ਧਰਿ, ਹਾ ਹਾ ਕ੍ਰਿਸਨ ਕਰੇ ਬਿਲਲਾਂਦੀ।' ਤੇ ਭਗਵਾਨ ਨੇ ਉਸ ਦੀ ਲਾਜ ਰੱਖੀ ਪਰ ਗੁਰਮਤਿ ਵਿਚ ਇਸ ਭਗਤੀ ਨੂੰ ਇੰਨਾਂ ਚੰਗਾ ਨਹੀਂ ਗਿਣਿਆ ਗਿਆ। ਕਬੀਰ ਦਾ ਸਲੋਕ ਹੈ—

ਕਬੀਰ ਕਾਮਿ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ।
ਅਮਰਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿੱਤ।

(ਸਲੋਕ ਕਬੀਰ, ਪੰਨ ੧੩੭੩)

ਚੌਂਹ ਕਿਸਮਾਂ ਦੇ ਭਗਤਾਂ ਵਿਚੋਂ ਗਿਆਨੀ ਭਗਤ ਨੂੰ ਹੀ ਸ੍ਰੇਸ਼ਟ ਮੰਨਿਆ ਗਿਆ ਹੈ। ਗਿਆਨੀ ਦੀ ਸਿਫਤ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਲਿਖਦੇ ਹਨ—

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨੁ ਰੇ ਮਨਾ ਗਿਆਨੀ ਤਾਹਿ ਬਖਾਨਿ।

(ਸਲੋਕ ਮ: ੯, ਪੰਨਾ—੧੪੨੭)

ਜਿਹੜੇ ਪੁਰਖ ਜਾਂ ਜੀਵ ਨਿਸਕਾਮ ਭਗਤੀ ਕਰਦੇ ਹਨ ਉਹ ਅੰਮ੍ਰਿਤ ਵੇਲੇ ਨੂੰ ਹੀ ਸਿਮਰਨ ਦਾ ਸਹੀ ਸਮਾਂ ਦਸਦੇ ਹਨ। ਜਪੁ ਵਿਚ ਗੁਰੂ ਨਾਨਕ ਦੇਵ ਜੀ ਨੇ ਵੀ ਇਸੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਹੈ—

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ। (ਜਪੁ, ਪੰਨਾ—੨)

ਫਿਰ, ਅੰਮ੍ਰਿਤ ਵੇਲੇ ਵੀ ਗੁਰਸਿਖ ਨੇ ਮੁਖ ਤੌਰ ਤੇ ਤਿੰਨ ਕਰਮ ਕਰਨੇ ਹੁੰਦੇ ਹਨ। ਇਸ਼ਨਾਨ ਕਰਨਾ, ਗੁਰਬਾਣੀ ਦਾ ਪਾਠ ਤੇ ਸਿਮਰਨ ਕਰਨਾ। ਪਹਿਲਾਂ ਕੰਮ ਇਸ਼ਨਾਨ ਕਰ ਕੇ ਪਵਿਤਰ ਹੋਣ ਦਾ ਜ਼ਰੂਰੀ ਹੈ। ਗੁਰੂ ਅਰਜਨ ਵਾਕ ਹੈ—

ਉਠਿ ਇਸਨਾਨੁ ਕਰਹੁ ਪਰਭਾਤੇ, ਸੋਏ ਹਰਿ ਆਰਾਧੇ।

(ਬਸੰਤ ਮ: ੫, ਪੰਨਾ—੧੧੮੫)

ਭਾਈ ਗੁਰਦਾਸ ਜੀ ਇਸੇ ਵਿਚਾਰ ਦੀ ਇਉਂ ਪ੍ਰੋੜ੍ਹਤਾ ਕਰਦੇ ਹਨ—

ਗੁਰਸਿਖ ਭਲਕੇ ਉੱਠ ਕਰ ਅੰਮ੍ਰਿਤ ਵੇਲੇ ਸਰ ਨ੍ਹਾਵੰਦਾ।

ਅਤੇ

(ਵਾਰ ੪੦, ਪਉੜੀ ੧੧)

ਕੁਰਬਾਣੀ ਤਿਨਾਂ ਗੁਰਸਿੱਖਾਂ ਪਿੱਛਲ ਰਤੀਂ ਉਠਿ ਬਹੰਦੇ।
ਕੁਰਬਾਣੀ ਤਿਨਾਂ ਗੁਰਸਿੱਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ।

(ਵਾਰਾਂ, ਵਾਰ ੧੨, ਪਉੜੀ ੨)

ਇਸ ਤੋਂ ਅਗੇ ਦੋਂਹ ਗੱਲਾਂ ਦਾ ਰੌਲਾ ਰਹਿ ਗਿਆ ਕਿ ਇਸ਼ਨਾਨ ਕਰਨ ਤੋਂ ਪਿਛੋਂ ਪਹਿਲਾਂ ਗੁਰਬਾਣੀ ਪੜ੍ਹੀ ਜਾਵੇ ਕਿ ਸਿਮਰਨ ਕੀਤਾ ਜਾਵੇ? ਇਸ ਜਿੱਲ੍ਹਦ ਵਿਚੋਂ ਸਾਨੂੰ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਕਢਦੇ ਹਨ। ਗੁਰਸਿਖ ਦਾ ਨਿਤਕਰਮ ਵਰਨਣ ਕਰਦੇ ਆਪ ਲਿਖਦੇ ਹਨ—

Sri Satguru Jagjit Singh Ji Elibrary NamdhariElibrary@gmail.com

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਵੈ ।
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰ ਨਾਵੈ ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿਨਾਮ ਧਿਆਵੈ ।

(ਗਉੜੀ ਕੀ ਵਾਰ, ਮ: ੪, ਪੰਨਾ—੩੦੫)

ਸਿਮਰਨ ਦਾ ਸੁਆਦ ਲੈਣ ਵਾਲਿਆਂ ਦਾ ਜ਼ਿਕਰ ਕਰਦਿਆਂ ਗੁਰੂ ਅੰਗਦ ਦੇਵ ਜੀ ਲਿਖਦੇ ਹਨ ਕਿ ਉਹ ਲੋਕ ਦਰਿਆਵਾਂ ਜਾਂ ਨਦੀਆਂ ਦੇ ਕੰਢੇ ਰਹਿੰਦੇ ਹੁੰਦੇ ਸਨ ਤਾਂ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਸੌਖਾ ਹੋਵੇ । ਚੌਥਾ ਪਹਿਰ ਸ਼ੁਰੂ ਹੁੰਦਿਆਂ ਹੀ ਉਨ੍ਹਾਂ ਦੇ ਮਨਾਂ ਵਿਚ ਚਾਉ ਚੜ੍ਹ ਜਾਂਦਾ ਸੀ ਤੇ ਉਹ ਮੂੰਹ ਤੇ ਮਨ-ਦੋਹਾਂ ਨਾਲ ਹੀ ਸਿਮਰਨ ਕਰਦੇ ਸਨ —

ਚਉਥੈ ਪਹਰਿ ਸਬਾਹ ਕੈ,
ਸੁਰਤਿਆ ਉਪਜੈ ਚਾਉ ।
ਤਿਨਾ ਦਰਿਆਵਾ ਸਿਉ ਦੋਸਤੀ,
ਮਨਿ ਮੁਖਿ ਸਚਾ ਨਾਉ । (ਵਾਰ ਮਾਝ, ਮ: ੨, ਪੰਨਾ ੧੪੬)

ਇਕ ਹੋਰ ਥਾਂ ਗੁਰੂ ਸਾਹਿਬ ਪ੍ਰਸ਼ਨ ਕਰਦੇ ਹਨ ਕਿ ਕਿ ਅੰਮ੍ਰਿਤ ਵੇਲੇ ਉਠ ਕੇ ਕਿਸ ਦਾ ਨਾਉਂ ਲੈਣਾ ਜਾਂ ਜਾਪ ਕਰਨਾ ਚਾਹੀਦਾ ਹੈ ? ਅਗੋ ਆਪ ਹੀ ਉਤਰ ਦਿੰਦੇ ਹਨ—

ਵਡੜੈ ਝਾਲਿ ਝਲੁੰਭਲੇ ਨਾਵੜਾ ਲਈਐ ਕਿਸੁ ?
ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ।

(ਸਲੋਕ ਮ: ੩, ਪੰਨਾ ੧੪੨੦)

ਅੰਮ੍ਰਿਤ ਵੇਲੇ ਸਿਮਰਨ ਕਰਨ ਵਾਲਿਆਂ ਨੂੰ ਗੁਰੂ ਸਾਹਿਬ ਨੇ ਪੂਰੇ ਧਨੀ ਕਿਹਾ ਹੈ ਕਿਉਂਜੁ ਉਹ ਵੀ ਉਸੇ ਤਰ੍ਹਾਂ ਆਪਣਾ ਭਗਤੀ – ਵੇਲਾ ਨਹੀਂ ਖੁੰਝਣ ਦਿੰਦੇ ਜਿਸ ਤਰ੍ਹਾਂ ਸੂਰਬੀਰ ਜੰਗ ਤੋਂ ਪਿਛੇ ਨਹੀਂ ਹਟਦਾ—

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ।
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ।

(ਵਾਰ ਮਾਝ ਮ: ੧, ਪੰਨਾ—੧੪੫)

ਭਾਈ ਗੁਰਦਾਸ ਜੀ ਦੀਆਂ ਜਿਨ੍ਹਾਂ ਤੁਕਾਂ ਦਾ ਹਵਾਲਾ ਪਹਿਲਾਂ ਦਿਤਾ ਜਾ ਚੁਕਾ ਹੈ ਉਨ੍ਹਾਂ ਵਿਚ ਇਸਨਾਨ ਕਰਨ ਪਿਛੋਂ ਅਗਲੇ ਕੰਮ ਦਾ ਜ਼ਿਕਰ ਉਹਨਾਂ ਵੀ ਇਸੇ ਤਰ੍ਹਾਂ ਹੀ ਕੀਤਾ ਹੈ—

ਕੁਰਬਾਣੀ ਤਿਨਾ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪ ਜਪੰਦੇ ।
ਅਤੇ ਅੰਮ੍ਰਿਤ ਵੇਲੇ ਨ੍ਹਾਵਣਾ ਗੁਰਮੁਖ ਜਪੁ ਗੁਰਮੰਤ੍ਰ ਜਪਾਯਾ ।

(ਵਾਰ ੨੬, ਮ: ੪)

Sri Satguru Jagjit Singh Ji Elibrary NamdhariElibrary@gmail.com

ਫਰੀਦ ਨੇ ਇਕ ਥਾਂ 'ਰਾਤਿ ਕਥੂਰੀ ਵੰਡੀਐ' ਲਿਖਿਆ ਜ਼ਰੂਰ ਹੈ ਪਰ ਉਹ 'ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ' ਦੀ ਗੱਲ ਕਰਕੇ ਅੰਮ੍ਰਿਤ ਵੇਲੇ ਨਾ ਉਠਣ ਵਾਲਿਆਂ ਨੂੰ ਮੁਰਦੇ ਹੋਇਆ ਕਹਿੰਦਾ ਹੈ—

ਫਰੀਦਾ ਪਿਛਲ ਰਾਤਿ ਨ ਜਾਗਿਓਹਿ,
ਜੀਵਦੜੋ ਮੁਇਓਹਿ । (ਸਲੋਕ ਫਰੀਦ, ਪੰਨਾ ੧੩੮੩)

ਕਬੀਰ ਵੀ ਸਵੇਰ ਦੇ ਵਕਤ ਦਾ ਹੀ ਜ਼ਿਕਰ ਕਰਦਾ ਹੈ—

ਕਹਤੁ ਕਬੀਰੁ ਕੋਈ ਨਹੀਂ ਤੇਰਾ । ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ?
(ਸੋਰਠ ਕਬੀਰ ਪੰਨਾ—੬੫੬)

ਇਸ ਤੋਂ ਬਿਨਾਂ ਪ੍ਰਸ਼ਨ ਉੱਤਰ ਭਾਈ ਨੰਦ ਲਾਲ ਵਿਚ ਵੀ ਇਸੇ ਵੇਲੇ ਸਿਮਰਨ ਕਰਨ ਦੀ ਰਹਿਤ ਦਾ ਜ਼ਿਕਰ ਕੀਤਾ ਮਿਲਦਾ ਹੈ—

ਗੁਰਸਿਖ ਰਹਤ ਸੁਨਹੁ ਹੇ ਮੀਤ ।
ਪਰਭਾਤੇ ਉਠ ਕਰਿ ਹਿਤ ਚੀਤ ।
ਵਾਹਗੁਰੂ ਗੁਰ ਮੰਤ੍ਰ ਸੁ ਜਾਪ । ਕਰਿ ਇਸਨਾਨ ਪੜੇ ਜਪੁ ਜਾਪ ॥......

ਤੇ ਜਦੋਂ ਸਵੇਰ ਵੇਲੇ ਨਾਮ ਜਪਣ ਦੀ ਆਦਤ ਬਣ ਜਾਵੇ ਉਸ ਤੋਂ ਅਗਲੀ ਪਉੜੀ ਗੁਰੂ ਸਾਹਿਬ ਨੇ ਦੱਸੀ ਹੈ ਅਠੇ ਪਹਿਰ, ਚਲਦਿਆਂ ਫਿਰਦਿਆਂ, ਜਾਪ ਕਰਨ ਦੀ—

ਜਾ ਬਹਹਿ ਗੁਰਮੁਖਿ ਹਰਿਨਾਮੁ ਬੋਲਹਿ,
ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ ।
(ਤੁਖਾਰੀ ਮ: ੪, ਪੰਨਾ ੧੧੧੪)

ਭਾਵੇਂ ਪਛਮ ਦੇ ਲੋਕ ਭਾਰਤ ਤੋਂ ਆਤਮਕ ਸਿਖਿਆ ਤੇ ਬਲ ਪ੍ਰਾਪਤ ਕਰਨ ਦੀ ਦੌੜ ਲਾ ਰਹੇ ਹਨ ਪਰ ਅਸੀਂ ਤੇ ਪੰਜਾਬੀ ਲੋਕ ਉਨ੍ਹਾਂ ਦੀ ਰੀਸੇ, ਸੂਰਜ ਚੜ੍ਹਨ ਪਿਛੋਂ ਮੰਜਾ ਛਡਣ ਦੀ ਆਦਤ ਪੱਕੀ ਕਰ ਰਹੇ ਹਾਂ। ਗੁਰੂ ਸਾਹਿਬ ਨੇ ਸਾਥੋਂ ਇਹ ਆਸ ਕਦੇ ਨਹੀਂ ਸੀ ਰੱਖੀ। ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਵਲੋਂ ਦਰਸਾਏ ਗਏ ਮਾਰਗ ਤੇ ਚੱਲ ਕੇ ਨਾਮ ਸਿਮਰੀਏ ਤੇ ਜੀਵਨ ਸਫਲ ਕਰੀਏ ਕਿਉਂਕਿ —

ਇਸੁ ਹਰਿਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ।
ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ।
ਕਰੇ ਤਿਸੁ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ ।
(ਬਿਲਾਵਲ ਕੀ ਵਾਰ ਮ: ੩, ਪੰਨਾ—੮੫੩) ●

ਰੁਬਾਈ

ਵਿਚ ਵਿਛੋੜੇ ਯਾਦ ਹਾਂ ਕਰਕੇ, ਬਣ ਗਏ ਅਸੀਂ ਦੀਵਾਨੇ ਜੀ ।
ਤੁਮ ਘਰਿ ਆਵਹੁ ਮੇਰੇ ਮੀਤ, ਆਸਾ ਦੇ ਵਿਚ ਗਾਨੇ ਜੀ ॥
ਤੁਧ ਬਿਨ ਪੀਆ ਲੋਗ ਅਸਾਨੂੰ, ਮਾਰਦੇ ਨੇ ਹੁਣ ਤਾਨ੍ਹੇ ਜੀ ।
ਦੇਹ ਦਰਸ਼ਨ, ਦਰਸ਼ਨ, ਨੂੰ ਪ੍ਰੀਤਮ, ਸਮਝ ਨਾ ਸਾਨੂੰ ਬੇਗਾਨੇ ਜੀ ॥ ਦਰਸ਼ਨ ਸਿੰਘ ਲੁਧਿਆਣਾ

Sri Satguru Jagjit Singh Ji Elibrary NamdhariElibrary@gmail.com

ਇਕ ਅਪੀਲ ਨਾਮਧਾਰੀ ਨੌਜਵਾਨਾਂ ਪ੍ਰਤੀ

ਅਜੀਤ ਸਿੰਘ

ਸਕੱਤਰ : ਸਰਬ ਹਿੰਦ ਨਾ: ਵਿ: ਜਥਾ

ਸ੍ਰੀ ਮਾਨ ਜੀਓ,

ਸਤਿ ਸ੍ਰੀ ਅਕਾਲ ।

ਸਿਆਣੇ ਆਖਦੇ ਹਨ 'ਇਕ ਤੇ ਇਕ, ਦੋ ਗਿਆਰਾਂ ।' ਭਾਵ ਜਦੋਂ ਕਿਸੇ ਸੰਸਥਾ ਵਿਚ ਏਕੇ ਦੀ ਭਾਵਨਾ ਆ ਜਾਵੇ, ਮਿਲਜੁਲ ਕੇ ਕੰਮ ਕਰਨ ਲਗ ਪੈਣ ਤਾਂ ਅਸੰਭਵ ਕੰਮ ਵੀ ਸੰਭਵ ਹੋ ਜਾਂਦਾ ਹੈ। ਇਕ ਅਮਰੀਕਨ ਲਿਖਦਾ ਹੈ । ਚਾਹੇ ਸਾਡੇ ਇਹ ਹਸਦੇ ਵਸਦੇ ਸ਼ਹਿਰ ਉਜਾੜ ਦਿਓ, ਸਾਨੂੰ ਵਾਂਝਿਆ ਕਰ ਦੇਵੋ ਇਨ੍ਹਾਂ ਕਾਰਖਾਨਿਆਂ ਤੋਂ, ਖੋਹ ਲੋਹ ਸਾਡੇ ਤੋਂ ਇਹ ਧਨ ਦੌਲਤ ਪਰ ਸਾਡੀ ਸੰਗਠਨਤਾ ਦੀ ਭਾਵਨਾ ਬਣੀ ਰਹੇ ਤਾਂ ਅਸੀਂ ਥੋੜੇ ਸਮੇਂ ਵਿਚ ਇਕ ਹੋਰ ਅਮਰੀਕਾ ਵਸਾ ਦਿਆਂਗੇ ।

ਇਸੇ ਭਾਵ ਨਾਲ ਅਸਾਂ ਸਭ ਤੋਂ ਪਹਿਲਾਂ ਆਪਣਾ ਗੁਟ ਮਜ਼ਬੂਤ ਕਰਨ ਲਈ ਉਪਰਾਲਾ ਸ਼ੁਰੂ ਕੀਤਾ ਸੀ । ਤੁਹਾਨੂੰ ਸਰਕੂਲਰ ਭੇਜੇ, ਮੈਂਬਰਸ਼ਿਪ ਫ਼ਾਰਮ ਭੇਜੇ । ਨਿਜੀ ਤੌਰ ਤੇ ਮਿਲਣ ਦੀ ਕੋਸ਼ਿਸ਼ ਕੀਤੀ। ਤੁਹਾਨੂੰ ਡਾਕਟਰਾਂ, ਇੰਜੀਨੀਅਰਾਂ, ਆਰਕੀਟੈਕਚਰਾਂ, ਅਧਿਆਪਕਾਂ, ਪ੍ਰੋਫੈਸਰਾਂ, ਐਡਵੋਕੇਟਾਂ ਤੇ ਹੋਰ ਚੰਗੇ ਪੜ੍ਹੇ ਲਿਖੇ ਤੇ ਚੰਗੇ ਓਹਦਿਆਂ ਤੇ ਸ਼ੋਸ਼ਭਿਤ ਸਜਣਾ ਦੇ ਨਾਮ ਤੇ ਐਡਰਸ ਭੇਜਣ ਲਈ ਆਖਿਆ । ਤੁਹਾਨੂੰ ਬੇਨਤੀ ਕੀਤੀ ਸੀ ਸਾਨੂੰ ਖਿਡਾਰੀਆਂ, ਲਿਖਾਰੀਆਂ ਤੇ ਸਮਾਜ ਸੇਵਕਾਂ ਦੇ ਨਾਮ ਤੇ ਐਡਰਸ ਲਿਖ ਭੇਜੋ । ਇਥੋਂ ਤਕ ਕੇ ਸਤਿਜੁਗ ਵਿਚ ਵੀ ਕਢਵਾਇਆ ਸੀ ਕਿ ਸਾਨੂੰ ਸਾਰੇ ਨਾਮਧਾਰੀ ਨੌਜੁਆਨ ਆਪ ਆਪਣੇ ਨਾਮ ਤੇ ਪਤੇ ਲਿਖ ਕੇ ਭੇਜਣ । ਪਰ ਧੰਨ ਹੋ ਤੁਸੀਂ ਤੇ ਤੁਹਾਡਾ ਜੇਰਾ, ਜਿੰਨਾ ਨੇ ਸਾਡੀਆਂ ਕੋਸ਼ਿਸ਼ਾਂ ਨੂੰ ਨਕਾਮ ਕੀਤਾ ਹੋਇਆ ਹੈ । ਇਕ ਨਹੀਂ ਚਾਰ ਸਰਕੂਲਰ ਤੁਹਾਨੂੰ ਭੇਜ ਚੁਕੇ ਹਾਂ । ਤੁਹਾਨੂੰ ਨਿਜੀ ਤੌਰ ਤੇ ਮਿਲਣ ਤੇ ਵੀ ਅਜੇ ਤਕ ਨਾ ਤਾਂ ਤੁਸਾਂ ਆਪਣੇ ਮੈਂਬਰਸ਼ਿਪ ਫਾਰਮ ਭਰ ਕੇ ਭੇਜੇ ਹਨ ਤੇ ਨਾ ਹੀ ਲਿਸਟਾਂ ਬਣਾਕੇ ਭੇਜੀਆਂ ਹਨ। ਤੁਹਾਡੀ ਇਸ ਅਣਗਹਿਲੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਅਸੀਂ—

(1) ਤੁਹਾਨੂੰ ਧਰਮ ਸਬੰਧੀ ਲੈਕਚਰ ਨਹੀਂ ਭੇਜ ਸਕੇ ।

(2) 'ਵਿਦਿਅਕ ਕਾਨਫ੍ਰੰਸ ਜੋ ਮਾਰਚ ਵਿਚ ਬੁਲਾਣੀ ਸੀ, ਨਹੀਂ ਬੁਲਾ ਸਕੇ ।

(3) Identity card ਨਹੀਂ ਦੇ ਸਕੇ ।

(4) ਮੈਂਬਰ-ਬੁੱਕ ਨਹੀਂ ਛਪਵਾ ਸਕੇ ।

ਸੋ ਇਕ ਵਾਰ ਫੇਰ ਬੇਨਤੀ ਹੈ ਕਿ ਇਹ ਸਰਕੂਲਰ ਮਿਲਦੇ ਸਾਰ ਸਾਨੂੰ ਆਪੋ ਆਪਣੇ ਮੈਂਬਰਸ਼ਿਪ ਫ਼ਾਰਮ ਭਰ ਕੇ ਭੇਜੋ । ਪ੍ਰਧਾਨ ਤੇ ਸਕੱਤਰ ਆਪਣੇ ਆਪਣੇ ਜਥੇ ਦੀ ਲਿਸਟ ਬਣਾ ਕੇ ਭੇਜਣ ।

ਸਾਨੂੰ ਇਹ ਪਤਾ ਦਿਓ ਕੇ ਤੁਹਾਡੇ ਸ਼ਹਿਰ ਵਿਚ ਸਕੂਲਾਂ ਤੇ ਕਾਲਜਾਂ ਵਿਚ ਛੁਟੀਆਂ ਕਦੋਂ ਹੋ ਰਹੀਆਂ ਹਨ ਤਾਂ ਜੁ ਵਾਰਸ਼ਿਕ ਸੰਮੇਲਨ ਦੀਆਂ ਤਰੀਕਾਂ ਮਿਥੀਆਂ ਜਾ ਸਕਣ ਤੇ ਹੋਰ ਪ੍ਰੋਗਰਾਮ ਉਲੀਕਿਆ ਜਾ ਸਕੇ ।

Sri Satguru Jagjit Singh Ji Elibrary NamdhariElibrary@gmail.com

ਕੇਂਦਰ ਦੀ ਰਿਪੋਰਟ– ਸਾਡੀ ਇਹ ਕੋਸ਼ਿਸ਼ ਰਹੀ ਹੈ ਕਿ ਕੇਂਦਰ ਕੀ ਕਰ ਰਿਹਾ ਤੇ ਤੁਸੀਂ ਕੀ ਕਰ ਰਹੇ ਅਤੇ ਕੀ ਕਰਨਾ ਹੈ, ਤੁਹਾਨੂੰ ਰਿਪੋਰਟ ਦੇਂਦੇ ਰਹੀਏ।

(1) ਇਹ ਆਮ ਲੋੜ ਮਹਿਸੂਸ ਕੀਤੀ ਜਾਂਦੀ ਸੀ ਕਿ ਮੇਲਿਆਂ ਤੇ ਲੋੜ ਪੈਣ ਤੇ ਡਾਕਟਰ ਨਹੀਂ ਲਭਦੇ। ਇਸ ਵਾਰ ਅਸੂ ਦੇ ਜੱਪ ਪ੍ਰਯੋਗ ਤੇ ਕੇਂਦਰ ਵਲੋਂ ਇਕ ਮੁਫਤ ਡਾਕਟਰੀ ਕੈਂਪ ਲਗਾਇਆ ਗਿਆ। ਜਿਸ ਤੋਂ ਕਰੀਬ 600 ਮਰੀਜ਼ਾਂ ਨੇ ਦਵਾਈ ਲਈ। ਡਾ: ਅਵਤਾਰ ਸਿੰਘ (ਲੁਧਿਆਣਾ) ਤੇ ਡਾ: ਜੈ ਇੰਦਰ ਸਿੰਘ (ਮੰਡੀ) ਵਾਲਿਆਂ ਤੇ ਖੂਬ ਸੇਵਾ ਕੀਤੀ।

(2) ਇਸ ਵਾਰ ਕੇਂਦਰ ਵਲੋਂ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ, ਨਾਮਧਾਰੀ ਸੰਗਤ ਲੁਧਿਆਣਾ ਦੇ ਉਦਮ ਤੇ ਸਹਿਯੋਗ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਬਸੰਤ ਤੇ 18 ਜਨਵਰੀ 1983 ਦਿਨ ਮੰਗਲਵਾਰ ਨੂੰ ਪਹਿਲੀ ਵਾਰ ਇਕ ਮਹਾਨ ਨਗਰ ਕੀਰਤਨ (ਜਲੂਸ) ਕਢਿਆ ਗਿਆ ਜਿਸ ਵਿਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿਲੀ, ਜੰਮੂ-ਕਸ਼ਮੀਰ ਤੇ ਦੇਸ਼ ਦੇ ਹੋਰ ਭਾਗਾਂ ਤੋਂ ਆਏ ਨਾਮਧਾਰੀਆਂ ਨੇ ਭਾਗ ਲਿਆ ਇਸਦੀ ਵਿਸ਼ੇਸ਼ਤਾ ਇਹ ਸੀ ਕਿ—

(ੳ) ਭਾਵੇਂ ਇਹ ਜਲੂਸ ਨਾਮਧਾਰੀਆਂ ਵਲੋਂ ਆਯੋਜਤ ਸੀ ਪਰ ਇਹ ਇਕ ਸਰਵ ਧਰਮ ਨਗਰ ਕੀਰਤਨ (ਜਲੂਸ) ਬਣ ਗਿਆ ਕਿਉਂਕਿ ਇਸ ਵਿਚ ਆਰੀਆ ਸਮਾਜ, ਸਿਧ ਪੀਰ ਉਦਾਸੀਨ, ਡੇਰੇ ਵਾਲੇ, ਮੁਸਲਮਾਨ, ਅਕਾਲੀ, ਨਿਹੰਗ ਸਿੰਘ, ਭਾਟੜਾ ਬਰਾਦਰੀ, ਕਸ਼ਤਰੀ ਬੀਰ ਸਭਾ, ਰਾਮਗੜੀਆਂ ਫੈਡਰੇਸ਼ਨ ਤੇ ਹੋਰ ਸਾਰੇ ਸੰਤਾ ਮਹਾਂ ਪੁਰਸ਼ਾਂ ਦੇ ਜਥੇ ਸ਼ਾਮਲ ਹੋਏ।

(ਅ) ਇਸ ਦੀ ਵਿਸ਼ੇਸ਼ਤਾ ਇਸ ਵਿਚ ਵੀ ਹੈ ਕਿ ਜਦੋਂ ਕਾਂਗਰਸ, ਅਕਾਲੀ ਤੇ ਜਨਤਾ ਪਾਰਟੀ ਦੇ ਨੇਤਾ ਗਣ ਵੀ ਇਸ ਵਿਚ ਸ਼ਾਮਲ ਹੋਏ ਪਰ ਸਾਰੇ ਰਸਤੇ ਕਿਸੇ ਕਿਸਮ ਦੀ ਰਾਜਨੀਤਿਕ ਨਾਅਰੇ-ਬਾਜ਼ੀ ਜਾਂ ਪ੍ਰਾਪੇਗੰਡਾ ਨਹੀਂ ਹੋਇਆ।

(ੲ) **ਨਵੇਂ ਵਿਦਿਅਕ ਜੱਥਿਆਂ ਦੀ ਸਥਾਪਨਾ**—ਅਸੂ ਦੇ ਜੱਪ ਪ੍ਰਯੋਗ ਤੋਂ ਬਾਅਦ ਹੇਠ ਲਿਖਿਆ ਜੱਥਿਆਂ ਦੀ ਸਥਾਪਨਾ ਕੀਤੀ ਗਈ—

(1)	ਫਗਵਾੜਾ :	ਪ੍ਰਧਾਨ	:	ਸ: ਜਸਬੀਰ ਸਿੰਘ (B. A.)
		ਸਕੱਤਰ	:	ਸ: ਗੁਰਮੇਲ ਸਿੰਘ (B. Com. II year)
(2)	ਅਮਰੋਹਾ :	ਪ੍ਰਧਾਨ	:	ਸ: ਨਰਿੰਦਰ ਸਿੰਘ (Inter)
		ਸਕੱਤਰ	:	ਸ: ਹਰਜੀਤ ਸਿੰਘ (Inter)
(3)	ਜ਼ਿਲਾ ਬਰੇਲੀ :	ਪ੍ਰਧਾਨ	:	ਸ: ਭਗਤ ਸਿੰਘ (Inter)
		ਸਕੱਤਰ	:	ਸ: ਅਜੀਤ ਸਿੰਘ (B. A)
(4)	ਫਰੀਦਾ ਬਾਦ :	ਪ੍ਰਧਾਨ	:	ਸ: ਮੋਹਨ ਸਿੰਘ ਜੀ (Inter)
		ਸਕੱਤਰ	:	ਸ: ਕਰਮ ਸਿੰਘ ਜੀ
(5)	ਸਾਹਿਬਾ ਬਾਦ :	ਪ੍ਰਧਾਨ	:	ਸ: ਲੱਖਾ ਸਿੰਘ ਜੀ
		ਸਕੱਤਰ	:	ਸ: ਜਗਪਾਲ ਸਿੰਘ
(6)	ਚੰਡੀਗੜ੍ਹ :	ਪ੍ਰਧਾਨ	:	ਪ੍ਰੋ. ਹਰਿੰਦਰ ਸਿੰਘ (M. E.)
		ਸਕੱਤਰ	:	ਸ: ਚੰਨਣ ਸਿੰਘ

Sri Satguru Jagjit Singh Ji Elibrary NamdhariElibrary@gmail.com

Approved by Department of
Agricultural Punjab Government

High Class Manufacturers :

- QUALITY WHEAT THRASHERS
- MARE SHELLERS
- FERTI SEED DRILLS AND OTHER AGRICULTURAL IMPLEMENTS.





Trade **"JASPAL"** *Mark*



ਖੇਤੀ ਬਾੜੀ ਦਾ ਵਧੀਆ ਸਾਜ਼ ਸਮਾਨ
ਅਤੇ ਮਸ਼ੀਨਾਂ ਬਨਾਉਣ ਵਾਲੇ

Grams ; **'Habi Industries'**
Phone : 2737

HABI INDUSTRIES (Regd.)

10, Industrial Area,
PHAGWARA-1.

Sri Satguru Jagjit Singh Ji Elibrary NamdhariElibrary@gmail.com

JANTA

HYDRAULIC PRESSES

- Knowa for trouble free service
- More out put with less cost
- Satisfaction guaranteed
- Easy to operate
- Simple to maintain









JEW

JANTA ENGINEERING WORKS
G T. ROAD, P.O. MOHAN NAGAR
RAJINDER NAGAR INDUSTRIAL AREA
GHAZIABAD (INDIA)
PHONE . 201286 (CONNECTED WITH DELHI)

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

HIND

Hydraulic Presses



Manufacturers for :

Pressure Cooker, Harrow Discs, Rim Plates and Brake Linings
Also for General Moulded Rubber Goods and Straightening,
Bending, Pressing etc.

HIND ENGINEERING WORKS

Industrial Area, Rajinder Nagar,
P.O. Mohan Nagar, GHAZIABAD.

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਭਾਰਤ ਵਿਚ ਸਭ ਤੋਂ ਵੱਧ ਵਿਕਣ ਵਾਲੇ ਬਿਸਕੁਟ

ਅਸੋਕਾ ਬਿਸਕੁਟ

ਤੇ ਵਧੀਆ ਸਵਾਦ ਲਈ

ਦੁੱਧ, ਕਣਕ, ਖੰਡ ਅਤੇ ਗੁਲੂਕੋਜ਼ ਦੇ ਸਵਾਦ ਅਤੇ ਪੌਸਟਿਕ ਵਿਟਾਮਿਨਾਂ ਨਾਲ ਭਰਪੂਰ

ਅਸੋਕਾ ਬਿਸਕੁਟ



Enjoy Asoka Glucose Milk Biscuits
(Made by German Automatic Machines)

Crispy and Tasty

A Product From

THE ASOKA BISCUIT WORKS

HYDERABAD (A. P.)

For Trade Enquiries:

Sri Hari Partap Trading Centre

6-7 A, Sarojani Park, Shastri Nagar, DELHI-31

Phones : 565693, 212667

Sri Satguru Jagjit Singh Ji Elibrary NamdhariElibrary@gmail.com

Your Always
1st Choice
EXPORT QUALITY
& Highly
Dependable

TEG
BRAND

PRODUCTS

- Universal Joint Crosses
- Universal Joint Cross Balls
- Clutch Lever Kits
- Clutch Plates



Manufactured under strict quality control in Modern Plant

TRADE INQUARIES WELCOMED

Manufacturers :

M.I.S. AUTO INDUSTRIES

Factory : H-15, Bali Nagar, NEW DELHI-110015. Phone : 588327

Head Office : 455, Gali Rajan Kalan, Kashmere Gate, DELHI 110006.

Sri Satguru Jagjit Singh Ji Elibrary NamdhariElibrary@gmail com

ੴ

With best compliments from :



Sri Satguru Jagjit Singh Ji Elibrary NamdhariElibrary@gmail.com

ਸਮੇਂ ਅਤੇ ਪੈਸਾ ਬਚਾਵੇ
ਜੀਵਨ ਦਾ ਸਾਥ ਨਿਭਾਵੇ
ਖਾਣਾ ਐਸਾ ਬਣਾਵੇ
ਜੋ ਖਾਵਣ ਨੂੰ ਜੀ ਲਲਚਾਵੇ



ਪ੍ਰਿਆ ਪ੍ਰੈਸ਼ਰ ਕੁਕਰ

ਬਾਲਣ ਖਰਚ ਘਟ

ਪੰਜ ਸਾਲ ਦੀ ਗਾਰੰਟੀ ***(5 years Guarantee)***

Distributors :

N. J. INDUSTRIES

F-99 Bali Nagar,
New-DELHI-110005

Sri Satguru Jagjit Singh Ji Elibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

Phones : **Office : 269656**
: 275938
Resi. : 213054

ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਾਰੰਟੀ ਸ਼ੁਦਾ ਪੱਕੇ ਰੰਗਾਂ
ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ
ਦੇ ਫ਼ਰਨੀਚਰ ਲਈ ਪਧਾਰੋ ਜਾਂ ਲਿਖੋ :

ਨਾਮਧਾਰੀ ਏਜੰਸੀਜ਼

2/2068 ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਕ, ਦਿਲੀ-110006.

Manufacturers & Suppliers of :
Tukridar Printed Shamianas & Kanats
For all kinds, in Attractive and Guranteed Fast Colours,
Wooden & Steel Furnitures

Please Contact :

NAMDHARI AGENCIES

2/2068, Chah Andara,
(Behind Jubilee Cinema),
Chandni Chowk, DELHI-110006.

ਦਲੀਪ ਸਿੰਘ ਨਾਮਧਾਰੀ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ
ਤੋਂ ਛਪਵਾ ਕੇ ਦਫ਼ਤਰ ਨਿਰੀਖਿਅਕ E-25, ਫੋਕਲ ਪੁਆਇੰਟ ਲੁਧਿਆਣਾ-10 ਤੋਂ ਪ੍ਰਕਾਸ਼ਤ ਕੀਤਾ ।

Sri Satguru Jagjit Singh Ji Elibrary NamdhariElibrary@gmail.com

k1-00

Sri Satguru Jagjit Singh Ji Elibrary NamdhariElibrary@gmail.com